30-JAN-PAGE-1.qxd 1/29/2026 9:12 PM Page 1


ਸ਼ੁੱਕਰਵਾਰ, 30 ਜਨਵਰੀ, 2026

17 ਮਾਘ { ਨਾਨਕਸ਼ਾਹੀ 557 / ਬਿਕਰਮੀ 2082

ਜਿਲਦ/VOL. : 74

ਅੰਕ/NO. : 240

ਰੋਜ਼ਾਨਾ

# ਨਵਾਂ ਜ਼ਮਾਨਾ

DAILY NAWAN ZAMANA • FRIDAY, 30 JANUARY, 2026

ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ  Regd. No : L-4/Pb-JL-0023/2024-26, (R.N.I.)-00068/57  E-mail : nawanzamana@gmail.com  www.nawanzamana.in  ਸਫ਼ੇ : 12


## ਪੰਜਾਬ ਸਰਕਾਰ ਵੱਡੇ ਪੱਧਰ 'ਤੇ ਮਨਾਏਗੀ ਸ੍ਰੀ ਗੁਰੂ ਰਵਿਦਾਸ ਦਾ 650ਵਾਂ ਪ੍ਰਕਾਸ਼ ਪੁਰਬ



**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**

ਪੰਜਾਬ ਸਰਕਾਰ ਸ੍ਰੀ ਗੁਰੂ ਰਵਿਦਾਸ ਜੀ ਦਾ 650ਵਾਂ ਪ੍ਰਕਾਸ਼ ਪੁਰਬ ਵੱਡੇ ਪੱਧਰ 'ਤੇ ਮਨਾਏਗੀ। ਸਾਲ ਭਰ ਚੱਲਣ ਵਾਲੇ ਇਹ ਸਮਾਗਮ ਸੰਤਾਂ, ਮਹਾਂਪੁਰਸ਼ਾਂ ਤੇ ਧਾਰਮਿਕ ਸੰਪਰਦਾਵਾਂ ਦੀ ਅਗਵਾਈ ਵਿੱਚ ਹੋਣਗੇ।ਇਨ੍ਹਾਂ ਸਮਾਗਮਾਂ ਦਾ ਆਰੰਭ 4 ਫਰਵਰੀ ਨੂੰ ਖੁਰਾਲਗੜ੍ਹ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਨਾਲ ਹੋਵੇਗਾ ਅਤੇ ਇਨ੍ਹਾਂ ਸਮਾਗਮਾਂ ਦੀ ਸਮਾਪਤੀ ਫਰਵਰੀ 2027 ਵਿੱਚ ਹੋਵੇਗੀ। ਨਵੰਬਰ ਵਿੱਚ ਖੁਰਾਲਗੜ੍ਹ ਸਾਹਿਬ ਵਿਖੇ ਕਥਾ ਕੀਰਤਨ ਦਰਬਾਰ ਅਤੇ ਬੇਗਮਪੁਰਾ ਸਮਾਗਮ ਹੋਵੇਗਾ, ਜਿਸ ਵਿੱਚ ਧਾਰਮਿਕ ਤੇ ਹੋਰ ਸ਼ਖਸੀਅਤਾਂ ਵੀ ਸ਼ਮੂਲੀਅਤ ਕਰਨਗੀਆਂ।

ਕੈਬਨਿਟ ਸਬ-ਕਮੇਟੀ ਦੇ ਚੇਅਰਮੈਨ ਹਰਪਾਲ ਸਿੰਘ ਚੀਮਾ ਦੀ ਪ੍ਰਧਾਨਗੀ ਵਿੱਚ ਵੀਰਵਾਰ ਇੱਥੇ ਹੋਈ ਕਮੇਟੀ ਦੀ ਪਲੇਠੀ ਮੀਟਿੰਗ ਵਿੱਚ ਕੈਬਨਿਟ ਮੰਤਰੀ ਲਾਲ ਚੰਦ ਕਟਾਰੂ ਚੱਕ, ਤਰੁਨਪ੍ਰੀਤ ਸਿੰਘ ਸੌਂਦ, ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ, ਸੱਭਿਆਚਾਰਕ ਮਾਮਲਿਆਂ ਦੇ ਸਲਾਹਕਾਰ ਦੀਪਕ ਬਾਲੀ, ਸਕੱਤਰ ਟੂਰਿਜ਼ਮ ਕੁਮਾਰ ਅਮਿਤ, ਡਾਇਰੈਕਟਰ ਟੂਰਿਜ਼ਮ ਡਾ. ਸੰਜੀਵ ਤਿਵਾੜੀ ਹਾਜ਼ਰ ਸਨ। ਮੀਟਿੰਗ ਵਿੱਚ ਸੰਤ ਨਿਰਮਲ ਦਾਸ, ਸੰਤ ਇੰਦਰ ਦਾਸ, ਸੰਤ ਜਗੀਰ ਸਿੰਘ, ਸਤਿਆਵਾਨ, ਕ੍ਰਿਸ਼ਨ ਕੁਮਾਰ ਤੇ ਰਾਜ ਕਪੂਰ ਡੇਰਾ ਬੱਲਾਂ, ਬੀਬੀ ਸੰਤੋਸ਼ ਕੁਮਾਰੀ, ਸਕਾਲਰ ਡਾ. ਰਾਜ ਕੁਮਾਰ ਹੰਸ, ਡਾ. ਸੋਮਾ ਅਤਰੀ ਤੇ ਵਿਜੇ ਆਦਿ ਨੇ ਸ਼ਮੂਲੀਅਤ ਕੀਤੀ।

ਚੀਮਾ ਨੇ ਦੱਸਿਆ ਕਿ ਪੰਜਾਬ ਭਰ 'ਚ ਪਿੰਡ-ਪਿੰਡ ਫਰਵਰੀ 27 ਤੋਂ ਫਰਵਰੀ 2027 ਤੱਕ ਸਮਾਗਮ ਕਰਵਾਏ ਜਾਣਗੇ। ਉਨ੍ਹਾ ਦੱਸਿਆ ਕਿ ਸੈਮੀਨਾਰ ਤੇ ਵਰਕਸ਼ਾਪਾਂ, ਵਿਸ਼ੇਸ਼ ਕੀਰਤਨ ਸਮਾਗਮ, ਤੀਰਥ ਯਾਤਰਾ, ਸਕੂਲ ਪੱਧਰੀ ਮੁਕਾਬਲੇ, ਡਾਕੂਮੈਂਟਰੀ ਸ਼ੋਅ, ਡਰੋਨ ਸ਼ੋਅ, ਗੁਰੂ ਜੀ ਦਾ ਯਾਦਗਾਰੀ ਸਿੱਕਾ ਜਾਰੀ ਕਰਨਾ, ਖ਼ੂਨਦਾਨ ਕੈਂਪ, ਪਲਾਂਟੇਸ਼ਨ ਮੁਹਿੰਮ, ਮੈਰਾਥਨ, ਸ਼ੋਭਾ ਯਾਤਰਾ, ਸਾਈਕਲ ਰੈਲੀਆਂ ਆਦਿ ਸਮਾਗਮਾਂ ਦੀ ਤਜਵੀਜ਼ ਬਣਾਈ ਗਈ ਹੈ, ਜੋ ਸੰਤਾਂ, ਮਹਾਂਪੁਰਸ਼ਾਂ ਤੇ ਮਾਹਰਾਂ ਦੀ ਸਲਾਹ ਨਾਲ ਹੀ ਮਨਾਏ ਜਾਣਗੇ।ਚੀਮਾ ਨੇ • ਬਾਕੀ ਸਫਾ 2 'ਤੇ

## ਭਾਜਪਾ ਚੰਡੀਗੜ੍ਹ ਦੇ ਮੇਅਰ ਸਮੇਤ 3 ਪ੍ਰਮੁੱਖ ਅਹੁਦਿਆਂ 'ਤੇ ਕਾਬਜ਼

**ਚੰਡੀਗੜ੍ਹ** : ਵੀਰਵਾਰ ਭਾਜਪਾ ਨੇ ਸਥਾਨਕ ਨਗਰ ਨਿਗਮ ਦੇ ਮੇਅਰ, ਸੀਨੀਅਰ ਡਿਪਟੀ ਮੇਅਰ ਤੇ ਡਿਪਟੀ ਮੇਅਰ ਦੇ ਅਹੁਦਿਆਂ ਦੀ ਚੋਣ ਜਿੱਤੀ। ਭਾਜਪਾ ਦੇ ਸੌਰਭ ਜੋਸ਼ੀ ਚੰਡੀਗੜ੍ਹ ਨਗਰ ਨਿਗਮ ਦੇ ਨਵੇਂ ਮੇਅਰ ਬਣ ਗਏ ਹਨ। ਇਸ ਸਬੰਧੀ ਚੋਣ ਬੈਲੇਟ ਪੇਪਰ ਦੀ ਥਾਂ ਹੱਥ ਖੜ੍ਹੇ ਕਰਵਾ ਕੇ ਕਰਵਾਈ ਗਈ। ਸੌਰਭ ਜੋਸ਼ੀ ਦੇ ਹੱਕ ਵਿਚ 18 ਕੌਂਸਲਰਾਂ ਨੇ ਹੱਥ ਖੜ੍ਹੇ ਕਰ ਕੇ ਸਮਰਥਨ ਦਿੱਤਾ। ਕਾਂਗਰਸ ਦੇ ਗੁਰਪ੍ਰੀਤ ਸਿੰਘ ਗਾਬੀ ਦੇ ਹੱਕ ਵਿਚ ਸੰਸਦ ਮੈਂਬਰ ਸਣੇ 7 ਕੌਂਸਲਰਾਂ ਨੇ ਹੱਥ ਖੜ੍ਹੇ ਕੀਤੇ। ਇਸ ਤਰ੍ਹਾਂ ਹੀ ਆਮ ਆਦਮੀ ਪਾਰਟੀ ਦੇ ਯੋਗੇਸ਼ ਢੀਂਗਰਾ ਦੇ ਹੱਕ ਵਿਚ 11 ਕੌਂਸਲਰਾਂ ਨੇ ਹੱਥ ਖੜ੍ਹੇ ਕੀਤੇ। ਭਾਜਪਾ ਦੇ ਜਸਮਨਪ੍ਰੀਤ ਸਿੰਘ ਸੀਨੀਅਰ ਡਿਪਟੀ ਮੇਅਰ ਬਣ ਗਏ ਹਨ। ਭਾਜਪਾ ਦੇ 18 ਕੌਂਸਲਰਾਂ ਨੇ ਹੱਥ ਖੜ੍ਹੇ ਕਰ ਕੇ ਉਨ੍ਹਾ ਦੇ ਹੱਕ ਵਿਚ ਵੋਟ ਪਾਈ।

## ਭਾਰਤ-ਈ ਯੂ ਵਪਾਰ ਸਮਝੌਤਾ ਦੇਸ਼ ਦੇ ਹਿੱਤ 'ਚ ਨਹੀਂ : ਸੀ ਪੀ ਆਈ

**ਲੁਧਿਆਣਾ (ਐੱਮ ਐੱਸ ਭਾਟੀਆ)**

ਕਮਿਊਨਿਸਟ ਪਾਰਟੀ ਆਫ਼ ਇੰਡੀਆ (ਸੀ ਪੀ ਆਈ) ਦੇ ਸਕੱਤਰੇਤ ਨੇ ਜਾਰੀ ਬਿਆਨ ਵਿੱਚ ਕਿਹਾ ਹੈ ਕਿ ਸੀ ਪੀ ਆਈ ਭਾਰਤ-ਯੂਰਪੀ ਯੂਨੀਅਨ (ਈ ਯੂ) ਵਿਚਕਾਰ ਖੁੱਲ੍ਹੇ ਵਪਾਰ ਸਮਝੌਤੇ (ਐੱਫ ਟੀ ਏ) ਦਾ ਖੁੱਲ੍ਹ ਕੇ ਵਿਰੋਧ ਕਰਦੀ ਹੈ।ਮੌਜੂਦਾ ਰੂਪ ਵਿੱਚ ਇਹ ਸਮਝੌਤਾ ਭਾਰਤ ਦੀ ਆਰਥਿਕ ਪ੍ਰਭੂਸੱਤਾ

### ਰਾਸ਼ਟਰੀ ਪ੍ਰਭੂਸੱਤਾ ਅਧਿਕਾਰਾਂ 'ਤੇ ਹਮਲਾ ਸਵੀਕਾਰ ਨਹੀਂ

ਸੰਪੰਨ, ਰਣਨੀਤਕ ਖੁਦਮੁਖਤਿਆਰੀ ਅਤੇ ਨਾਗਰਿਕਾਂ ਦੀ ਭਲਾਈ ਲਈ ਗੰਭੀਰ ਖ਼ਤਰਾ ਹੈ।ਯੂਰਪੀ ਯੂਨੀਅਨ ਦੀਆਂ ਮੰਗਾਂ, ਜਿਨ੍ਹਾਂ ਵਿੱਚ ਬੌਧਿਕ ਸੰਪਦਾ ਅਧਿਕਾਰ (ਇੰਟਲੈਕਚੁਅਲ ਪ੍ਰੋਪਰਟੀ ਰਾਈਟ), ਸਰਕਾਰੀ ਖਰੀਦਦਾਰੀ, ਖੇਤੀਬਾੜੀ ਅਤੇ ਨਿਯਮਕ ਮਿਆਰ (ਰੈਗੂਲੇਟਰੀ ਸਟੈਂਡਰਡਜ਼) ਸ਼ਾਮਲ ਹਨ, ਭਾਰਤ ਦੀ ਵਿਕਾਸ ਨੀਤੀ, ਉਦਯੋਗਿਕ ਵਿਕਾਸ ਅਤੇ ਜਨ-ਹਿੱਤ ਲਈ ਨੀਤੀਗਤ ਗੁੰਜਾਇਸ਼ ਨੂੰ ਸਥਾਈ ਤੌਰ 'ਤੇ ਸੀਮਿਤ ਕਰਨ ਦੀ ਕੋਸ਼ਿਸ਼ ਹਨ, ਜੋ ਸਾਡੇ ਰਾਸ਼ਟਰੀ ਪ੍ਰਭੂਸੱਤਾ ਅਧਿਕਾਰਾਂ ਉੱਤੇ ਅਸਵੀਕਾਰਯੋਗ ਹਮਲਾ ਹੈ।

ਖ਼ਾਸ ਕਰਕੇ, ਇਹ ਸਮਝੌਤਾ ਭਾਰਤ • ਬਾਕੀ ਸਫਾ 2 'ਤੇ

## ਯੂ ਜੀ ਸੀ ਦੇ ਨਵੇਂ ਨਿਯਮਾਂ 'ਤੇ ਰੋਕ

**ਨਵੀਂ ਦਿੱਲੀ** : ਦੇਸ਼ ਦੀ ਸਰਵ ਉੱਚ ਅਦਾਲਤ ਨੇ ਯੂਨੀਵਰਸਿਟੀ ਗਰਾਂਟਸ ਕਮਿਸ਼ਨ (ਯੂ ਜੀ ਸੀ) ਦੇ ਨਵੇਂ ਨਿਯਮਾਂ 'ਤੇ ਅਗਲੇ ਹੁਕਮਾਂ ਤਕ ਰੋਕ ਲਾ ਦਿੱਤੀ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਇਨ੍ਹਾਂ ਨਿਯਮਾਂ ਦੀ ਦੁਰਵਰਤੋਂ ਹੋ ਸਕਦੀ ਹੈ, ਇਸ ਕਰ ਕੇ ਕੇਂਦਰ ਸਰਕਾਰ ਇਨ੍ਹਾਂ ਨਿਯਮਾਂ ਦਾ ਨਵੇਂ ਸਿਰੇ ਤੋਂ ਖਾਕਾ ਤਿਆਰ ਕਰੇ। ਸੁਪਰੀਮ ਕੋਰਟ ਨੇ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂ ਜੀ ਸੀ) ਖਿਲਾਫ਼ ਦਾਇਰ ਕਈ ਪਟੀਸ਼ਨਾਂ 'ਤੇ ਸੁਣਵਾਈ ਕੀਤੀ। ਇਨ੍ਹਾਂ ਪਟੀਸ਼ਨਾਂ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਕਮਿਸ਼ਨ ਨੇ ਜਾਤੀ-ਆਧਾਰਤ ਵਿਤਕਰੇ ਵਾਲੀ ਨੀਤੀ ਅਪਣਾਈ ਹੈ ਅਤੇ ਕੁਝ ਵਰਗਾਂ ਨੂੰ ਸੁਰੱਖਿਆ ਮਾਪਦੰਡਾਂ ਤੋਂ ਬਾਹਰ ਰੱਖਿਆ ਹੈ। ਚੀਫ ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਜੇ. ਬਾਗਚੀ ਦੇ ਬੈਂਚ ਨੇ ਇਨ੍ਹਾਂ ਨਿਯਮਾਂ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ 'ਤੇ ਕੇਂਦਰ ਅਤੇ ਯੂ ਜੀ ਸੀ ਨੂੰ ਨੋਟਿਸ ਜਾਰੀ ਕੀਤੇ। ਹੁਣ ਇਸ ਮਾਮਲੇ 'ਤੇ 19 ਮਾਰਚ • ਬਾਕੀ ਸਫਾ 2 'ਤੇ

## ਜਲੰਧਰ ਦੀ ਹੱਦ ਵਿੱਚ ਆਉਂਦੇ ਸਾਰੇ ਸਕੂਲਾਂ 'ਚ 31 ਨੂੰ ਛੁੱਟੀ

**ਜਲੰਧਰ (ਸੁਰਿੰਦਰ ਕੁਮਾਰ, ਰਾਜੇਸ਼ ਥਾਪਾ)**-ਸ੍ਰੀ ਗੁਰੂ ਰਵਿਦਾਸ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਕੱਢੀ ਜਾਣ ਵਾਲੀ ਵਿਸ਼ਾਲ ਸ਼ੋਭਾ ਯਾਤਰਾ ਦੇ ਮੱਦੇਨਜ਼ਰ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਜ਼ਿਲ੍ਹਾ ਜਲੰਧਰ ਦੀ ਹੱਦ ਅੰਦਰ ਆਉਂਦੇ ਸਾਰੇ ਸਰਕਾਰੀ/ਗੈਰ ਸਰਕਾਰੀ ਸਕੂਲਾਂ/ਕਾਲਜਾਂ ਵਿੱਚ 31 ਜਨਵਰੀ 2026 • ਬਾਕੀ ਸਫਾ 2 'ਤੇ

## ਥਰੂਰ ਨੇ ਖੜਗੇ ਤੇ ਰਾਹੁਲ ਨੂੰ ਮਿਲ ਕੇ ਕਿਹਾ, ਸਭ ਚੰਗਾ



**ਨਵੀਂ ਦਿੱਲੀ** : ਕਾਂਗਰਸ ਪਾਰਟੀ ਅੰਦਰ ਉਭਰੇ ਮਤਭੇਦਾਂ ਵਿਚਾਲੇ ਕਾਂਗਰਸ ਦੇ ਸੰਸਦ ਮੈਂਬਰ ਸ਼ਸ਼ੀ ਥਰੂਰ ਨੇ ਪਾਰਟੀ ਪ੍ਰਧਾਨ ਮਲਿਕਾਰਜੁਨ ਖੜਗੇ ਅਤੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨਾਲ ਮੁਲਾਕਾਤ ਕੀਤੀ। ਇਸ ਮੌਕੇ ਥਰੂਰ ਨੇ ਕਿਹਾ ਕਿ ਸਭ ਠੀਕ ਹੈ ਅਤੇ ਉਹ ਪਾਰਟੀ ਲੀਡਰਸ਼ਿਪ ਨਾਲ ਇੱਕਜੁਟ ਹਨ। ਇਹ ਮੀਟਿੰਗ ਖੜਗੇ ਦੇ ਚੈਂਬਰ ਵਿੱਚ ਇਕ ਘੰਟੇ ਤੋਂ ਵੱਧ ਸਮਾਂ ਚੱਲੀ। ਸੂਤਰਾਂ ਮੁਤਾਬਕ ਕਾਂਗਰਸ ਦੇ ਜਨਰਲ ਸਕੱਤਰ ਕੇ ਸੀ ਵੇਣੂਗੋਪਾਲ ਵੀ ਇਸ ਮੀਟਿੰਗ ਵਿੱਚ ਸ਼ਾਮਲ ਹੋਏ। ਮੀਟਿੰਗ ਬਾਅਦ ਥਰੂਰ ਨੇ ਕਿਹਾ, 'ਸਭ ਠੀਕ ਹੈ। ਅਸੀਂ ਪਾਰਟੀ ਲੀਡਰਸ਼ਿਪ ਨਾਲ ਇੱਕਜੁਟ ਹਾਂ। ਮੀਟਿੰਗ 'ਚ ਰਚਨਾਤਮਕ ਅਤੇ ਸਕਾਰਾਤਮਕ ਗੱਲਬਾਤ ਹੋਈ।' ਉਨ੍ਹਾ ਕਿਹਾ, 'ਮੈਂ ਕਿਸੇ ਚੀਜ਼ ਲਈ ਉਮੀਦਵਾਰ ਬਣਨ ਵਿੱਚ ਦਿਲਚਸਪੀ ਨਹੀਂ ਰੱਖਦਾ। ਮੈਂ ਪਹਿਲਾਂ ਹੀ ਐੱਮ ਪੀ ਹਾਂ ਅਤੇ ਮੇਰੇ ਵੋਟਰਾਂ ਦਾ ਭਰੋਸਾ ਮੇਰੇ ਉੱਤੇ ਹੈ। ਸੰਸਦ ਵਿੱਚ ਉਨ੍ਹਾਂ ਦੇ ਹਿੱਤਾਂ ਦੀ ਸੰਭਾਲ ਕਰਨਾ ਮੇਰਾ ਕੰਮ ਹੈ।' ਪਿਛਲੇ ਹਫ਼ਤੇ ਥਰੂਰ ਕੇਰਲ ਚੋਣਾਂ ਲਈ ਪਾਰਟੀ ਦੀ ਮੁੱਖ ਸਿਆਸੀ ਬੈਠਕ ਵਿੱਚ ਸ਼ਾਮਿਲ ਨਹੀਂ ਹੋਏ ਸੀ। ਸੂਤਰਾਂ ਮੁਤਾਬਕ ਇਹ ਨਾਰਾਜ਼ਗੀ ਰਾਹੁਲ ਗਾਂਧੀ ਵੱਲੋਂ ਉਨ੍ਹਾਂ ਦ ੀ • ਬਾਕੀ ਸਫਾ 2 'ਤੇ

## ਰਿਸ਼ਵਤ ਮਾਮਲੇ 'ਚ 4 ਪੰਜਾਬੀ ਗ੍ਰਿਫਤਾਰ

**ਵੈਨਕੂਵਰ** : ਪੁਲਸ ਨੇ ਬਰੈਂਪਟਨ ਅਤੇ ਗਰੇਟਰ ਟੋਰਾਂਟੋ ਖੇਤਰ ਦੇ ਸ਼ਹਿਰਾਂ ਵਿੱਚ ਰਿਸ਼ਵਤ ਲੈ ਕੇ ਟਰੱਕ ਡਰਾਈਵਿੰਗ ਟੈਸਟ ਪਾਸ ਕਰਾਉਣ ਦੇ ਦੋਸ਼ ਹੇਠ 4 ਪੰਜਾਬੀਆਂ ਸਮੇਤ ਅੱਠ ਜਣਿਆਂ ਨੂੰ ਗ੍ਰਿਫਤਾਰ ਕੀਤਾ ਹੈ। ਇਹ ਬਰੈਂਪਟਨ ਦੇ ਜਸਪਾਲ ਬੈਨੀਪਾਲ (58), ਹਰਮਨਦੀਪ ਸੂਦਨ (40), ਨਵਦੀਪ ਗਰੇਵਾਲ (36) ਤੇ ਕੈਲੇਡਨ ਦਾ ਮਨਦੀਪ ਮਾਨਾਸ਼ਾਹੀਆ (34) ਹਨ। ਦੋਸ਼ ਲੱਗੇ ਹਨ ਕਿ ਉਹ ਅਯੋਗ ਵਿਅਕਤੀਆਂ ਨੂੰ ਰਿਸ਼ਵਤ ਲੈ ਕੇ ਲਾਇਸੈਂਸ ਹਾਸਲ ਕਰਾਉਣ ਵਿੱਚ ਮਦਦ ਕਰਦੇ ਰਹੇ।

## ਸਕੂਲ ਦਾ ਨਾਂਅ ਕਾਮਰੇਡ ਫੱਕਰ ਦੇ ਨਾਂਅ 'ਤੇ

### 15 ਸਕੂਲਾਂ ਦੇ ਨਾਂਅ ਆਜ਼ਾਦੀ ਘੁਲਾਟੀਆਂ ਤੇ ਸ਼ਹੀਦਾਂ ਦੇ ਨਾਂਅ 'ਤੇ ਰੱਖੇ



**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**- ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਦੇਸ਼ ਦੇ ਮਹਾਨ ਨਾਇਕਾਂ ਦੀ ਵਿਰਾਸਤ ਦੇ ਸਨਮਾਨ ਵਜੋਂ ਸੂਬੇ ਭਰ ਵਿੱਚ 15 ਸਰਕਾਰੀ ਸਕੂਲਾਂ ਦੇ ਨਾਂਅ ਆਜ਼ਾਦੀ ਘੁਲਾਟੀਆਂ ਅਤੇ ਸ਼ਹੀਦਾਂ ਦੇ ਨਾਂਅ 'ਤੇ ਰੱਖਣ ਦਾ ਫੈਸਲਾ ਕੀਤਾ ਗਿਆ ਹੈ। ਬੈਂਸ ਨੇ ਦੱਸਿਆ ਕਿ ਸਰਕਾਰੀ ਹਾਈ ਸਕੂਲ, ਸੰਧੂ ਕਲਾਂ (ਬਰਨਾਲਾ) ਦਾ ਨਾਂਅ ਸ਼ਹੀਦ ਸਿਪਾਹੀ ਜਗਦੇਵ ਸਿੰਘ ਸਰਕਾਰੀ ਹਾਈ ਸਕੂਲ ਸੰਧੂ ਕਲਾਂ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਘੁਗਿਆਣਾ (ਫਰੀਦਕੋਟ) ਦਾ ਨਾਂਅ ਸ਼ਹੀਦ ਨਾਇਕ ਸੁਰਜੀਤ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸਰਕਾਰੀ ਹਾਈ ਸਕੂਲ ਫਤਿਹਪੁਰ (ਮਾਨਸਾ) ਦਾ ਨਾਂਅ • ਬਾਕੀ ਸਫਾ 2 'ਤੇ


## ਰੰਗਦਾਰ ਵਿਸ਼ੇਸ਼ ਸਪਲੀਮੈਂਟ



ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਮੌਕੇ **ਗੜ੍ਹਸ਼ੰਕਰ** ਤੋਂ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਪੱਤਰਕਾਰ **ਫੂਲਾ ਰਾਮ** ਨਾਲ ਮੋਬਾਇਲ ਨੰਬਰ 83830-11843 'ਤੇ ਸੰਪਰਕ ਕੀਤਾ ਜਾ ਸਕਦਾ ਹੈ।

-ਜਨਰਲ ਮੈਨੇਜਰ


## ਅੱਜ-ਨਾਮਾ

ਰਾਜਸੀ ਲੀਡਰ ਨੇ ਤਾਕ ਦੇ ਵਿੱਚ ਰਹਿੰਦੇ,
ਨਵਾਂ ਇੱਕ ਦੇਣ ਦੇ ਲਈ ਬਿਆਨ ਮੀਆਂ।
ਗਲਤੀ ਕੋਈ ਵੀ ਹੋਰਾਂ ਦੀ ਪਕੜਨੇ ਲਈ,
ਰੱਖਣ ਉਹ ਮੀਡੀਏ ਵੱਲ ਧਿਆਨ ਮੀਆਂ।
ਅੱਗਿਉਂ ਤੇਜ਼ੀ ਦਾ ਮੋੜਵਾਂ ਵਾਰ ਆਉਂਦਾ,
ਬਾਹਲੀ ਦਿੱਸਦੀ ਹੈ ਤਿੱਖੜੀ ਤਾਨ ਮੀਆਂ।
ਕਰ ਕੇ ਵਾਰ ਤੇ ਦੋਵੇਂ ਫਿਰ ਸਮਝਦੇ ਆ,
ਸਮੇਂ ਦੇ ਹੁੰਦੇ ਆ ਜਿਵੇਂ ਸੁਲਤਾਨ ਮੀਆਂ।
ਦੂਸ਼ਣਬਾਜ਼ੀ ਤੱਕ ਬਾਤ ਆ ਹੋਈ ਸੀਮਤ,
ਚੜ੍ਹਵਾਂ ਕਰ ਗਿਆ ਕੌਣ ਜੀ ਵਾਰ ਮੀਆਂ।
ਥੋੜ੍ਹਾ ਜਾਂ ਵੱਧ ਪੈਂਦਾ ਅਸਰ ਸਾਰਿਆਂ ਦਾ,
ਜੁੜਦੀ ਏਸੇ ਨਾਲ ਜਿੱਤ ਜਾਂ ਹਾਰ ਮੀਆਂ।

-ਤੀਸ ਮਾਰ ਖਾਂ

## ਵਾਂਗਚੁਕ ਦੀ ਮਾਹਰ ਡਾਕਟਰ ਤੋਂ ਜਾਂਚ ਕਰਾਉਣ ਦੇ ਹੁਕਮ



**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਵਾਤਾਵਰਨ ਕਾਰਕੁੰਨ ਸੋਨਮ ਵਾਂਗਚੁਕ (55) ਦੀ ਮਾਹਰ ਡਾਕਟਰ ਤੋਂ ਮੈਡੀਕਲ ਜਾਂਚ ਦੇ ਆਦੇਸ਼ ਦਿੱਤੇ ਹਨ। ਜੋਧਪੁਰ ਜੇਲ੍ਹ 'ਚ ਬੰਦ ਵਾਂਗਚੁਕ ਨੇ ਦੂਸ਼ਿਤ ਪਾਣੀ ਕਰਕੇ ਪੇਟ ਦੀਆਂ ਸਮੱਸਿਆਵਾਂ ਦੀ ਸ਼ਿਕਾਇਤ ਕੀਤੀ ਸੀ।

## ਕੈਨੇਡੀਅਨ ਡਾਲਰ ਚੜ੍ਹਿਆ

**ਵੈਨਕੂਵਰ** : ਕੈਨੇਡੀਅਨ ਡਾਲਰ ਦਾ ਮੁੱਲ 68 ਭਾਰਤੀ ਰੁਪਏ ਹੋ ਗਿਆ ਹੈ। ਉਹ ਅਮਰੀਕੀ ਡਾਲਰ ਦੇ ਮੁਕਾਬਲੇ ਵੀ ਮਜ਼ਬੂਤ ਹੋਇਆ ਹੈ ਤੇ 74 ਸੈਂਟ ਤੋਂ ਥੋੜ੍ਹਾ ਉਪਰ ਹੋ ਗਿਆ ਹੈ, ਜਦ ਕਿ ਤਿੰਨ ਕੁ ਮਹੀਨੇ ਇਹ 68 ਅਮਰੀਕਨ ਸੈਂਟਾਂ ਦੇ ਨੇੜੇ-ਤੇੜੇ ਸੀ। ਮਾਹਰ ਕੈਨੇਡੀਅਨ ਡਾਲਰ ਦੀ ਮਜ਼ਬੂਤੀ ਨੂੰ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਵਿੱਤੀ ਮੁਹਾਰਤ ਅਤੇ ਸਫਲ ਨੀਤੀਆਂ ਨਾਲ ਜੋੜ ਕੇ ਦੇਖ ਰਹੇ ਹਨ।





Advances 19.8% ↑ Y-o-Y

Deposit 18.5% ↑ Y-o-Y

PPOP#/PAT# 20.0%/12.6% ↑ Y-o-Y

Disbursement 24.7% ↑ Y-o-Y

CASA 35.9% Q3 FY26

Net NPA 1.35% Q3 FY26

### Extract of Unaudited Financial Results for the quarter and nine months ended December 31, 2025

(₹ in lacs except otherwise stated)

| Sr. No. | Particulars | Quarter Ended | | | Nine Months Ended | | Year Ended |
|---|---|---|---|---|---|---|---|
| | | December 31, 2025 | September 30, 2025 | December 31, 2024 | December 31, 2025 | December 31, 2024 | March 31, 2025 |
| | | Unaudited | Unaudited | Unaudited | Unaudited | Unaudited | Audited |
| 1. | Total Income from Operations | 29,839 | 27,960 | 25,313 | 84,795 | 73,749 | 99,452 |
| 2. | Net Profit/(Loss) for the period (before Tax, Exceptional and/or Extraordinary items) | 4,589 | 4,637 | 4,564 | 13,477 | 13,014 | 17,513 |
| 3. | Net Profit/(Loss) for the period before tax (after Exceptional and/or Extraordinary items) | 4,589 | 4,637 | 4,564 | 13,477 | 13,014 | 17,513 |
| 4. | Net Profit/(Loss) for the period after tax (after Exceptional and/or Extraordinary items) | 3,441 | 3,489 | 3,405 | 10,131 | 9,741 | 13,165 |
| 5. | Total Comprehensive Income for the period [Comprising Profit/(Loss) for the period (after tax) and Other Comprehensive Income (after tax)] [refer note (ii)] | - | - | - | - | - | - |
| 6. | Paid-up Equity Share Capital | 4,542 | 4,529 | 4,525 | 4,542 | 4,525 | 4,525 |
| 7. | Reserves (excluding Revaluation Reserve) as shown in the Audited Balance sheet of the previous Year | | | | | | 1,29,489 |
| 8. | Securities Premium Account | 70,889 | 70,177 | 70,064 | 70,889 | 70,064 | 70,064 |
| 9. | Net worth[1] | 1,42,058 | 1,38,551 | 1,29,471 | 1,42,058 | 1,29,471 | 1,33,447 |
| 10. | Paid-up Debt Capital/ Outstanding Debt | 56,552 | 57,685 | 35,354 | 56,552 | 35,354 | 32,058 |
| 11. | Outstanding Redeemable Preference Shares[2] | - | - | - | - | - | - |
| 12. | Debt Equity Ratio[3] | 0.40 | 0.41 | 0.27 | 0.40 | 0.27 | 0.24 |
| 13 | Earnings per share (of ₹10/- each) (for continuing operations) | | | | | | |
| | 13.1 Basic ₹ (non-annualised) | 7.60 | 7.70 | 7.55 | 22.38 | 21.61 | 29.18 |
| | 13.2 Diluted ₹ (non-annualised) | 7.58 | 7.67 | 7.54 | 22.30 | 21.56 | 29.09 |
| 14. | Capital Redemption Reserve[4] | - | - | - | - | - | - |
| 15. | Debenture Redemption Reserve[4] | - | - | - | - | - | - |
| 16. | Debt Service Coverage Ratio[5] | - | - | - | - | - | - |
| 17. | Interest Service Coverage Ratio[5] | - | - | - | - | - | - |

[1] *Net worth is computed as per the Reserve Bank of India ("RBI") Direction No. RBI/DOR/2025-26/189 DOR.CRE.REC.108/07-03-002/2025-26 on Reserve Bank of India (Small Finance Banks - Concentration Risk Management) Directions, 2025, dated November 28, 2025. Net worth also includes Available for Sale ('AFS') Reserve. Previous period figures have been recomputed accordingly.*
[2] *The Bank has not issued any redeemable preference shares.*
[3] *Debt-equity ratio means the ratio of total borrowings to share capital plus reserves & surplus.*
[4] *As per the Companies Act, 2013, the Bank is not required to create capital/debenture redemption reserve. However, the Bank has created Recovery Expense Fund Account with BSE Limited.*
[5] *Being a Banking Company, Disclosure is not applicable as per SEBI (Listing Obligations and Disclosure requirements) Regulations, 2015, as amended.*

**Notes:**

(i) The above is an extract of the detailed format of quarter and year ended Financial Results filed with the Stock Exchanges under Regulation 33 & 52 read with Regulation 63(2) of the SEBI (Listing Obligations and Disclosure Requirements) Regulations, 2015, as amended. The full format of the quarter ended Financial Results are available on the websites of the Stock Exchanges, www.nseindia.com and www.bseindia.com and of the Bank www.capital.bank.in.

(ii) Information related to the total comprehensive income and other comprehensive income are not furnished as Ind AS is not yet made applicable to Bank.

(iii) The figures of the current quarter and corresponding previous quarter represent the difference between the year-to-date figures up to the end of the current period and the published figures up to the end of the previous quarter.

(iv) The other line items referred in Regulation 52(4) of the SEBI (Listing Obligations and Disclosure Requirements) Regulations, 2015, as amended, have been given hereunder:

| Sr. No. | Particulars | Quarter Ended | | | Nine Months Ended | | Year Ended |
|---|---|---|---|---|---|---|---|
| | | December 31, 2025 | September 30, 2025 | December 31, 2024 | December 31, 2025 | December 31, 2024 | March 31, 2025 |
| | | Unaudited | Unaudited | Unaudited | Unaudited | Unaudited | Audited |
| 1 | Percentage of shares held by Government of India | - | - | - | - | - | - |
| 2 | Return on Assets[1] (annualised) | 1.16% | 1.26% | 1.37% | 1.20% | 1.35% | 1.35% |
| 3 | Operating Margin[2] | 17.32% | 18.12% | 18.88% | 18.12% | 18.79% | 18.65% |
| 4 | Net Profit Margin[3] | 11.53% | 12.48% | 13.45% | 11.95% | 13.21% | 13.24% |
| 5 | Total Debt to Total Assets[4] | 4.68% | 5.04% | 3.47% | 4.68% | 3.47% | 3.17% |
| 6 | Gross NPA (₹ in lacs) | 21,887 | 21,327 | 18,230 | 21,887 | 18,230 | 18,534 |
| 7 | Net NPA (₹ in lacs) | 10,844 | 10,748 | 9,060 | 10,844 | 9,060 | 9,184 |
| 8 | % of Gross NPA | 2.68% | 2.70% | 2.67% | 2.68% | 2.67% | 2.58% |
| 9 | % of Net NPA | 1.35% | 1.38% | 1.35% | 1.35% | 1.35% | 1.30% |
| 10 | Capital Adequacy Ratio (%) | 21.60% | 24.23% | 25.82% | 21.60% | 25.82% | 25.39% |
| 11 | Tier-I Ratio (%) | 18.61% | 20.91% | 21.87% | 18.61% | 21.87% | 21.71% |

[1] *Return on Assets means the ratio of profit after tax to average monthly total assets.*
[2] *Operating Margin means Operating profit before provisions and contingencies to the total income.*
[3] *Net Profit Margin means Net Profit to total income*
[4] *Total Debts to Total assets means the ratio of total borrowings to total assets.*

(v) The other line items referred in Regulation 52(4) of the SEBI (Listing Obligations and Disclosure Requirements) Regulations, 2015, as amended, pertinent disclosures have been made to the BSE Limited and National Stock Exchange of India Limited and can be accessed on the website of the Stock Exchange on www.bseindia.com , www.nseindia.com and the Bank on URL www.capital.bank.in.

(vi) The above result has been approved by the Board of Directors in its meeting held on January 29, 2026.

#*Excluding one time charge of ₹5.13 Cr. related to past employee services, consequent to new Labour Code implementation*

For and on Behalf of the Board of Directors of
**Capital Small Finance Bank Limited**
Sd/-
**Sarvjit Singh Samra**
Managing Director & CEO
(DIN:00477444)

**Date:** January 29, 2026
**Place:** Jalandhar

**Capital Small Finance Bank**

*Vishwas Se Vikas Tak*

**Capital Small Finance Bank Limited** (CIN: L65110PB1999PLC022634)
**Regd. & Head Office:** "MIDAS Corporate Park", 3rd Floor, 37 G.T. Road, Jalandhar, Punjab, INDIA - 144 001
**Tel.:** 0181-505 1111, 505 2222 | **E-mail:** investorrelations@capitalbank.co.in | www.capital.bank.in

Scan for detailed financials

Adfactors 754/26

## ਕੈਨੇਡਾ ਤੋਂ ਪਿੰਡ ਗੁਰਮ ਪਹੁੰਚੀ ਰਾਜਪ੍ਰੀਤ ਸਿੰਘ ਦੀ ਮ੍ਰਿਤਕ ਦੇਹ ਦਾ ਗਮਗੀਨ ਮਾਹੌਲ 'ਚ ਅੰਤਿਮ ਸੰਸਕਾਰ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਪਿੰਡ ਗੁਰਮ (ਬਰਨਾਲਾ) ਦੇ ਇਕ ਕਿਸਾਨ ਪਰਵਾਰ ਨਾਲ ਸਬੰਧਤ ਨੌਜਵਾਨ ਰਾਜਪ੍ਰੀਤ ਸਿੰਘ ਦੀ ਕੈਨੇਡਾ 'ਚ ਮੌਤ ਤੋਂ ਬਾਅਦ ਮ੍ਰਿਤਕ ਦੇਹ 10 ਦਿਨਾਂ ਬਾਅਦ ਪਿੰਡ ਗੁਰਮ ਪੁੱਜੀ। ਜਿਥੇ ਗਮਗੀਨ ਮਹੌਲ ਵਿੱਚ ਮ੍ਰਿਤਕ ਨੌਜਵਾਨ ਰਾਜਪ੍ਰੀਤ ਨੂੰ ਨਮ ਅੱਖਾਂ ਨਾਲ ਅੰਤਿਮ ਵਿਦਾਇਗੀ ਦਿੱਤੀ ਗਈ। ਨੌਜਵਾਨ ਦੇ ਪਿਤਾ ਕੁਲਵੰਤ ਸਿੰਘ ਗੁਰਮ ਨੇ ਭਰੇ ਮਨ ਨਾਲ ਦੱਸਿਆ ਕਿ ਆਪਣੇ ਇਕਲੌਤੇ ਲਾਡਲੇ ਪੁੱਤਰ ਰਾਜਪ੍ਰੀਤ ਦੇ ਸੁਨਹਿਰੇ ਭਵਿੱਖ ਦੀ ਆਸ ਨਾਲ 20 ਲੱਖ ਦੇ ਕਰੀਬ ਕਰਜ਼ਾ ਚੁੱਕ ਕੇ ਅਪ੍ਰੈਲ 2024 ਵਿੱਚ ਉਸ ਨੂੰ ਸਟੱਡੀ ਵੀਜ਼ੇ 'ਤੇ ਕੈਨੇਡਾ ਭੇਜਿਆ ਸੀ।ਲੰਘੀ 17 ਜਨਵਰੀ ਨੂੰ ਉਸ ਦੀ ਮੌਤ ਦੀ ਦੁਖਦਾਈ ਖ਼ਬਰ ਨੇ ਸਭ ਆਸਾਂ ਉਮੀਦਾਂ ਉਪਰ ਪਾਣੀ ਫੇਰ ਦਿੱਤਾ।ਉਨ੍ਹਾਂ ਦੱਸਿਆ ਮੈਂਬਰ ਪਾਰਲੀਮੈਂਟ ਗੁਰਮੀਤ ਸਿੰਘ ਮੀਤ ਹੇਅਰ, ਡਿਪਟੀ ਕਮਿਸ਼ਨਰ ਬਰਨਾਲਾ, ਗੁਰਮੀਤ ਸਿੰਘ ਜੰਗੀਆਣਾ ਦੇ ਉੱਦਮ ਸਦਕਾ ਬੇਟੇ ਰਾਜਪ੍ਰੀਤ ਦੀ ਮ੍ਰਿਤਕ ਦੇਹ ਨੂੰ ਘਰ ਲਿਆਉਣ 'ਚ ਸਫਲਤਾ ਹਾਸਲ ਹੋਈ।ਇਸ ਦੁਖਦਾਈ ਮੌਕੇ ਵਿਧਾਇਕ ਕੁਲਦੀਪ ਸਿੰਘ ਕਾਲਾ ਢਿੱਲੋਂ, ਕਾਂਗਰਸੀ ਆਗੂ ਜਸਮੇਲ ਸਿੰਘ ਡੇਅਰੀ ਵਾਲਾ, ਪਿਆਰਾ ਸਿੰਘ ਮਾਹਮਦਪੁਰ, ਐਡਵੋਕੇਟ ਜਸਵੀਰ ਸਿੰਘ ਖੇੜੀ, ਕਮਲਜੀਤ ਸਿੰਘ ਚੱਕ, ਬਾਬਾ ਅਕਲੂ ਦਾਸ, ਸਰਪੰਚ ਮਨਜੀਤ ਕੌਰ, ਮਾਨ ਸਿੰਘ ਗੁਰਮ ਆਦਿ ਆਗੂਆਂ ਤੋਂ ਇਲਾਵਾ ਵੱਡੀ ਗਿਣਤੀ 'ਚ ਪਿੰਡ ਵਾਸੀ ਹਾਜ਼ਰ ਸਨ।

## ਰਜਵੰਤ ਕਲਾਥ ਹਾਊਸ ਵਿਖੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਪੁੱਜੇ, ਸਰਨਾ ਪਰਵਾਰ ਵੱਲੋਂ ਕੀਤਾ ਗਿਆ ਵਿਸ਼ੇਸ਼ ਸਨਮਾਨ



**ਜਗਰਾਉਂ (ਸੰਜੀਵ ਅਰੋੜਾ)**-ਨਾਨਕਸਰ ਵਿਖੇ ਪ੍ਰਸਿੱਧ ਕੱਪੜੇ ਦੀ ਦੁਕਾਨ ਰਜਵੰਤ ਕਲਾਥ ਹਾਊਸ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵਿਸ਼ੇਸ਼ ਤੌਰ 'ਤੇ ਪੁੱਜੇ। ਇਸ ਮੌਕੇ ਉਨ੍ਹਾਂ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ ਵੀ ਹਾਜ਼ਰ ਸਨ। ਇਸ ਮੌਕੇ ਰਜਵੰਤ ਕਲਾਥ ਹਾਊਸ ਮਾਲਕ ਹਰਵਿੰਦਰ ਸਿੰਘ ਸੋਨੂੰ ਸਰਨਾ ਵੱਲੋਂ ਜੱਥੇਦਾਰ ਕੁਲਦੀਪ ਸਿੰਘ ਗੜਗੱਜ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਭਾਈ ਗਰੇਵਾਲ ਨੇ ਜੱਥੇਦਾਰ ਗੜਗੱਜ ਨੂੰ ਦੱਸਿਆ ਕਿ ਇਹ ਪਰਿਵਾਰ ਮੇਰਾ ਆਪਣਾ ਪਰਿਵਾਰ ਹੈ ਤੇ ਗੁਰੂ ਘਰ ਨਾਲ ਜੁੜਿਆ ਪਰਿਵਾਰ ਹੈ। ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਪਰਿਵਾਰਕ ਮੈਂਬਰਾਂ ਨਾਲ ਵਿਚਾਰਾਂ ਕਰਦਿਆਂ ਪਰਿਵਾਰ ਨੂੰ ਗੁਰਸਿੱਖੀ ਜੀਵਨ ਬਤੀਤ ਕਰਨ ਤੇ ਗੁਰੂ ਘਰ ਦੀ ਸੇਵਾ ਕਰਨ ਬਾਰੇ ਆਖਿਆ। ਇਸ ਮੌਕੇ ਚਰਨਜੀਤ ਸਿੰਘ ਸਰਨਾ, ਜਸਪ੍ਰੀਤ ਕੌਰ ਸਰਨਾ, ਜੈਸਮੀਨ ਕੌਰ ਸਰਨਾ, ਗੁਰਸਿਰਤ ਕੌਰ, ਹਰਨੂਰ ਕੌਰ, ਪ੍ਰਿੰਸ, ਮਨੀ, ਰਾਜਵੀਰ ਆਦਿ ਤੋਂ ਇਲਾਵਾ ਆਸ-ਪਾਸ ਦੇ ਦੁਕਾਨਦਾਰ ਹਾਜ਼ਰ ਸਨ।

## ਸਿੱਖਿਆ ਮੰਤਰੀ ਵੱਲੋਂ ਮਾਨਵ ਸੇਵਾ ਉੱਤਮ ਸੇਵਾ ਸੰਸਥਾ ਨਾਭਾ ਸਨਮਾਨਤ



**ਨਾਭਾ (ਵਰਿੰਦਰ ਵਰਮਾ)**-ਜ਼ਿਲ੍ਹਾ ਪੱਧਰੀ 26 ਜਨਵਰੀ ਗਣਤੰਤਰ ਦਿਵਸ ਸਮਾਰੋਹ ਪਟਿਆਲਾ ਵਿਖੇ ਮਨਾਇਆ ਗਿਆ।ਇਸ ਮੌਕੇ ਮਾਣਯੋਗ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਵੱਲੋਂ ਨਾਭਾ ਵਿਖੇ ਲੋਕ ਭਲਾਈ ਵਿੱਚ ਸੇਵਾਵਾਂ ਨਿਭਾ ਰਹੇ ਮਾਨਵ ਸੇਵਾ ਉਤਮ ਸੇਵਾ ਸਟੇਟ ਐਵਾਰਡੀ ਸੰਸਥਾ ਦੇ ਮੁੱਖ ਸੇਵਾਦਾਰ ਵਿਕਾਸ ਮਿੱਤਲ, ਸੁਨੀਲ ਗੁਪਤਾ ਵੱਲੋਂ ਜਿਨ੍ਹਾਂ ਨੂੰ ਵੱਖ-ਵੱਖ ਖੇਤਰਾਂ ਵਿੱਚ ਸੇਵਾਵਾਂ ਕਰਨ ਦੇ ਬਦਲੇ, ਮੈਡੀਕਲ ਚੈੱਕਅਪ ਕੈਂਪ, ਲੋੜਵੰਦਾਂ ਨੂੰ ਰਾਸ਼ਨ ਮੁਹਈਆ ਕਰਵਾਉਣਾ, ਲੋੜਵੰਦ ਮਰੀਜ਼ਾਂ ਨੂੰ ਦਵਾਈਆਂ ਅਤੇ ਇਲਾਜ ਕਰਵਾਉਣਾ ਹੋਵੇ ਅਤੇ ਵੱਖ ਵੱਖ ਖੂਨਦਾਨ ਕੈਂਪਾਂ ਸੰਬੰਧੀ ਅਤੇ ਸਮਾਜਿਕ ਸੇਵਾਵਾਂ ਦੀਆਂ ਗਤੀਵਿਧੀਆਂ ਵਿੱਚ ਵਡਮੁੱਲਾ ਯੋਗਦਾਨ ਪਾਉਣ ਦੇ ਬਦਲੇ ਪ੍ਰਸ਼ੰਸਾ ਪੱਤਰ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਸਨਮਾਨਤ ਹੋਣ ਉਪਰੰਤ ਮਾਨਵ ਸੇਵਾ ਉੱਤਮ ਸੇਵਾ ਸੰਸਥਾ ਦੇ ਮੁੱਖ ਸੇਵਾਦਾਰ ਵਿਕਾਸ ਮਿੱਤਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੰਜਾਬ ਸਰਕਾਰ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਕਿਹਾ ਕਿ ਪਟਿਆਲਾ ਜ਼ਿਲ੍ਹਾ ਦੀਆਂ ਉੱਘੀਆਂ ਸਮਾਜਸੇਵੀ ਸ਼ਖ਼ਸੀਅਤਾਂ ਨੂੰ ਉਨ੍ਹਾਂ ਦੀ ਬੇਮਿਸਾਲ ਸੇਵਾ ਲਈ ਸਨਮਾਨਤ ਵੀ ਕੀਤਾ ਗਿਆ।ਉਨ੍ਹਾਂ ਕਿਹਾ ਕਿ ਇਹ ਸਮਾਜ ਭਲਾਈ ਦੇ ਕਾਰਜ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਕੀਤੇ ਜਾਂਦੇ ਹਨ ਅਤੇ ਅੱਗੇ ਤੋਂ ਵੀ ਇਸ ਤਰ੍ਹਾਂ ਦੇ ਕਾਰਜ ਜਾਰੀ ਰਹਿਣਗੇ।ਇਸ ਮੌਕੇ ਆਮ ਆਦਮੀ ਪਾਰਟੀ ਦੇ ਸੂਬਾ ਸਕੱਤਰ ਤੇ ਮੁੱਖ ਬੁਲਾਰੇ ਬਲਤੇਜ ਪੰਨੂ ਅਤੇ ਜ਼ਿਲ੍ਹਾ ਯੋਜਨਾ ਕਮੇਟੀ ਚੇਅਰਮੈਨ ਤੇਜਿੰਦਰ ਮਹਿਤਾ ਨੇ ਮਾਨਵ ਸੇਵਾ ਉੱਤਮ ਸੇਵਾ ਸੰਸਥਾ ਵੱਲੋਂ ਕੀਤੇ ਜਾ ਰਹੇ ਸਮਾਜ ਭਲਾਈ ਦੇ ਕਾਰਜਾਂ ਦੀ ਸ਼ਲਾਘਾ ਕੀਤੀ।ਇਸ ਮੌਕੇ ਅੰਕੁਰ ਸਿੰਗਲਾ, ਰਵਿੰਦਰ ਸਿੰਘ, ਨਰਿੰਦਰ ਮੋਹਨ ਸ਼ਰਮਾ, ਵਰੁਣ ਸਿੰਗਲਾ, ਦੀਪਕ ਕੁਮਾਰ, ਬਲਦੇਵ ਕੁਮਾਰ, ਸਾਹਿਲ ਗੁਪਤਾ, ਕਰਨ ਸਿੰਗਲਾ, ਆਦਿ ਹਾਜ਼ਰ ਸਨ।

## ਵਰਕਰਾਂ ਦੀਆਂ ਹੱਕੀ ਮੰਗਾਂ ਨਾ ਮੰਨੀਆਂ ਤਾਂ ਤਿੱਖਾ ਸੰਘਰਸ਼ ਵਿਢਾਂਗੇ : ਰਾਇਸਰ




**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਮਿਡ-ਡੇ-ਮੀਲ ਵਰਕਰ ਯੂਨੀਅਨ ਬਲਾਕ ਮਹਿਲ ਕਲਾਂ ਦੇ ਸਮੂਹ ਵਰਕਰਾਂ ਦੀ ਅਹਿਮ ਮੀਟਿੰਗ ਇਥੇ ਬੀ ਡੀ ਪੀ ਓ ਕੰਪਲੈਕਸ ਵਿਖੇ ਹੋਈ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਕਰਮਜੀਤ ਕੌਰ ਰਾਇਸਰ, ਬਲਾਕ ਪ੍ਰਧਾਨ ਜਸਵੀਰ ਕੌਰ ਨੇ ਸਰਕਾਰ ਅਤੇ ਸਬੰਧਤ ਵਿਭਾਗ ਵੱਲੋਂ ਮਿਡ-ਡੇ ਮੀਲ ਵਰਕਰਾਂ ਤੋਂ ਨਿਰਧਾਰਤ ਕੰਮ ਤੋਂ ਇਲਾਵਾ ਵਾਧੂ ਅਤੇ ਗੈਰ-ਸੰਬੰਧਤ ਕੰਮ ਲਏ ਜਾਣ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਕਿਹਾ ਕਿ ਵਰਕਰਾਂ ਨੂੰ ਜਿਸ ਕੰਮ ਲਈ ਨਿਯੁਕਤ ਕੀਤਾ ਗਿਆ ਹੈ, ਉਨ੍ਹਾਂ ਤੋਂ ਉਹੀ ਕੰਮ ਕਰਾਇਆ ਜਾਵੇ। ਆਗੂਆਂ ਨੇ ਕਿਹਾ ਕਿ ਮਿਡ-ਡੇ ਮੀਲ ਵਰਕਰ ਪਿਛਲੇ ਕਈ ਸਾਲਾਂ ਤੋਂ ਘੱਟ ਮਜ਼ਦੂਰੀ, ਅਸਥਾਈ ਦਰਜੇ ਅਤੇ ਅਣਸੁਰੱਖਿਅਤ ਭਵਿੱਖ ਨਾਲ ਕੰਮ ਕਰ ਰਹੀਆਂ ਹਨ ਪਰ ਇਸ ਦੇ ਬਾਵਜੂਦ ਸਰਕਾਰ ਵੱਲੋਂ ਉਨ੍ਹਾਂ ਦੀਆਂ ਜਾਇਜ਼ ਮੰਗਾਂ ਨੂੰ ਲਗਾਤਾਰ ਅਣਗੌਲਿਆ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਜਥੇਬੰਦੀ ਵੱਲੋਂ ਲੰਮੇ ਸਮੇਂ ਤੋਂ ਵਰਕਰਾਂ ਨੂੰ ਪੱਕਾ ਕਰਨ, ਮਾਸਿਕ ਮਜ਼ਦੂਰੀ 'ਚ ਮਹਿੰਗਾਈ ਦੇ ਹਿਸਾਬ ਨਾਲ ਵਾਧਾ ਕਰਨ, ਪੈਨਸ਼ਨ ਅਤੇ ਗ੍ਰੈਚੁਟੀ ਦੀ ਸਹੂਲਤ ਦੇਣ, ਬੀਮਾ ਅਤੇ ਸਿਹਤ ਸਹੂਲਤਾਂ ਯਕੀਨੀ ਬਣਾਉਣ, ਸਾਲਾਨਾ ਛੁੱਟੀਆਂ ਦੇਣ ਅਤੇ ਵਰਕਰਾਂ ਤੋਂ ਵਾਧੂ ਕੰਮ ਨਾ ਲੈਣ ਵਰਗੀਆਂ ਮੰਗਾਂ ਉਠਾਈਆਂ ਜਾ ਰਹੀਆਂ ਹਨ ਪਰ ਸਰਕਾਰ ਇਨ੍ਹਾਂ ਮੰਗਾਂ ਪ੍ਰਤੀ ਗੰਭੀਰ ਨਹੀਂ। ਆਗੂਆਂ ਨੇ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਮਿਡ-ਡੇ ਮੀਲ ਵਰਕਰਾਂ ਦੀਆਂ ਹੱਕੀ ਮੰਗਾਂ ਨੂੰ ਜਲਦੀ ਪੂਰਾ ਨਾ ਕੀਤਾ ਗਿਆ ਤਾਂ ਜਥੇਬੰਦੀ ਵੱਲੋਂ ਤਿੱਖੇ ਸੰਘਰਸ਼ ਦਾ ਬਿਗੁਲ ਵਜਾਇਆ ਜਾਵੇਗਾ। ਇਸ ਮੌਕੇ ਸਕੱਤਰ ਪਰਮਜੀਤ ਕੌਰ, ਪ੍ਰੈੱਸ ਸਕੱਤਰ ਸਰਬਜੀਤ ਕੌਰ, ਕਰਨੈਲ ਕੌਰ ਮਹਿਲ ਕਲਾਂ, ਅਮਨਦੀਪ ਕੌਰ ਧਨੇਰ, ਕੁਲਦੀਪ ਕੌਰ ਆਦਿ ਹਾਜ਼ਰ ਸਨ।

## ਭਾਰਤੀਯ ਅੰਬੇਡਕਰ ਮਿਸ਼ਨ ਭਾਰਤ ਵੱਲੋਂ ਚੌਥੀ ਸੂਚੀ ਜਾਰੀ

### 23 ਜ਼ਿਲ੍ਹਿਆਂ 'ਚ 2 ਮਹਿਲਾਵਾਂ ਸਣੇ 30 ਜ਼ਿਲ੍ਹਾ ਪ੍ਰਧਾਨ ਨਿਯੁਕਤ



**ਸੰਗਰੂਰ(ਪ੍ਰਵੀਨ ਸਿੰਘ)**-ਦੇਸ਼ ਦੀ ਪ੍ਰਸਿੱਧ ਤੇ ਸਰਗਰਮ ਸਮਾਜਿਕ ਜਥੇਬੰਦੀ ਭਾਰਤੀਯ ਅੰਬੇਡਕਰ ਮਿਸ਼ਨ ਭਾਰਤ ਦੇ ਕੌਮੀ ਪ੍ਰਧਾਨ ਦਰਸ਼ਨ ਸਿੰਘ ਕਾਂਗੜਾ ਵੱਲੋਂ ਮੈਡਮ ਪੂਨਮ ਕਾਂਗੜਾ ਮੁੱਖ ਸਰਪ੍ਰਸਤ ਦੀ ਅਨੁਮਤੀ ਨਾਲ ਸਾਲ 2026 ਲਈ ਪੰਜਾਬ ਦੇ 23 ਜ਼ਿਲ੍ਹਿਆਂ ਵਿੱਚ 2 ਮਹਿਲਾਵਾਂ ਸਮੇਤ 30 ਜ਼ਿਲ੍ਹਾ ਪ੍ਰਧਾਨ ਨਿਯੁਕਤ ਕੀਤੇ ਗਏ, ਜਿਨ੍ਹਾਂ 'ਚ ਡਾ. ਗੁਰਦੀਪ ਸਿੰਘ ਬਿੱਟੂ ਸੰਗਰੂਰ, ਅਸ਼ਵਨੀ ਕੁਮਾਰ ਪਟਿਆਲਾ ਸ਼ਹਿਰੀ, ਵਿੱਕੀ ਮੱਟੂ ਪਟਿਆਲਾ ਦਿਹਾਤੀ, ਗੁਰਪ੍ਰੀਤ ਸਿੰਘ ਜੋਤੀ ਮਲੇਰਕੋਟਲਾ, ਜਰਨੈਲ ਸਿੰਘ ਸਰਪੰਚ ਬੱਲੂਆਣਾ ਬਠਿੰਡਾ ਦਿਹਾਤੀ, ਰੁਪਿੰਦਰ ਸਿੰਘ ਕੋਟ ਫੱਤਾ ਬਠਿੰਡਾ ਸ਼ਹਿਰੀ, ਦਵਿੰਦਰ ਸਿੰਘ ਮਾਨਸਾ, ਪ੍ਰਨਾਮ ਸਿੰਘ ਸਰਪੰਚ ਸ੍ਰੀ ਮੁਕਤਸਰ ਸਾਹਿਬ, ਰੇਨੂ ਸਹੋਤਾ ਫਾਜ਼ਿਲਕਾ, ਰਾਜ ਕੁਮਾਰ ਫਿਰੋਜ਼ਪੁਰ. ਪ੍ਰੇਮ ਕੁਮਾਰ ਜੈਤੋ ਫਰੀਦਕੋਟ, ਜਗਰੂਪ ਸਿੰਘ ਜੂਪਾ ਐਮ ਸੀ ਮੋਗਾ, ਮਹਿਕ ਪ੍ਰੀਤ ਸਿੰਘ ਲੁਧਿਆਣਾ ਸ਼ਹਿਰੀ, ਗੁਰਸੇਵਕ ਸਿੰਘ ਰਾਏਕੋਟ ਲੁਧਿਆਣਾ ਦਿਹਾਤੀ, ਸਰਵਣ ਕੁਮਾਰ ਸਰਪੰਚ ਬ੍ਰਹਮਪੁਰਾ ਉੱਪਰਲਾ ਰੋਪੜ, ਜਸਵਿੰਦਰ ਸਿੰਘ ਦਰਘੇੜੀ ਸ੍ਰੀ ਫਤਿਹਗੜ੍ਹ ਸਾਹਿਬ, ਸੁਰਿੰਦਰ ਸਿੰਘ ਖੱਟਕੜ ਕਲਾਂ ਨਵਾਂਸ਼ਹਿਰ, ਕਿਰਪਾਲ ਸਿੰਘ ਸਰਪੰਚ ਭਗਤਪੁਰ ਹੁਸ਼ਿਆਰਪੁਰ ਦਿਹਾਤੀ, ਪ੍ਰਦੀਪ ਸਰੋਆ ਹੁਸ਼ਿਆਰਪੁਰ ਸ਼ਹਿਰੀ, ਸੁਰਜੀਤ ਸਿੰਘ ਪਠਾਨਕੋਟ, ਧਰਮਪਾਲ ਮਸੀਹ ਗੁਰਦਾਸਪੁਰ, ਦੀਪਕ ਕੁਮਾਰ ਸ੍ਰੀ ਅੰਮ੍ਰਿਤਸਰ ਸਾਹਿਬ ਸ਼ਹਿਰੀ, ਕੁਲਦੀਪ ਸਿੰਘ ਅੰਮ੍ਰਿਤਸਰ ਸਾਹਿਬ ਦਿਹਾਤੀ, ਚਰਨਜੀਤ ਸਿੰਘ ਅਟਵਾਲ ਤਰਨ ਤਾਰਨ, ਹਰਵਿੰਦਰ ਕੌਰ ਮੋਨਾ ਘਾਰੂ ਐੱਸ ਏ ਅੱਸ ਨਗਰ ਮੋਹਾਲੀ, ਚਰਨਜੀਤ ਸਿੰਘ ਕਪੂਰਥਲਾ, ਰਾਜ ਕੁਮਾਰ ਜਲੰਧਰ ਸ਼ਹਿਰੀ, ਰਕੇਸ਼ ਕੁਮਾਰ ਸਰਪੰਚ ਜਲੰਧਰ ਦਿਹਾਤੀ ਤੇ ਰਮੇਸ਼ ਸਹੋਤਾ ਪੁਲਸ ਜ਼ਿਲ੍ਹਾ ਖੰਨਾ ਸ਼ਾਮਲ ਹਨ।ਸ੍ਰੀ ਦਰਸ਼ਨ ਸਿੰਘ ਕਾਂਗੜਾ ਨੇ ਕਿਹਾ ਕਿ ਸਮਾਜ ਸੇਵਾ ਦਾ ਜਜ਼ਬਾ ਰੱਖਣ ਵਾਲੇ ਸਾਥੀਆਂ ਨੂੰ ਮਿਸ਼ਨ ਵਿੱਚ ਸ਼ਾਮਲ ਹੋਣ ਲਈ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ।

## ਬੁੱਲ੍ਹੇ ਸ਼ਾਹ ਦੀ ਮਜ਼ਾਰ ਤੋੜਨਾ ਬੇਹੱਦ ਘਿਣਾਉਣੀ ਕਾਰਵਾਈ : ਜਮਹੂਰੀ ਫਰੰਟ

**ਲੌਂਗੋਵਾਲ (ਪ੍ਰਦੀਪ ਸੱਪਲ)**-ਓਪਰੇਸ਼ਨ ਗ੍ਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਦੇ ਕਨਵੀਨਰਾਂ ਡਾ. ਪਰਮਿੰਦਰ, ਪ੍ਰੋਫੈਸਰ ਏ.ਕੇ.ਮਲੇਰੀ, ਬੂਟਾ ਸਿੰਘ ਮਹਿਮੂਦਪੁਰ, ਯਸ਼ਪਾਲ ਤੇ ਸੂਬਾ ਕਮੇਟੀ ਮੈਂਬਰ ਬਲਬੀਰ ਲੌਂਗੋਵਾਲ ਨੇ ਹਿੰਦੂ ਧਰਮ ਦੇ ਆਪੇ ਬਣੇ ਰਖਵਾਲਿਆਂ ਵੱਲੋਂ ਉੱਤਰਾਖੰਡ ਦੇ ਮਸੂਰੀ ਵਿੱਚ ਬਾਬਾ ਬੁੱਲ੍ਹੇ ਸ਼ਾਹ ਦੀ 100 ਸਾਲ ਤੋਂ ਵੱਧ ਪੁਰਾਣੀ ਮਜ਼ਾਰ ਨੂੰ ਤੋੜਨ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ।ਉਨ੍ਹਾਂ ਕਿਹਾ ਕਿ ਪ੍ਰਸਿੱਧ ਪੰਜਾਬੀ ਸੂਫ਼ੀ ਬੁੱਲੇਸ਼ਾਹ ਦੀ ਮਾਨਵਤਾਵਾਦੀ ਸ਼ਾਇਰੀ ਤੇ ਸਾਂਝੀਵਾਲਤਾ ਦੇ ਨਜ਼ਰੀਏ ਤੋਂ ਦਾਰਸ਼ਨਿਕ ਯੋਗਦਾਨ ਦਾ ਪੰਜਾਬ ਦੀ ਮਜ਼ਬੀ ਕੱਟੜਵਾਦ ਨੂੰ ਸਵਾਲ ਕਰਨ ਵਾਲੀ, ਧਰਮਨਿਰਪੱਖ, ਭਾਈਚਾਰਕ ਸਾਂਝ ਵਾਲੀ ਪ੍ਰੰਪਰਾ ਵਿੱਚ ਉੱਘਾ ਸਥਾਨ ਹੈ।ਮਜ਼ਬੀ ਕੱਟੜਪੰਥ, ਜਾਤੀ ਭੇਦਭਾਵ ਤੇ ਅੰਧਵਿਸ਼ਵਾਸ ਨੂੰ ਚੁਣੌਤੀ ਦਿੰਦਿਆਂ ਉਨ੍ਹਾਂ ਦੀਆਂ ਮਕਬੂਲ ਕਾਫ਼ੀਆਂ ਇਨਸਾਨੀਅਤ ਨਾਲ ਗੂੜ੍ਹੀ ਮੁਹੱਬਤ, ਆਤਮ-ਗਿਆਨ ਰਾਹੀਂ ਆਪਣੀ ਸ਼ਖ਼ਸੀਅਤ ਨੂੰ ਰੁਸ਼ਨਾਉਣ ਤੇ ਮਜ਼ਬੀ ਨਫ਼ਰਤ ਤੋਂ ਉੱਪਰ ਉੱਠ ਕੇ ਆਪਣੀ ਅਕੀਦਤ ਨਾਲ ਜੁੜਨ 'ਤੇ ਜ਼ੋਰ ਦਿੰਦੀਆਂ ਹਨ।ਬੁੱਲ੍ਹੇਸ਼ਾਹ ਵੱਲੋਂ ਰਚਿਤ ਉੱਚ ਪਾਏ ਦੀਆਂ ਮਾਨਵਤਾਵਾਦੀ ਕਾਵਿ-ਰਚਨਾਵਾਂ ਦੀ ਖ਼ੁਸ਼ਬੂ ਪੰਜਾਬ ਦੀ ਮਿੱਟੀ ਦੇ ਕਣ-ਕਣ ਵਿਚ ਰਚੀ ਹੋਈ ਹੈ।ਆਪਣੀ ਇਸੇ ਮਾਨਵਤਾਵਾਦੀ ਖ਼ੂਬੀ ਕਾਰਨ ਇਹ ਮਜ਼ਬੀ ਕੱਟੜਪੰਥੀਆਂ ਨੂੰ ਹਜ਼ਮ ਨਹੀਂ ਹੁੰਦੀਆਂ ਤੇ ਉਹ 100 ਸਾਲ ਪਹਿਲਾਂ ਬਣੀ ਹੋਈ ਮਜ਼ਾਰ ਦੀ ਹੋਂਦ ਤੋਂ ਵੀ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ।

'ਹਿੰਦੂ ਰੱਖਿਆ ਦਲ' ਵਰਗੇ ਹਿੰਦੂ ਧਰਮ ਦੇ ਆਪੇ ਬਣੇ ਰਖਵਾਲਿਆਂ ਵੱਲੋਂ ਸਾਂਝੀ ਧਰਮਨਿਰਪੱਖ ਵਿਰਾਸਤ ਨੂੰ ਇਹ ਝੂਠ ਪ੍ਰਚਾਰਕੇ ਨਕਾਰਨਾ ਕਿ ਜਿਸਦੀ ਕਬਰ ਪਾਕਿਸਤਾਨ ਵਿਚ ਹੈ, ਉਸਦੀ ਮਜ਼ਾਰ ਇੱਥੇ 'ਦੇਵਭੂਮੀ' ਉੱਪਰ ਨਹੀਂ ਚੱਲੇਗੀ, ਦੱਸਦਾ ਹੈ ਫਿਰਕੂ ਤਾਕਤਾਂ ਲਈ ਮਹਾਨ ਦਾਰਸ਼ਨਿਕ ਬੁੱਲ੍ਹੇ ਸ਼ਾਹ ਸਿਰਫ਼ ਮੁਸਲਮਾਨ ਹੈ ਅਤੇ ਉਹ ਸਮੁੱਚੀ ਮਹਾਨ ਵਿਰਾਸਤ ਨੂੰ ਪਰਾਈ ਧਰਤੀ ਨਾਲ ਸੰਬੰਧਤ ਕਰਾਰ ਦੇ ਕੇ ਖ਼ਤਮ ਕਰਨਾ ਚਾਹੁੰਦੇ ਹਨ। ਅਗਾਊਂ ਐਲਾਨ ਕਰਕੇ ਫਿਰਕੂ ਗੁੰਡਿਆਂ ਵੱਲੋਂ ਮਜ਼ਾਰ ਨੂੰ ਤੋੜਨਾ, ਪੁਲਸ ਵੱਲੋਂ ਇਸਦਾ ਕੋਈ ਨੋਟਿਸ ਨਾ ਲੈਣਾ ਤੇ ਸਪੱਸ਼ਟ ਸ਼ਨਾਖ਼ਤ ਹੋਣ ਦੇ ਬਾਵਜੂਦ ਦੋਸ਼ੀਆਂ ਨੂੰ ਗ੍ਰਿਫ਼ਤਾਰ ਨਾ ਕਰਨ ਤੋਂ ਪੁਲਿਸ-ਪ੍ਰਸ਼ਾਸਨ ਦੀ ਮਿਲੀਭੁਗਤ ਸਪੱਸ਼ਟ ਹੈ।ਮਜ਼ਾਰ ਤੋੜੇ ਜਾਣ ਦਾ ਵੀਡੀਓ ਕਲਿੱਪ ਬਣਾ ਕੇ ਸੋਸ਼ਲ ਮੀਡੀਆ ਉੱਪਰ ਸ਼ੇਅਰ ਕਰਨ ਤੋਂ ਸਪਸ਼ਟ ਹੈ ਕਿ ਰਾਜ-ਮਸ਼ੀਨਰੀ ਦੇ ਫਿਰਕੂਕਰਨ ਤੇ ਅਜਿਹੀਆਂ ਮਾਨਵਤਾ ਵਿਰੋਧੀ ਵਾਰਦਾਤਾਂ ਨੂੰ ਰਾਜਕੀ ਤੇ ਰਾਜਨੀਤਕ ਸਰਪ੍ਰਸਤੀ ਕਾਰਨ ਅਜਿਹੇ ਅਨਸਰਾਂ ਦੇ ਹੌਸਲੇ ਕਿੰਨੇ ਵਧ ਚੁੱਕੇ ਹਨ।ਬੁੱਲ੍ਹੇ ਸ਼ਾਹ ਦੀ ਮਜ਼ਾਰ ਨੂੰ ਤੋੜਨ ਦੇ ਦੋਸ਼ੀ ਸਿਰਫ਼ ਫਿਰਕੂ ਹਜੂਮ ਨਹੀਂ।ਮੁੱਖ ਦੋਸ਼ੀ ਨਫ਼ਰਤੀ ਭਾਸ਼ਣਾਂ ਲਈ ਬਦਨਾਮ ਮੁੱਖ ਮੰਤਰੀ ਧਾਮੀ ਹੈ, ਜਿਸ ਨੇ ਲਗਾਤਾਰ ਭੜਕਾਊ ਭਾਸ਼ਣ ਦੇ ਕੇ ਇਹ ਜ਼ਹਿਰੀਲਾ ਮਾਹੌਲ ਬਣਾਇਆ ਹੈ ਤੇ ਜਿਸਦੀ ਸਰਕਾਰ ਮੁਸਲਮਾਨ ਘੱਟਗਿਣਤੀ ਵਿਰੁੱਧ ਨਫ਼ਰਤ ਅਤੇ ਲਗਾਤਾਰ ਝੂਠੀ ਜਾਣਕਾਰੀ ਫੈਲਾ ਕੇ ਫਿਰਕੂ ਪਾਲਾਬੰਦੀ ਕਰ ਜਾ ਰਹੀ ਹੈ।ਫਰੰਟ ਨੇ ਆਗੂਆਂ ਨੇ ਦੇਸ਼ਭਗਤ ਯਾਦਗਾਰ ਕਮੇਟੀ ਦੇ ਸੱਦੇ 'ਤੇ 30 ਜਨਵਰੀ ਨੂੰ ਦੇਸ਼ਭਗਤ ਯਾਦਗਾਰ ਹਾਲ ਵਿਖੇ ਕੀਤੀ ਜਾ ਰਹੀ ਵਿਚਾਰ-ਚਰਚਾ 'ਚ ਹੁੰਮ-ਹੁਮਾ ਕੇ ਪਹੁੰਚਣ ਦੀ ਅਪੀਲ ਕੀਤੀ ਹੈ।

## ਲਾਲਾ ਲਾਜਪਤ ਰਾਏ ਦਾ ਅਜ਼ਾਦੀ ਦੀ ਲਹਿਰ 'ਚ ਅਹਿਮ ਯੋਗਦਾਨ : ਡਾ. ਥਾਪਰ



**ਮੋਗਾ (ਇਕਬਾਲ ਸਿੰਘ ਖਹਿਰਾ)**

ਪੰਜਾਬ ਕੇਸਰੀ ਲਾਲ ਲਾਜਪਤ ਰਾਏ ਜੀ ਦੇ 161ਵੇਂ ਜਨਮ ਦਿਹਾੜੇ 'ਤੇ ਉਨ੍ਹਾਂ ਦੇ ਜਨਮ ਅਸਥਾਨ ਪਿੰਡ ਢੁੱਡੀਕੇ ਉਨ੍ਹਾਂ ਦੇ ਬੁੱਤ ਉੱਪਰ ਫੁੱਲਮਾਲਾ ਅਰਪਤ ਕਰਕੇ ਬੜੇ ਚੰਗੇ ਢੰਗ ਨਾਲ ਮਨਾਇਆ ਗਿਆ।ਇਸ ਮੌਕੇ ਡਾ. ਮਾਲਤੀ ਥਾਪਰ ਸਾਬਕਾ ਮੰਤਰੀ ਪੰਜਾਬ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਲਾਲਾ ਜੀ ਨੇ ਜੋ ਯੋਗਦਾਨ ਭਾਰਤ ਦੇਸ਼ ਦੀ ਆਜ਼ਾਦੀ ਦੀ ਲਹਿਰ ਵਿੱਚ ਪਾਇਆ ਹੈ, ਉਸ ਦਾ ਕੋਈ ਸਾਨੀ ਨਹੀਂ ਹੈ।ਸੰਨ 1919 ਤੋਂ ਜ਼ਿਲ੍ਹਿਆ ਵਾਲੇ ਬਾਗ ਦੇ ਨਿਰਦੋਸ਼ ਹੱਤਿਆ ਕਾਂਡ ਤੋਂ ਬਾਅਦ 1920 ਵਿੱਚ ਉਹ ਇੰਡੀਅਨ ਨੈਸ਼ਨਲ ਕਾਂਗਰਸ ਦੇ ਪ੍ਰਧਾਨ ਬਣੇ ਤੇ ਕਲਕੱਤਾ ਸਮਾਗਮ ਵਿੱਚ ਪ੍ਰਧਾਨਗੀ ਦਿੱਤੀ।1928 ਵਿੱਚ ਉਨ੍ਹਾਂ ਦੇ ਬਲਿਦਾਨ ਤੋਂ ਬਾਅਦ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਨੇ ਬਦਲਾ ਲੈਣ ਲਈ ਅੰਗਰੇਜ਼ੀ ਹਕੂਮਤ ਤੇ ਨੁਮਾਇੰਦੇ ਸਾਂਡਰਸ ਨੂੰ ਗੋਲੀ ਮਾਰੀ ਤੇ ਮਾਰ ਦਿੱਤਾ ਅਤੇ ਅੰਗਰੇਜ਼ ਸਰਕਾਰ ਖਿਲਾਫ ਆਪਣੇ ਗਤੀਵਿਧੀਆਂ ਹੋਰ ਤੇਜ਼ ਕੀਤੀਆਂ। ਗਾਂਧੀ ਨੇ ਵੀ ਕਿਹਾ ਸੀ ਕਿ ਲਾਲਾ ਜੀ ਦੇ ਇੱਕ ਇੱਕ ਵੱਜੀ ਸੱਟ ਮੇਰੀ ਜਿਸਮ ਵਿੱਚ ਵੱਜੀ ਸੱਟ ਦੇ ਬਰਾਬਰ ਮੈਨੂੰ ਮਹਿਸੂਸ ਹੋ ਰਹੀ ਹੈ।ਲਾਲਾ ਜੀ ਸਮਾਜਵਾਦ ਤੇ ਧਰਮ-ਨਿਰਪੱਖਤਾ ਦੇ ਬਹੁਤ ਵੱਡੇ ਹਾਮੀ ਸਨ।ਉਨ੍ਹਾਂ ਦਾ ਪੱਕਾ ਯਕੀਨ ਸੀ ਕਿ ਜੋ ਲੋਕ ਧਾਰਮਿਕ ਦੇ ਆਧਾਰ 'ਤੇ ਨਫਰਤ ਫੈਲਾਉਣ ਦੀ ਹਰਕਤ ਕਰਦੇ ਹਨ। ਉਹ ਸਮਾਜ ਦੇ ਬਹੁਤ ਵੱਡੇ ਦੁਸ਼ਮਣ ਹਨ।ਅੱਜ ਸਮੁੱਚੇ ਦੇਸ਼ ਦੇ ਵਿੱਚ ਜੋ ਸਮਾਜਵਾਦ ਤੇ ਧਰਮ ਨਿਰਪੱਖਤਾ ਦੇ ਖਿਲਾਫ ਰਾਜਨੀਤਕ ਹਾਲਾਤ ਬਣੇ ਹੋਏ ਹਨ, ਉਹ ਲਾਲਾ ਜੀ ਦੇ ਪਾਏ ਹੋਏ ਪੂਰਨਿਆਂ 'ਤੇ ਚੱਲਣ ਨਾਲ ਹੀ ਠੀਕ ਹੋਣਗੇ, ਕਿਉਂਕਿ ਇਹੇ ਸਾਡੇ ਦੇਸ਼ ਲਈ ਬਹੁਤ ਵੱਡਾ ਖਤਰਾ ਹਨ।ਇਸ ਮੌਕੇ ਬੋਲਦੇ ਹੋਏ ਡਾ. ਪਵਨ ਥਾਪਰ ਨੇ ਲਾਲਾ ਲਾਜਪਤ ਰਾਏ ਜੀ ਦੇ ਬੁੱਤ 'ਤੇ ਫੁੱਲ ਅਰਪਤ ਕਰਦੇ ਹੋਏ ਆਪਣੇ ਸੰਬੋਧਨ ਅੰਦਰ ਕਿਹਾ ਕਿ ਅੱਜ ਦੀ ਨਵੀ ਪੀੜ੍ਹੀ ਨੂੰ ਲਾਲਾ ਜੀ ਦੀ ਜ਼ਿੰਦਗੀ ਤੇ ਕੁਰਬਾਨੀ ਤੋਂ ਪ੍ਰੇਰਣਾ ਲੈਣੀ ਚਾਹੀਦੀ ਹੈ, ਜਿਸ ਤਰ੍ਹਾਂ ਸ਼ਹੀਦੇ ਆਜ਼ਮ ਸ੍. ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੇ ਪ੍ਰੇਰਨਾ ਲਈ ਅਤੇ ਆਜ਼ਾਦੀ ਲਈ ਸੰਘਰਸ਼ ਕਰਕੇ ਦੇਸ਼ ਨੂੰ ਆਜ਼ਾਦ ਕਰਵਾਇਆ।ਇਸ ਮੌਕੇ ਰਣਜੀਤ ਸਿੰਘ ਧੰਨਾ, ਡਾ. ਪਵਨ ਥਾਪਰ, ਸਤਨਾਮ ਸਿੰਘ, ਰਜਨੀਸ਼ ਗਰਗ, ਮੋਹਨ ਲਾਲ ਗਰਗ, ਗੁਰਦੇਵ ਸਿੰਘ ਸਾਬਕਾ ਸਰਪੰਚ, ਰਾਜਾ ਜੰਗ ਸਿੰਘ ਸੈਕਟਰੀ ਆਦਿ ਕਮੇਟੀ ਮੈਂਬਰ ਸ਼ਾਮਲ ਹੋਏ।

## ਸਫਾ 1 ਦੇ ਬਾਕੀ...

### ਸਕੂਲ ਦਾ ਨਾਂਅ ...

ਸੁਤੰਤਰਤਾ ਸੰਗਰਾਮੀ ਮੱਘਰ ਸਿੰਘ ਸਰਕਾਰੀ ਹਾਈ ਸਕੂਲ ਫਤਿਹਪੁਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਦਲੇਲ ਸਿੰਘ ਵਾਲਾ ਦਾ ਨਾਂਅ ਕਾਮਰੇਡ ਧਰਮ ਸਿੰਘ ਫੱਕਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਲੇਲ ਸਿੰਘ ਵਾਲਾ ਰੱਖਿਆ ਗਿਆ ਹੈ।ਇਸੇ ਤਰ੍ਹਾਂ ਪੀ ਐੱਮ ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਮੁੰਡੇ), ਭੀਖੀ (ਮਾਨਸਾ) ਦਾ ਨਾਂਅ ਸ਼ਹੀਦ ਕਾਂਸਟੇਬਲ ਜਸਵੰਤ ਸਿੰਘ ਪੀ ਐੱਮ ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਮੁੰਡੇ), ਭੀਖੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਬਖ਼ਸ਼ੀਵਾਲਾ ਦਾ ਨਾਂਅ ਸੁਤੰਤਰਤਾ ਸੰਗਰਾਮੀ ਅਰਜਨ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਖ਼ਸ਼ੀਵਾਲਾ, ਸਰਕਾਰੀ ਮਿਡਲ ਸਕੂਲ, ਲੁਬਾਣਿਆਂਵਾਲੀ (ਸ੍ਰੀ ਮੁਕਤਸਰ ਸਾਹਿਬ) ਦਾ ਨਾਂਅ ਸੁਤੰਤਰਤਾ ਸੰਗਰਾਮੀ ਸਰਵਣ ਸਿੰਘ ਸਰਕਾਰੀ ਮਿਡਲ ਸਕੂਲ ਲੁਬਾਣਿਆਂਵਾਲੀ, ਸਰਕਾਰੀ ਹਾਈ ਸਕੂਲ, ਹਮੀਰਗੜ੍ਹ (ਸੰਗਰੂਰ) ਦਾ ਨਾਂਅ ਸੁਤੰਤਰਤਾ ਸੰਗਰਾਮੀ ਗਿਆਨੀ ਮੁਕੰਦ ਸਿੰਘ ਸਰਕਾਰੀ ਹਾਈ ਸਕੂਲ ਹਮੀਰਗੜ੍ਹ, ਸਰਕਾਰੀ ਮਿਡਲ ਸਕੂਲ ਦੁਲੱਦੀ (ਪਟਿਆਲਾ) ਦਾ ਨਾਂਅ ਸ਼ਹੀਦ ਸਿਪਾਹੀ ਪਿਆਰਾ ਸਿੰਘ ਸਰਕਾਰੀ ਮਿਡਲ ਸਕੂਲ ਦੁਲੱਦੀ, ਸਰਕਾਰੀ ਹਾਈ ਸਕੂਲ, ਰਾਜਪੁਰਾ ਟਾਊਨ ਦਾ ਨਾਂਅ ਸੁਤੰਤਰਤਾ ਸੰਗਰਾਮੀ ਅਮੀਰ ਸਿੰਘ ਸਰਕਾਰੀ ਹਾਈ ਸਕੂਲ ਰਾਜਪੁਰਾ ਟਾਊਨ, ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ, ਕੈਰੇ (ਬਰਨਾਲਾ) ਦਾ ਨਾਂਅ ਸੁਤੰਤਰਤਾ ਸੰਗਰਾਮੀ ਗੁਰਦਿਆਲ ਸਿੰਘ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਕੈਰੇ ਰੱਖਿਆ ਗਿਆ ਹੈ।ਸਰਕਾਰੀ ਪ੍ਰਾਇਮਰੀ ਸਕੂਲ ਟੱਲੇਵਾਲ (ਬਰਨਾਲਾ) ਦਾ ਨਾਂਅ ਸੁਤੰਤਰਤਾ ਸੰਗਰਾਮੀ ਤਾਰਾ ਸਿੰਘ ਸਰਕਾਰੀ ਪ੍ਰਾਇਮਰੀ ਸਕੂਲ ਟੱਲੇਵਾਲ, ਸਰਕਾਰੀ ਐਲੀਮੈਂਟਰੀ ਸਕੂਲ ਹਰਰੰਗਪੁਰਾ ਪਿੰਡੀ (ਬਠਿੰਡਾ) ਦਾ ਨਾਂਅ ਸ਼ਹੀਦ ਸਿਪਾਹੀ ਬੂਟਾ ਸਿੰਘ ਸਰਕਾਰੀ ਐਲੀਮੈਂਟਰੀ ਸਕੂਲ ਹਰਰੰਗਪੁਰਾ ਪਿੰਡੀ, ਸਰਕਾਰੀ ਪ੍ਰਾਇਮਰੀ ਸਕੂਲ ਨੰਗਲ ਫਰੀਦਾ (ਪਠਾਨਕੋਟ) ਦਾ ਨਾਂਅ ਸ਼ਹੀਦ ਸਿਪਾਹੀ ਰਾਈਫਲਮੈਨ ਜੈ ਸਿੰਘ ਸਰਕਾਰੀ ਪ੍ਰਾਇਮਰੀ ਸਕੂਲ ਨੰਗਲ ਫਰੀਦਾ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਡਰੋਲੀ ਖੁਰਦ (ਜਲੰਧਰ) ਦਾ ਨਾਂਅ ਸ਼ਹੀਦ ਕੁਲਵਿੰਦਰ ਸਿੰਘ ਸਰਕਾਰੀ ਪ੍ਰਾਇਮਰੀ ਸਕੂਲ ਡਰੋਲੀ ਖੁਰਦ ਰੱਖਿਆ ਗਿਆ ਹੈ।

### ਯੂ ਜੀ ਸੀ ਦੇ ...

ਨੂੰ ਅਗਲੀ ਸੁਣਵਾਈ ਹੋਵੇਗੀ। ਅਦਾਲਤ ਦੇ ਬੈਂਚ ਨੇ ਕਿਹਾ ਕਿ ਨਵੇਂ ਨਿਯਮਾਂ ਵਿਚ ਆਮ ਵਰਗ ਨਾਲ ਵਿਤਕਰਾ ਹੋ ਸਕਦਾ ਹੈ।

ਚੀਫ ਜਸਟਿਸ ਸੂਰਿਆ ਕਾਂਤ ਨੇ ਕੇਂਦਰ ਨੂੰ ਪੁੱਛਿਆ ਕਿ ਐੱਸ ਸੀ ਤੇ ਐੱਸ ਟੀ ਵਰਗ ਦੇ ਵਿਦਿਆਰਥੀਆਂ ਲਈ ਵੱਖਰੇ ਹੋਸਟਲਾਂ ਦੀ ਗੱਲ ਹੋ ਰਹੀ ਹੈ, ਅਜਿਹਾ ਨਾ ਕੀਤਾ ਜਾਵੇ। ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ ਕਰ ਕੇ ਦੋਸ਼ ਲਾਇਆ ਗਿਆ ਸੀ ਕਿ ਇਹ ਨਿਯਮ ਜਾਤੀ ਆਧਾਰਤ ਵਿਤਕਰੇ ਦੀ ਗੈਰ-ਸਮੂਹਿਕ ਪਰਿਭਾਸ਼ਾ ਅਪਣਾਉਂਦੇ ਹਨ ਅਤੇ ਕੁਝ ਸ਼੍ਰੇਣੀਆਂ ਨੂੰ ਸੰਸਥਾਗਤ ਸੁਰੱਖਿਆ ਤੋਂ ਬਾਹਰ ਰੱਖਦੇ ਹਨ। ਇਨ੍ਹਾਂ ਨਿਯਮਾਂ ਨਾਲ ਜਨਰਲ ਵਰਗ ਵਿਰੁੱਧ ਵਿਤਕਰਾ ਕਰਨ ਦੀ ਸੰਭਾਵਨਾ ਹੈ। ਸੁਪਰੀਮ ਕੋਰਟ ਵਲੋਂ ਯੂ ਜੀ ਸੀ ਦੇ ਨਵੇਂ ਨਿਯਮਾਂ 'ਤੇ ਰੋਕ ਲਾਉਣ ਨਾਲ 2012 ਦੇ ਨਿਯਮ ਲਾਗੂ ਹੋ ਗਏ ਹਨ। ਯੂ ਜੀ ਸੀ ਨੇ ਸਾਰੀਆਂ ਉੱਚ ਸਿੱਖਿਆ ਸੰਸਥਾਵਾਂ ਨੂੰ ਵਿਤਕਰੇ ਦੀਆਂ ਸ਼ਿਕਾਇਤਾਂ ਦੀ ਜਾਂਚ ਕਰਨ ਅਤੇ ਸਮਾਨਤਾ ਨੂੰ ਉਤਸ਼ਾਹਤ ਕਰਨ ਲਈ ਇਕੁਇਟੀ ਕਮੇਟੀਆਂ ਬਣਾਉਣ ਦੇ ਨਵੇਂ ਨਿਯਮਾਂ ਨੂੰ 13 ਜਨਵਰੀ ਨੂੰ ਅਧਿਸੂਚਿਤ ਕੀਤਾ ਸੀ।

### ਭਾਰਤ-ਈ ਯੂ ਵਪਾਰ...

ਦੀ ਖੇਤੀਬਾੜੀ ਆਧਾਰਿਤ ਅਰਥ ਵਿਵਸਥਾ ਅਤੇ ਘਰੇਲੂ ਉਦਯੋਗ ਦੀ ਹੋਂਦ ਲਈ ਖ਼ਤਰਾ ਹੈ।ਭਾਰੀ ਸਬਸਿਡੀ ਵਾਲੀ ਯੂਰਪੀ ਖੇਤੀਬਾੜੀ ਅਤੇ ਦੁੱਧ ਉਤਪਾਦਾਂ ਨੂੰ ਭਾਰਤੀ ਮੰਡੀ ਵਿੱਚ ਆਉਣ ਦੀ ਖੁੱਲ੍ਹ ਦੇਣ ਨਾਲ ਲੱਖਾਂ ਕਿਸਾਨ ਤਬਾਹ ਹੋ ਜਾਣਗੇ ਅਤੇ ਸਾਡੇ ਦੇਸ਼ ਦੀ ਖੁਰਾਕ ਸੁਰੱਖਿਆ ਖ਼ਤਰੇ ਵਿੱਚ ਪੈ ਜਾਵੇਗੀ। ਇਸ ਦੇ ਨਾਲ-ਨਾਲ, ਟੈਰਿਫ਼ ਖ਼ਤਮ ਕਰਨ ਨਾਲ ਤਿਆਰਸ਼ੁਦਾ ਉਦਯੋਗਿਕ ਸਮਾਨ ਮਾਰਕੀਟ ਵਿੱਚ ਭਰ ਜਾਵੇਗਾ, ਜਿਸ ਨਾਲ ਉਦਯੋਗੀਕਰਨ ਨੂੰ ਪੁੱਠਾ ਗੇੜਾ, ਵੱਡੇ ਪੱਧਰ 'ਤੇ ਰੁਜ਼ਗਾਰ ਵਿੱਚ ਕਟੌਤੀ ਅਤੇ ਬਹੁਤ ਛੋਟੇ, ਛੋਟੇ ਅਤੇ ਦਰਮਿਆਨੇ ਉਦਯੋਗਾਂ (ਐੱਮ ਐੱਸ ਐੱਮ ਈ) ਦੀ ਤਬਾਹੀ ਹੋਵੇਗੀ।ਇਸ ਤੋਂ ਇਲਾਵਾ ਯੂਰਪੀ ਯੂਨੀਅਨ ਦੀ ਪ੍ਰਸਤਾਵਤ ਬੌਧਿਕ ਸੰਪਦਾ ਪ੍ਰਣਾਲੀ ਭਾਰਤ ਦੇ ਜੈਨਰਿਕ ਦਵਾਈ ਉਦਯੋਗ ਨੂੰ ਨਕਾਰਾ ਕਰ ਦੇਵੇਗੀ, ਜ਼ਰੂਰੀ ਦਵਾਈਆਂ ਮਹਿੰਗੀਆਂ ਹੋਣਗੀਆਂ ਅਤੇ ਵਿਸ਼ਵ ਪੱਧਰ ਤੇ ਜਨ ਸਿਹਤ ਸੇਵਾਵਾਂ ਨਾਲ ਧੋਖਾ ਹੋਵੇਗਾ।

ਇਸ ਸਮਝੌਤੇ ਦਾ ਰਣਨੀਤਕ ਪੱਖ ਵੀ ਉਨਾਂ ਹੀ ਚਿੰਤਾਜਨਕ ਹੈ, ਜਿਸ ਦਾ ਮਕਸਦ ਭਾਰਤ-ਮੱਧ ਪੂਰਬ-ਯੂਰਪ ਆਰਥਿਕ ਕਾਰੀਡੋਰ (ਆਈ ਐੱਮ ਈ ਸੀ) ਨੂੰ ਮਜ਼ਬੂਤ ਕਰਨਾ ਹੈ, ਜਿਸ ਵਿੱਚ ਇਸਰਾਈਲ ਦੀ ਹਾਇਫ਼ਾ ਬੰਦਰਗਾਹ ਨੂੰ ਮੁੱਖ ਪੜਾਅ ਕੇਂਦਰ ਵਜੋਂ ਨਿਰਧਾਰਤ ਕੀਤਾ ਜਾ ਰਿਹਾ ਹੈ। ਉਹ ਵੀ ਅਜਿਹੇ ਸਮੇਂ ਵਿੱਚ, ਜਦੋਂ ਦੁਨੀਆ ਭਰ ਦੇ ਲੋਕ ਗਾਜ਼ਾ ਵਿੱਚ ਇਸਰਾਈਲ ਦੀ ਨਸਲਕੁਸ਼ੀ ਹਮਲਾਵਰਤਾ ਅਤੇ ਰੰਗ-ਭੇਦ ਦੀਆਂ ਨੀਤੀਆਂ ਖ਼ਿਲਾਫ਼ ਪਾਬੰਦੀਆਂ ਦੀ ਮੰਗ ਕਰ ਰਹੇ ਹਨ, ਭਾਰਤ ਸਰਕਾਰ ਵੱਲੋਂ ਇਸ ਸਮਝੌਤੇ ਰਾਹੀਂ ਇਸਰਾਈਲ ਨਾਲ ਆਰਥਿਕ ਅਤੇ ਰਣਨੀਤਕ ਸੰਬੰਧ ਹੋਰ ਗਹਿਰੇ ਕਰਨਾ ਨਿੰਦਣਯੋਗ ਅਤੇ ਅਸਵੀਕਾਰਯੋਗ ਹੈ।

ਇਸ ਲਈ ਸੀ ਪੀ ਆਈ ਸਾਰੀਆਂ ਵਾਰਤਾਵਾਂ ਨੂੰ ਤੁਰੰਤ ਰੋਕਣ ਦੀ ਮੰਗ ਕਰਦੀ ਹੈ ਅਤੇ ਸਾਰੇ ਮਸੌਦਾ ਦਸਤਾਵੇਜ਼ਾਂ ਦੀ ਸੰਸਦ ਵੱਲੋਂ ਪੂਰੀ ਜਾਂਚ ਪੜਤਾਲ ਦੀ ਮੰਗ ਕਰਦੀ ਹੈ। ਪਾਰਟੀ ਨੇ ਕਿਹਾ ਹੈ ਕਿ ਅਸੀਂ ਸਾਰੀਆਂ ਲੋਕਤੰਤਰਿਕ ਤਾਕਤਾਂ, ਟ੍ਰੇਡ ਯੂਨੀਅਨਾਂ, ਕਿਸਾਨ ਸੰਗਠਨਾਂ ਅਤੇ ਨਾਗਰਿਕ ਸਮਾਜ ਨੂੰ ਅਪੀਲ ਕਰਦੇ ਹਾਂ ਕਿ ਇਸ ਨੁਕਸਾਨਦੇਹ ਸਮਝੌਤੇ ਖ਼ਿਲਾਫ਼ ਵਿਸ਼ਾਲ ਆਧਾਰ ਵਾਲੀ ਕੌਮੀ ਲਹਿਰ ਉਸਾਰਨ ਵਿੱਚ ਸ਼ਾਮਿਲ ਹੋਣ।ਅਸੀਂ ਕਿਸੇ ਵੀ ਐਸੇ ਸਮਝੌਤੇ ਦਾ ਵਿਰੋਧ ਕਰਨ ਦਾ ਵਚਨ ਦਿੰਦੇ ਹਾਂ, ਜੋ ਵਿਦੇਸ਼ੀ ਕਾਰਪੋਰੇਟ ਘਰਾਣਿਆਂ ਦੇ ਹਿੱਤਾਂ ਲਈ ਭਾਰਤ ਦੇ ਮਜ਼ਦੂਰਾਂ, ਕਿਸਾਨਾਂ ਅਤੇ ਰਾਸ਼ਟਰੀ ਅਰਥਵਿਵਸਥਾ ਦੀ ਕੁਰਬਾਨੀ ਦਿੰਦਾ ਹੋਵੇ।

### ਜਲੰਧਰ ਦੀ ਹੱਦ ਵਿੱਚ...

ਨੂੰ ਪੂਰੇ ਦਿਨ ਦੀ ਛੁੱਟੀ ਦਾ ਐਲਾਨ ਕੀਤਾ ਗਿਆ ਹੈ। ਹੁਕਮਾਂ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਜਿਨ੍ਹਾਂ ਸਕੂਲਾਂ/ਕਾਲਜਾਂ ਵਿੱਚ ਬੋਰਡ/ਯੂਨੀਵਰਸਿਟੀ ਦੀਆਂ ਪ੍ਰੀਖਿਆਵਾਂ ਉਕਤ ਮਿਤੀ 'ਤੇ ਨਿਰਧਾਰਿਤ ਹਨ, ਉਨ੍ਹਾਂ ਸਬੰਧਤ ਜਮਾਤਾਂ 'ਤੇ ਇਸ ਛੁੱਟੀ ਦੇ ਹੁਕਮ ਲਾਗੂ ਨਹੀਂ ਹੋਣਗੇ।

### ਪੰਜਾਬ ਸਰਕਾਰ ਵੱਡੇ ...

ਕਿਹਾ ਕਿ 4 ਸ਼ੋਭਾ ਯਾਤਰਾਵਾਂ ਵਾਰਾਨਸੀ-ਖੁਰਾਲਗੜ੍ਹ ਸਾਹਿਬ, ਫ਼ਰੀਦਕੋਟ-ਖੁਰਾਲਗੜ੍ਹ ਸਾਹਿਬ, ਬਠਿੰਡਾ-ਖੁਰਾਲਗੜ੍ਹ ਸਾਹਿਬ ਅਤੇ ਜੰਮੂ-ਖੁਰਾਲਗੜ੍ਹ ਸਾਹਿਬ ਆਦਿ ਸਜਾਈਆਂ ਜਾਣਗੀਆਂ। ਉਨ੍ਹਾ ਦੱਸਿਆ ਕਿ ਇਨ੍ਹਾਂ ਸਮਾਗਮਾਂ ਸੰਬੰਧੀ ਇੱਕ ਵਿਸ਼ੇਸ਼ ਲੋਗੋ ਵੀ ਤਿਆਰ ਕੀਤਾ ਜਾਵੇਗਾ ਅਤੇ ਸ੍ਰੀ ਗੁਰੂ ਰਵਿਦਾਸ ਜੀ ਨੂੰ ਸਮਰਪਤ ਇੱਕ ਸਿੱਕਾ ਵੀ ਜਾਰੀ ਕੀਤਾ ਜਾਵੇਗਾ।

### ਥਰੂਰ ਨੇ ਖੜਗੇ ਤੇ ...

ਮੌਜੂਦਗੀ ਨੂੰ ਸਵੀਕਾਰ ਨਾ ਕਰਨ ਅਤੇ ਸੂਬਾਈ ਆਗੂਆਂ ਵੱਲੋਂ ਉਨ੍ਹਾਂ ਨੂੰ 'ਸਾਈਡਲਾਈਨ' ਕਰਨ ਦੀਆਂ ਕੋਸ਼ਿਸ਼ਾਂ ਕਾਰਨ ਹੋਈ। ਥਰੂਰ ਦੇ ਕਰੀਬੀਆਂ ਮੁਤਾਬਕ 19 ਜਨਵਰੀ ਨੂੰ ਕੋਚੀ ਵਿੱਚ ਸਮਾਗਮ ਦੌਰਾਨ ਰਾਹੁਲ ਗਾਂਧੀ ਨੇ ਮੰਚ 'ਤੇ ਮੌਜੂਦ ਕਈ ਸੀਨੀਅਰ ਆਗੂਆਂ ਦੇ ਨਾਂਅ ਲਏ, ਪਰ ਸ਼ਸ਼ੀ ਥਰੂਰ ਨੂੰ ਨਜ਼ਰਅੰਦਾਜ਼ ਕਰ ਦਿੱਤਾ। ਇਸ ਤੋਂ ਪਹਿਲਾਂ ਵੀ ਸੂਬਾਈ ਆਗੂਆਂ ਨੇ ਉਨ੍ਹਾਂ ਨੂੰ ਨਜ਼ਰਅੰਦਾਜ਼ ਕਰਨ ਦੀ ਕੋਸ਼ਿਸ਼ ਕੀਤੀ ਸੀ, ਜਿਸ ਨਾਲ ਉਹ ਅਸਹਿਜ ਮਹਿਸੂਸ ਕਰ ਰਹੇ ਸਨ।

## ਊਰਜਾ ਦੇ ਭਵਿੱਖ ਨੂੰ ਆਕਾਰ ਦੇਣ ਤੇ ਸਮੁਦਾਇ ਸਸ਼ਕਤ ਬਣਾਉਣ 'ਚ ਐਚਐਮਈਐਲ ਦੀ ਅਹਿਮ ਭੂਮਿਕਾ : ਗੋਹਿਲ

**ਤਲਵੰਡੀ ਸਾਬੋ (ਜਗਦੀਪ ਗਿੱਲ)**

ਐਚਪੀਸੀਐਲ-ਮਿੱਤਲ ਐਨਰਜੀ ਲਿਮ. ਗੁਰੂ ਗੋਬਿੰਦ ਸਿੰਘ ਰਿਫਾਇਨਰੀ ਵੱਲੋਂ ਬਠਿੰਡਾ ਟਾਊਨਸ਼ਿਪ, ਪਾਈਪਲਾਈਨ ਦਫ਼ਤਰ ਸਮੇਤ ਵੱਖ-ਵੱਖ ਵਪਾਰਕ ਸਥਾਨਾਂ 'ਤੇ ਗਣਤੰਤਰ ਦਿਵਸ ਬੜੇ ਉਤਸ਼ਾਹ ਤੇ ਦੇਸ਼ਭਗਤੀ ਦੇ ਜਜ਼ਬੇ ਨਾਲ ਮਨਾਇਆ ਗਿਆ। ਸਮਾਰੋਹ 'ਚ ਕ੍ਰਮਚਾਰੀਆਂ ਤੇ ਉਨ੍ਹਾਂ ਦੇ ਪਰਵਾਰਾਂ ਨੇ ਭਰਪੂਰ ਭਾਗੀਦਾਰੀ ਕੀਤੀ, ਜਿਸ ਨਾਲ ਇਹ ਦਿਨ ਰਾਸ਼ਟਰੀ ਮਾਣ ਤੇ ਏਕਤਾ ਦਾ ਪ੍ਰਤੀਕ ਬਣ ਗਿਆ।ਮੌਕੇ 'ਤੇ ਮਿਲੇਨੀਅਮ ਸਕੂਲ ਦੇ ਵਿਦਿਆਰਥੀਆਂ ਵੱਲੋਂ ਦੇਸ਼ਭਗਤੀ ਗੀਤਾਂ ਦੀ ਮਨਮੋਹਕ ਪ੍ਰਸਤੁਤੀ ਨੇ ਸਮਾਰੋਹ ਦੀ ਰੌਣਕ ਹੋਰ ਵਧਾ ਦਿੱਤੀ।

ਐਚਐਮਈਐਲ ਬਠਿੰਡਾ ਟਾਊਨਸ਼ਿਪ 'ਚ ਹੋਏ ਸਮਾਰੋਹ ਦੌਰਾਨ ਐਚਐਮਈਐਲ ਦੇ ਸੀਓਓ ਸ੍ਰੀ ਐਮ. ਬੀ. ਗੋਹਿਲ ਨੇ ਰਾਸ਼ਟਰੀ ਝੰਡਾ ਲਹਿਰਾਇਆ ਤੇ ਸਮੂਹ ਨੂੰ ਸੰਬੋਧਨ ਕੀਤਾ।ਉਨ੍ਹਾਂ ਨੇ ਰਿਫਾਇਨਰੀ ਦੇ ਸੁਰੱਖਿਅਤ ਅਤੇ ਸਫ਼ਲ ਟਰਨਅਰਾਊਂਡ ਲਈ ਕ੍ਰਮਚਾਰੀਆਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਸਫਲਤਾ ਉਨ੍ਹਾਂ ਦੀ ਸਮਰਪਣ ਭਾਵਨਾ ਅਤੇ ਮੇਹਨਤ ਨਾਲ ਹੀ ਸੰਭਵ ਹੋਈ ਹੈ।ਗਣਤੰਤਰ ਦਿਵਸ ਨੂੰ ਸਾਂਝੀ ਜ਼ਿੰਮੇਵਾਰੀ ਦੱਸਦਿਆਂ ਉਨ੍ਹਾਂ ਕਿਹਾ ਕਿ ਭਾਰਤ ਦੇ ਊਰਜਾ ਭਵਿੱਖ ਨੂੰ ਆਕਾਰ ਦੇਣ ਅਤੇ ਸਥਾਨਕ ਸਮੁਦਾਇ ਨੂੰ ਸਸ਼ਕਤ ਬਣਾਉਣ ਵਿੱਚ ਐਚਐਮਈਐਲ ਦੀ ਮਹੱਤਵਪੂਰਨ ਭੂਮਿਕਾ ਰਹੀ ਹੈ।

ਸ੍ਰੀ ਗੋਹਿਲ ਨੇ ਕਿਹਾ ਕਿ ਇਹ ਦਿਨ ਸਾਨੂੰ ਆਜ਼ਾਦੀ ਸੰਗਰਾਮੀਆਂ ਦੇ ਬਲਿਦਾਨਾਂ ਦੀ ਯਾਦ ਦਿਵਾਉਂਦਾ ਹੈ ਅਤੇ ਉਨ੍ਹਾਂ ਲੋਕਤੰਤਰਕ ਮੁੱਲਾਂ ਦੀ ਰੱਖਿਆ ਕਰਨ ਦੀ ਜ਼ਿੰਮੇਵਾਰੀ ਸੌਂਪਦਾ ਹੈ, ਜਿਨ੍ਹਾਂ ਲਈ ਉਨ੍ਹਾਂ ਨੇ ਸੰਘਰਸ਼ ਕੀਤਾ।ਇੱਕ ਰਾਸ਼ਟਰ ਵਜੋਂ ਅਸੀਂ ਕਰੋੜਾਂ ਨਾਗਰਿਕਾਂ ਦੀ ਸਾਂਝੀ ਕੋਸ਼ਿਸ਼ ਨਾਲ ਤਰੱਕੀ ਦੀ ਮਜ਼ਬੂਤ ਨੀਂਹ ਰੱਖੀ ਹੈ।ਇਹ ਯਾਤਰਾ ਐਚਐਮਈਐਲ ਦੀ ਯਾਤਰਾ ਨਾਲ ਵੀ ਮਿਲਦੀ-ਜੁਲਦੀ ਹੈ—ਗ੍ਰੀਨਫੀਲਡ ਰਿਫਾਇਨਰੀ ਪ੍ਰੋਜੈਕਟ ਤੋਂ ਪੈਟਰੋਕੈਮਿਕਲ ਖੇਤਰ ਦੀ ਇੱਕ ਵੱਡੀ ਇਕਾਈ ਬਣਨ ਤੱਕ ਤੇ ਹੁਣ ਗ੍ਰੀਨ ਐਨਰਜੀ, ਕੇਮਿਕਲਜ਼, ਰਿਟੇਲ ਆਉਟਲੈੱਟਸ ਸਮੇਤ ਹੋਰ ਕਾਰੋਬਾਰਾਂ ਵੱਲ ਅੱਗੇ ਵਧ ਰਹੀ ਹੈ।

ਰਜਿਸਟਰੀ ਨੰ. ਡੀ.ਐਲ.-33004/99 — Regd. No. D.L.-33004/99

सत्यमेव जयते

# ਭਾਰਤ ਦਾ ਰਾਜਪੱਤਰ
# The Gazette of India

ਸੀ.ਜੀ.-ਡੀ.ਐਲ.-ਅ.-19012026-269425
CG-DL-E-19012026-269425

ਅਸਾਧਾਰਨ
**EXTRAORDINARY**
ਭਾਗ II-ਸੈਕਸ਼ਨ 3-ਉਪ-ਸੈਕਸ਼ਨ (ii)
Part II-Section 3-Sub-section (ii)
ਪ੍ਰਾਧਿਕਾਰ ਤੋਂ ਪ੍ਰਕਾਸ਼ਿਤ
**PUBLISHED BY AUTHORITY**

ਨੰ. 219] ਨਵੀਂ ਦਿੱਲੀ, ਸ਼ੁਕਰਵਾਰ, ਜਨਵਰੀ 16, 2026/ਪੋਹ 26, 1947
No. 219] NEW DELHI, FRIDAY, JANUARY 16, 2026/PAUSHA 2, 1947

ਰੇਲ ਮੰਤਰਾਲਾ
[(ਉਤਰ ਰੇਲਵੇ (ਨਿਰਮਾਣ ਸੰਗਠਨ)]
ਅਧਿਸੂਚਨਾ
ਨਵੀਂ ਦਿੱਲੀ, 14 ਜਨਵਰੀ, 2026

ਕਾ.ਆ.241 (ਅ).-ਰੇਲ ਅਧਿਨਿਯਮ, 1989 (2008 ਵਿਚ ਸੰਸ਼ੋਧਿਤ) ਦੀ ਧਾਰਾ 2 ਦੇ ਉਪਖੰਡ (7-ਏ) ਦੁਆਰ ਪ੍ਰਦਤ ਸ਼ਕਤੀਆਂ ਦਾ ਪ੍ਰਯੋਗ ਕਰਦੇ ਹੋਏ, ਕੇਂਦਰੀ ਸਰਕਾਰ ਇਸ ਦੁਆਰਾ ਸਰਕਾਰੀ ਰਾਜਪੱਤਰ ਵਿਚ ਅਧਿਸੂਚਨਾ ਦੇ ਪ੍ਰਕਾਸ਼ਨ ਦੀ ਮਿਤੀ ਤੋਂ ਪ੍ਰਭਾਵੀ ਹੇਠਾਂ ਤਾਲਿਕਾ ਦੇ ਕਾਲਮ (2) ਵਿਚ ਵਰਣਿਤ ਅਧਿਕਾਰੀ ਨੂੰ ਪ੍ਰਾਧਿਕ੍ਰਿਤ ਕਰਦੀ ਹੈ ਕਿ ਉਹ ਤਾਲਿਕਾ ਦੇ ਕਾਲਮ (4) ਵਿਚ ਵਰਣਿਤ ਰੇਲਵੇ ਪ੍ਰੋਜੈਕਟ ਦੇ ਕੰਮ-ਨਿਪਟਾਰੇ, ਅਨੁਪਾਲਨ, ਪ੍ਰਬੰਧਨ ਅਤੇ ਪਰਿਚਾਲਨ ਲਈ ਕਾਲਮ (3) ਵਿਚ ਵਰਣਿਤ ਰਾਜ ਵਿਚ ਸਮਰਥ ਪ੍ਰਾਧਿਕਾਰੀ ਦੇ ਰੂਪ ਵਿਚ ਕੰਮ ਨਿਪਟਾਰਾ ਕਰੋ।

| ਲ.ਨੰ. | ਸਮਰਥ ਅਧਿਕਾਰੀ | ਰਾਜ | ਰੇਲਵੇ ਪ੍ਰੋਜੈਕਟ ਦਾ ਨਾਮ |
|---|---|---|---|
| (1) | (2) | (3) | (4) |
| 1 | ਜਿਲਾ ਰਾਜਸਵ ਅਧਿਕਾਰੀ, ਅੰਬਾਲਾ | ਹਰਿਆਣਾ | ਅੰਬਾਲਾ ਛਾਉਣੀ ਤੋਂ ਸਾਹਨੇਵਾਲ ਦੇ ਵਿਚ ਚੌਥੀ ਲਾਈਨ ਅਤੇ ਲੁਧਿਆਣਾ ਤੋਂ ਜਲੰਧਰ ਛਾਊਣੀ ਦੇ ਵਿਚ ਤੀਜੀ ਲਾਈਨ (138.138 ਕਿਮੀ.ਮੀ) |

ਕਾ.ਆ.242 (ਅ).-ਰੇਲ ਅਧਿਨਿਯਮ, 1989 (2008 ਵਿਚ ਸੰਸ਼ੋਧਿਤ) ਦੀ ਧਾਰਾ 20-ਐਫ ਦੇ ਉਪਖੰਡ (6) ਦੁਆਰ ਪ੍ਰਦਤ ਸ਼ਕਤੀਆਂ ਦਾ ਪ੍ਰਯੋਗ ਕਰਦੇ ਹੋਏ, ਕੇਂਦਰੀ ਸਰਕਾਰ ਇਸ ਦੁਆਰਾ ਸਰਕਾਰੀ ਰਾਜਪੱਤਰ ਵਿਚ ਅਧਿਸੂਚਨਾ ਦੇ ਪ੍ਰਕਾਸ਼ਨ ਦੀ ਮਿਤੀ ਤੋਂ ਪ੍ਰਭਾਵੀ ਹੇਠਾਂ ਤਾਲਿਕਾ ਦੇ ਕਾਲਮ (2) ਵਿਚ ਵਰਣਿਤ ਅਧਿਕਾਰੀ ਨੂੰ ਪ੍ਰਾਧਿਕ੍ਰਿਤ ਕਰਦੀ ਹੈ ਕਿ ਉਹ ਤਾਲਿਕਾ ਦੇ ਕਾਲਮ (4) ਵਿਚ ਵਰਣਿਤ ਰੇਲਵੇ ਪ੍ਰੋਜੈਕਟ ਦੇ ਕੰਮ-ਨਿਪਟਾਰੇ, ਅਨੁਪਾਲਨ, ਪ੍ਰਬੰਧਨ ਅਤੇ ਪਰਿਚਾਲਨ ਲਈ ਕਾਲਮ (3) ਵਿਚ ਵਰਣਿਤ ਰਾਜ ਵਿਚ ਸਮਰਥ ਪ੍ਰਾਧਿਕਾਰੀ ਦੇ ਰੂਪ ਵਿਚ ਕੰਮ ਨਿਪਟਾਰਾ ਕਰੋ।

| ਲ.ਨੰ. | ਆਬ੍ਰਿਟ੍ਰੇਟਰ | ਰਾਜ | ਰੇਲਵੇ ਪ੍ਰੋਜੈਕਟ ਦਾ ਨਾਮ |
|---|---|---|---|
| (1) | (2) | (3) | (4) |
| 1 | ਮੰਡਲ ਕਮਿਸ਼ਨਰ, ਅੰਬਾਲਾ | ਹਰਿਆਣਾ | ਅੰਬਾਲਾ ਛਾਉਣੀ ਤੋਂ ਸਾਹਨੇਵਾਲ ਦੇ ਵਿਚ ਚੌਥੀ ਲਾਈਨ ਅਤੇ ਲੁਧਿਆਣਾ ਤੋਂ ਜਲੰਧਰ ਛਾਊਣੀ ਦੇ ਵਿਚ ਤੀਜੀ ਲਾਈਨ (138.138 ਕਿਮੀ.ਮੀ) |

[ ਫਾ. ਨੰ. 190-W/Land/UMB/LDH-JUC]
ਸ਼ੈਲੇਸ਼ ਕੁਮਾਰ ਮਿਸ਼ਰਾ, ਮੁੱਖ ਪ੍ਰਸ਼ਾਸਨਿਕ ਅਧਿਕਾਰੀ/ਉਸਾਰੀ

297/26

## ਗਣਤੰਤਰ ਦਿਵਸ ਤੇ ਸਮਾਜ ਸੇਵੀ ਗੁਰਜੀਤ ਸਿੰਘ ਢਿੱਲੋਂ ਦਾ ਸਨਮਾਨ



**ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-2011 ਤੋਂ ਲਗਾਤਾਰ ਸਮਾਜ ਸੇਵਾ ਦੇ ਖੇਤਰ ਵਿੱਚ ਸੇਵਾਵਾਂ ਨਿਭਾ ਰਹੇ ਗੁਰਜੀਤ ਸਿੰਘ ਢਿੱਲੋਂ ਕਰੋਨਾ ਸਮੇਂ ਦੌਰਾਨ ਡਰਾਈ ਰਾਸ਼ਨ ਦੀ ਸੇਵਾ ਅਤੇ ਸਿੱਖਿਆ ਖੇਤਰ ਵਿੱਚ ਸਕਿਲ ਦੇ ਕੋਰਸ ਬੱਚਿਆਂ ਨੂੰ ਮੁਫਤ ਸਿੱਖਿਆ ਪ੍ਰਦਾਨ ਕਰ ਰਹੇ ਹਨ। ਉਸ ਦੇ ਨਾਲ ਨਾਲ ਖੂਨਦਾਨ ਮਹਾਂਦਾਨ ਖੇਤਰ ਵਿੱਚ ਲਗਾਤਾਰ ਨਿਰਸਵਾਰਥ ਦਿਨ ਰਾਤ ਸੇਵਾ ਨਿਭਾ ਰਹੇ ਹਨ। ਸਮੇਂ ਸਮੇਂ ਸਿਰ ਲੋੜਵੰਦਾਂ ਨੂੰ ਖੂਨ ਦਾਨ ਕਰਵਾ ਰਹੇ ਹਨ ਅਤੇ ਖੁਦ ਵੀ 50 ਤੋਂ ਵੱਧ ਵਾਰ ਖੂਨ ਦਾਨ ਕਰ ਚੁੱਕੇ ਹਨ। ਕਈ ਸੁਸਾਇਟੀਆਂ ਦੇ ਪ੍ਰਧਾਨ ਅਤੇ ਅਹੁਦੇਦਾਰ ਵੀ ਹਨ। ਜਸਵਿੰਦਰ ਸਿੰਘ ਢਿੱਲੋਂ ਮੈਮੋਰੀਅਲ ਵੈਲਫੇਅਰ ਸੋਸਾਇਟੀ ਰਜਿਸਟਰਡ ਪੰਜਾਬ ਦੇ ਪ੍ਰਧਾਨ ਹਨ। ਮੁਫਤ ਬੱਚਿਆਂ ਨੂੰ ਸਿੱਖਿਆ ਸ਼ੇਖ ਫਰੀਦ ਵੋਕੇਸ਼ਨਲ ਸੈਂਟਰ ਜੋ ਕਿ 2014 ਤੋਂ ਚੱਲ ਰਿਹਾ ਹੈ ਵਿੱਚ ਇਹ ਪ੍ਰਧਾਨਗੀ ਕਰ ਰਹੇ ਹਨ। ਉਹਨਾਂ ਦੀਆਂ ਇਹਨਾਂ ਸੇਵਾਵਾਂ ਨੂੰ ਦੇਖਦੇ ਹੋਏ ਪੰਜਾਬ ਦੇ ਮੰਤਰੀ ਸੰਜੀਵ ਅਰੋੜਾ ਨੇ ਫਰੀਦਕੋਟ ਵਿੱਚ ਕੀਤੇ ਗਏ ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਸਮਾਗਮ ਦੌਰਾਨ ਸਨਮਾਨ ਪੱਤਰ ਦੇ ਕੇ ਸਨਮਾਨਤ ਕੀਤਾ। ਇਸ ਸਮੇਂ ਡਿਪਟੀ ਕਮਿਸ਼ਨਰ ਪੂਰਨਦੀਪ ਕੌਰ, ਆਈ ਜੀ ਨਿਲੰਬਰੀ ਜਗਦਲੇ ਅਤੇ ਐਸ ਐਸ ਪੀ ਡਾ. ਪ੍ਰਗਿਆ ਜੈਨ ਮੌਜੂਦ ਸੀ।

## ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਦੇ ਕੱਟੇ ਚਲਾਨ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸ਼ਹਿਰ ਵਿੱਚ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਦੇ ਟ੍ਰੈਫਿਕ ਇੰਚਾਰਜ ਮਾਛੀਵਾੜਾ ਜਸਵੀਰ ਸਿੰਘ ਵੱਲੋਂ ਚਲਾਨ ਕੱਟੇ ਗਏ। ਜਾਣਕਾਰੀ ਦਿੰਦਿਆਂ ਪੁਲਸ ਜ਼ਿਲ੍ਹਾ ਖੰਨਾ ਦੇ ਐੱਸ ਐੱਸ ਪੀ ਦਰਪਣ ਆਹਲੂਵਾਲੀਆ ਦੇ ਨਿਰਦੇਸ਼ ਹਨ ਕਿ ਜਿਹੜਾ ਵੀ ਵਿਅਕਤੀ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਦਾ ਹੈ ਉਸ ਖਿਲਾਫ਼ ਸਖ਼ਤੀ ਵਰਤੀ ਜਾਵੇ ਤਾਂ ਜੋ ਹਾਦਸਿਆਂ ਤੋਂ ਬਚਾਅ ਹੋ ਸਕੇ। ਟ੍ਰੈਫਿਕ ਇੰਚਾਰਜ ਨੇ ਦੱਸਿਆ ਕਿ ਲੋਕ ਗਾਂਧੀ ਚੌਕ ਵਿੱਚ ਗਲਤ ਥਾਂ 'ਤੇ ਆਪਣੇ ਵਾਹਨ ਪਾਰਕਿੰਗ ਕਰ ਆਵਾਜਾਈ ਵਿੱਚ ਵਿਘਨ ਪਾਉਂਦੇ ਹਨ, ਜਿਸ ਕਾਰਨ ਉੱਥੇ ਜਾਮ ਵਾਲੀ ਸਥਿਤੀ ਬਣੀ ਰਹਿੰਦੀ ਹੈ ਤੇ ਅੱਜ ਵਿਸ਼ੇਸ਼ ਤੌਰ 'ਤੇ ਅਜਿਹੇ ਉਲੰਘਣਾ ਕਰਨ ਵਾਲਿਆਂ ਦੇ ਚਲਾਨ ਕੱਟੇ ਗਏ। ਉਨ੍ਹਾਂ ਦੱਸਿਆ ਕਿ ਸ਼ਹਿਰ ਵਿੱਚ 20 ਤੋਂ ਵੱਧ ਚਲਾਨ ਕੱਟੇ ਗਏ ਤੇ ਤਿੰਨ ਵਾਹਨਾਂ ਨੂੰ ਬੰਦ ਕਰ ਦਿੱਤਾ ਗਿਆ। ਇਸ ਤੋਂ ਇਲਾਵਾ ਬਿਨਾਂ ਨੰਬਰ ਤੋਂ ਘੁੰਮਦੇ ਦੋ ਪਹੀਆ ਵਾਹਨਾਂ 'ਤੇ ਵੀ ਸਖ਼ਤ ਸ਼ਿਕੰਜਾ ਕੱਸਿਆ ਜਾ ਰਿਹਾ ਹੈ ਤੇ ਬੁਲਿਟ ਮੋਟਰਸਾਈਕਲ 'ਤੇ ਪਟਾਕੇ ਮਾਰਨ ਵਾਲੇ ਵੀ ਬਖ਼ਸ਼ੇ ਨਹੀਂ ਜਾਣਗੇ। ਟ੍ਰੈਫਿਕ ਇੰਚਾਰਜ ਜਸਵੀਰ ਸਿੰਘ ਨੇ ਕਿਹਾ ਕਿ ਲੋਕ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਤਾਂ ਜੋ ਉਹ ਭਾਰੀ ਜੁਰਮਾਨੇ ਤੋਂ ਬਚ ਸਕਣ।

## ਥਬ ਬਲਾਓ ਕੁਗਫੂ ਅਕੈਡਮੀ ਨੇ ਖਿਡਾਰੀਆਂ ਦਾ ਲਿਆ ਬੈਲਟ ਟੈਸਟ



**ਜਲੰਧਰ (ਨ ਜ਼ ਸ)**-ਥਬ ਬਲਾਓ ਕੁਗਫੂ ਅਕੈਡਮੀ ਜਲੰਧਰ ਵੱਲੋਂ ਖਿਡਾਰੀਆਂ ਦਾ ਬੈਲਟ ਟੈਸਟ ਪੂਰੇ ਅਨੁਸ਼ਾਸਨ ਤੇ ਖੇਡ ਮਾਹੌਲ ਵਿਚ ਕਰਵਾਇਆ ਗਿਆ। ਇਸ ਟੈਸਟ ਵਿੱਚ ਬੱਚਿਆਂ, ਨੌਜਵਾਨਾਂ ਤੇ ਕਿਸ਼ੋਰ ਵਰਗ ਦੇ ਖਿਡਾਰੀਆਂ ਨੇ ਉਤਸ਼ਾਹ ਨਾਲ ਭਾਗ ਲਿਆ।ਬੈਲਟ ਟੈਸਟ ਦੌਰਾਨ ਖਿਡਾਰੀਆਂ ਦੀਆਂ ਮੂਲ ਤਕਨੀਕਾਂ ਤੇ ਸਵੈ-ਰੱਖਿਆ ਦੇ ਗੁਰਾਂ ਦੀ ਵਿਸਥਾਰ ਨਾਲ ਜਾਂਚ ਕੀਤੀ ਗਈ।ਹਰ ਖਿਡਾਰੀ ਨੇ ਆਪਣੇ ਪੱਧਰ ਅਨੁਸਾਰ ਪ੍ਰਦਰਸ਼ਨ ਕਰਦੇ ਹੋਏ ਅਨੁਸ਼ਾਸਨ ਤੇ ਖੇਡ ਭਾਵਨਾ ਦੀ ਸ਼ਾਨਦਾਰ ਮਿਸਾਲ ਪੇਸ਼ ਕੀਤੀ।ਅਕੈਡਮੀ ਦੇ ਮਾਸਟਰ ਸੀਫੂ ਟੀ ਨਾਰਜ਼ਰੀ ਵੱਲੋਂ ਖਿਡਾਰੀਆਂ ਨੂੰ ਟੈਸਟ ਤੋਂ ਪਹਿਲਾਂ ਜ਼ਰੂਰੀ ਦਿਸ਼ਾ-ਨਿਰਦੇਸ਼ ਦਿੱਤੇ ਗਏ। ਬੈਲਟ ਟੈਸਟ ਸਫਲਤਾਪੂਰਵਕ ਸੰਪੰਨ ਹੋਣ ਉਪਰਾਂਤ ਸਰਟੀਫਿਕੇਟ ਤੇ ਬੈਲਟ ਵੰਡ ਸਮਾਰੋਹ ਕੀਤਾ ਗਿਆ, ਜਿਸ ਵਿੱਚ ਯੋਗ ਖਿਡਾਰੀਆਂ ਨੂੰ ਉਨ੍ਹਾਂ ਦੀ ਮਿਹਨਤ ਦੇ ਸਨਮਾਨ ਵਜੋਂ ਨਵੀਂ ਬੈਲਟ ਤੇ ਪ੍ਰਮਾਣ ਪੱਤਰ ਪ੍ਰਦਾਨ ਕੀਤੇ ਗਏ।ਇਸ ਮੌਕੇ ਮਾਸਟਰ ਨੇ ਖਿਡਾਰੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਰਾਟੇ ਸਰੀਰਕ ਤਾਕਤ ਦੇ ਨਾਲ-ਨਾਲ ਮਾਨਸਿਕ ਮਜ਼ਬੂਤੀ ਤੇ ਆਤਮ-ਵਿਸ਼ਵਾਸ ਵੀ ਪੈਦਾ ਕਰਦਾ ਹੈ।ਉਨ੍ਹਾਂ ਨੇ ਮਾਪਿਆਂ ਨੂੰ ਅਪੀਲ ਕੀਤੀ ਕਿ ਬੱਚਿਆਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਤਾਂ ਜੋ ਉਹ ਨਸ਼ਿਆਂ ਤੇ ਗਲਤ ਆਦਤਾਂ ਤੋਂ ਦੂਰ ਰਹਿ ਸਕਣ। ਸਮਾਰੋਹ ਦੇ ਅੰਤ ਵਿੱਚ ਅਕੈਡਮੀ ਪ੍ਰਬੰਧਕਾਂ ਵੱਲੋਂ ਸਾਰੇ ਮਹਿਮਾਨਾਂ, ਮਾਪਿਆਂ ਤੇ ਖਿਡਾਰੀਆਂ ਦਾ ਧੰਨਵਾਦ ਕੀਤਾ ਗਿਆ।

## ਗਣਤੰਤਰ ਸਮਾਰੋਹ 'ਚ ਸਕਾਊਟ ਤੇ ਗਾਈਡ ਟੁੱਕੜੀ ਸਨਮਾਨਤ



**ਫ਼ਿਰੋਜ਼ਪੁਰ (ਗੁਰਬਚਨ ਸਿੰਘ)**-ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਮੌਕੇ ਜ਼ਿਲ੍ਹਾ ਫਿਰੋਜ਼ਪੁਰ ਦੀ ਸਕਾਊਟ ਗਾਈਡ ਪਰੇਡ ਨੇ 'ਏ ਗਰੇਡ' ਪ੍ਰਾਪਤ ਕੀਤਾ ਤੇ ਪੂਰੀ ਟੀਮ ਨੂੰ ਮਾਣਯੋਗ ਸਿਹਤ ਮੰਤਰੀ ਡਾਕਟਰ ਬਲਜੀਤ ਕੌਰ, ਐੱਮਐੱਲਏ ਫਿਰੋਜ਼ਪੁਰ ਦਿਹਾਤੀ ਐਡਵੋਕੇਟ ਰਜਨੀਸ਼ ਦਹੀਆ, ਐੱਮ ਐੱਲ ਏ ਫਿਰੋਜ਼ਪੁਰ ਸ਼ਹਿਰੀ ਰਣਬੀਰ ਸਿੰਘ ਭੁੱਲਰ, ਐੱਮ ਐੱਲ ਏ ਜ਼ੀਰਾ ਨਰੇਸ਼ ਕਟਾਰੀਆ, ਡਿਪਟੀ ਕਮਿਸ਼ਨਰ ਫਿਰੋਜ਼ਪੁਰ ਦੀਪਸ਼ਿਖਾ ਸ਼ਰਮਾ, ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਮੁਨੀਲਾ ਅਰੋੜਾ, ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ) ਸੁਨੀਤਾ ਰਾਣੀ ਤੇ ਉੱਪ ਜ਼ਿਲ੍ਹਾ ਸਿੱਖਿਆ ਅਫਸਰ ਡਾ. ਸਤਿੰਦਰ ਸਿੰਘ, ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ) ਕੋਮਲ ਅਰੋੜਾ ਵੱਲੋਂ ਸਨਮਾਨਤ ਕੀਤਾ ਗਿਆ।ਜ਼ਿਲ੍ਹਾ ਔਰਗਨਾਈਜ਼ਿੰਗ ਕਮਿਸ਼ਨਰ ਸਕਾਊਟ ਚਰਨਜੀਤ ਸਿੰਘ ਚਹਿਲ ਨੇ ਦੱਸਿਆ ਕਿ ਇਸ ਪਰੇਡ ਵਿੱਚ ਸਿਟੀ ਹਾਰਟ ਸਕੂਲ ਮਮਦੋਟ ਦੇ 35, ਆਰਐੱਸਡੀ ਰਾਜ ਰਤਨ ਪਬਲਿਕ ਸਕੂਲ ਦੇ 15, ਸੈਂਟ ਜੋਸਫ ਕੋਨਵੈਂਟ ਸਕੂਲ ਫਿਰੋਜ਼ਪੁਰ ਦੇ 24 ਸਕਾਊਟਸ ਤੇ ਗਾਈਡਸ ਨੇ ਭਾਗ ਲਿਆ।ਇਨ੍ਹਾਂ ਸਕਾਊਟਸ ਦੇ ਗਾਈਡਸ ਦੀ ਤਿਆਰੀ ਅਨਿਲ ਕੁਮਾਰ, ਸ਼ਰਨਜੀਤ ਕੌਰ, ਹਰਦੀਪ ਸਿੰਘ, ਮੰਗਤ ਸਿੰਘ, ਵੀਰਪਾਲ ਕੌਰ, ਸੋਨੀਆ ਤੇ ਸੰਦੀਪ ਕੁਮਾਰ ਦੁਆਰਾ ਕਰਾਈ ਗਈ।ਇਸ ਮੌਕੇ ਜ਼ਿਲ੍ਹਾ ਸਕੱਤਰ ਸਕਾਊਟ ਸੁਖਵਿੰਦਰ ਸਿੰਘ ਨੇ ਭਾਗ ਲੈਣ ਵਾਲੇ ਸਕੂਲਾਂ ਦੇ ਪ੍ਰਿੰਸੀਪਲ ਸਾਹਿਬਾਨ, ਅਧਿਆਪਕਾਂ ਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ।

## ਸੁਖਬੀਰ ਬਾਦਲ ਨੇ ਕਾਤਰੋਂ ਨੂੰ ਦਿੱਤਾ ਥਾਪੜਾ



**ਧੂਰੀ (ਰਣਜੀਤ ਪੇਧਨੀ)**-ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਧੂਰੀ ਤੋਂ ਸੇਵਾਦਾਰ ਰਣਜੀਤ ਸਿੰਘ ਕਾਤਰੋਂ ਨੇ ਆਪਣੇ ਹਲਕੇ ਦੇ ਸਮੂਹ ਅਕਾਲੀ ਆਗੂਆਂ ਨਾਲ ਪਿੰਡ ਬਾਦਲ ਵਿਖੇ ਪਾਰਟੀ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਨਾਲ ਮੁਲਾਕਾਤ ਕੀਤੀ।ਇਸ ਮੌਕੇ ਉਨ੍ਹਾਂ ਨੇ ਸ੍ਰ. ਸੁਖਬੀਰ ਸਿੰਘ ਬਾਦਲ ਨੂੰ ਹਲਕਾ ਧੂਰੀ 'ਚ ਚੱਲ ਰਹੀਆਂ ਪਾਰਟੀ ਦੀਆਂ ਸਰਗਰਮੀਆਂ ਬਾਰੇ ਜਾਣਕਾਰੀ ਦਿੱਤੀ ਤੇ ਵੱਡੀ ਗਿਣਤੀ ਵਿੱਚ ਹਲਕੇ ਦੀਆਂ ਵੱਖ-ਵੱਖ ਸ਼ਖ਼ਸੀਅਤਾਂ ਨੂੰ ਪਾਰਟੀ ਵਿੱਚ ਸ਼ਾਮਲ ਕਰਵਾਇਆ।ਸ੍. ਬਾਦਲ ਨੇ ਪਾਰਟੀ ਵਿੱਚ ਸ਼ਾਮਲ ਹੋਏ ਸਮੂਹ ਲੋਕਾਂ ਦਾ ਸੁਆਗਤ ਕੀਤਾ ਤੇ ਪਾਰਟੀ ਵੱਲੋਂ ਸਭ ਨੂੰ ਪੂਰਾ ਮਾਣ ਸਤਿਕਾਰ ਮਿਲਣ ਦਾ ਭਰੋਸਾ ਦਿੱਤਾ ਅਤੇ ਰਣਜੀਤ ਸਿੰਘ ਰੰਧਾਵਾ ਕਾਤਰੋਂ ਨੂੰ ਕਿਹਾ ਕਿ ਤੁਸੀਂ ਮਿਹਨਤ ਕਰੋ, ਧੂਰੀ ਤੋਂ ਐੱਮ ਐੱਲ ਏ ਬਣ ਕੇ ਆਓ।ਇਸ ਮੌਕੇ ਹਲਕਾ ਇੰਚਾਰਜ ਰਣਜੀਤ ਸਿੰਘ ਰੰਧਾਵਾ ਨੇ ਪ੍ਰੈੱਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਪੰਜਾਬ ਭਰ ਵਿੱਚੋਂ ਲੋਕ ਆਪਣੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਲ ਹੋ ਰਹੇ ਹਨ, ਇਹ ਵਾਪਸੀ ਇਸ ਗੱਲ ਦਾ ਸਬੂਤ ਹੈ ਕਿ ਪੰਜਾਬ ਦੇ ਲੋਕ ਸਮਝ ਚੁੱਕੇ ਹਨ ਕਿ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਤੋਂ ਬਿਨਾਂ ਪੰਜਾਬ ਦਾ ਭਲਾ ਹੋਰ ਕੋਈ ਪਾਰਟੀ ਨਹੀਂ ਕਰ ਸਕਦੀ। ਕੇਵਲ ਸ਼੍ਰੋਮਣੀ ਅਕਾਲੀ ਦਲ ਹੀ ਪੰਜਾਬ ਨੂੰ ਮੁੜ ਤਰੱਕੀ ਤੇ ਖ਼ੁਸ਼ਹਾਲੀ ਵਾਲੀ ਲੀਹ 'ਤੇ ਤੋਰ ਸਕਦਾ ਹੈ।

## ਸ਼ਹੀਦ ਬਾਬਾ ਦੀਪ ਸਿੰਘ ਦਾ ਜਨਮ ਦਿਹਾੜਾ ਮਨਾਇਆ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਨੌਜਵਾਨ ਵਾਲਮੀਕ ਸਭਾ ਪਿੰਡ ਦਿਓਗੜ੍ਹ ਵੱਲੋਂ ਭਗਵਾਨ ਵਾਲਮੀਕ ਮੰਦਰ ਵਿਖੇ ਸ਼ਹੀਦ ਬਾਬਾ ਦੀਪ ਸਿੰਘ ਦਾ ਜਨਮ ਦਿਹਾੜਾ ਮਨਾਇਆ ਗਿਆ, ਜਿਸ ਮੌਕੇ ਰਾਗੀ ਸਿੰਘਾਂ ਵੱਲੋਂ ਗੁਰਬਾਣੀ ਦੇ ਅਲਾਹੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਗਿਆ।ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਸ਼ੁਤਰਾਣਾ ਦੇ ਇੰਚਾਰਜ ਬਾਬੂ ਕਬੀਰ ਦਾਸ ਨੇ ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਹਾਜ਼ਰੀ ਲਗਵਾਈ।ਇਸ ਦੌਰਾਨ ਨੌਜਵਾਨ ਵਾਲਮੀਕ ਸਭਾ ਦੇ ਚੇਅਰਮੈਨ ਅਵਤਾਰ ਸਿੰਘ, ਪ੍ਰਧਾਨ ਜਗਤਾਰ ਸਿੰਘ, ਵਾਈਸ ਪ੍ਰਧਾਨ ਕਰਨੈਲ ਸਿੰਘ ਪੰਮੀ, ਖਜ਼ਾਨਚੀ ਭਗਵਾਨ ਸਿੰਘ, ਸਕੱਤਰ ਜਗਦੇਵ ਸਿੰਘ ਜਰਨਲ ਸਕੱਤਰ ਹਰਦੇਵ ਮਾੜੂ, ਮੈਂਬਰ ਲੱਭੀ ਦਿਓਗੜ੍ਹ, ਸ਼ੀਰਾ, ਦਵਿੰਦਰ ਸਿੰਘ, ਭਿੰਦਰ ਸਿੰਘ, ਸਾਬਕਾ ਸਰਪੰਚ ਚਰਨਜੀਤ ਸਿੰਘ ਭੁੱਲਰ, ਭੋਲਾ ਸਿੰਘ, ਦਲਜੀਤ ਸਿੰਘ ਤੇ ਰਵੀ ਸਮੇਤ ਵੱਡੀ ਗਿਣਤੀ ਵਿੱਚ ਸੰਗਤ ਹਾਜ਼ਰ ਸੀ।

ਨਵਾਂ ਜ਼ਮਾਨਾ ਪੋਸਟ ਬਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

30 Jan Page 3.qxd 1/29/2026 9:36 PM Page 1



# 42.9 ਕਿਲੋਗ੍ਰਾਮ ਹੈਰੋਇਨ, 4 ਹੈਂਡ ਗ੍ਰਨੇਡ ਤੇ ਪਿਸਤੌਲ ਬਰਾਮਦ

**ਛੇਹਰਟਾ/ਖਾਸਾ, (ਮਨੋਜ ਕੁਮਾਰ/ਸ਼ਸ਼ਪਾਲ ਸਿੰਘ, ਜਸਬੀਰ ਸਿੰਘ ਪੱਟੀ)** ਅੰਮ੍ਰਿਤਸਰ ਦਿਹਾਤੀ ਪੁਲਿਸ ਨੇ ਵਿਲੇਜ ਡਿਫੈਂਸ ਕਮੇਟੀ (ਵੀ ਡੀ ਸੀ) ਦੇ ਸਹਿਯੋਗ ਨਾਲ 42.9 ਕਿਲੋਗ੍ਰਾਮ ਹੈਰੋਇਨ, ਚਾਰ ਹੈਂਡ ਗ੍ਰਨੇਡ ਅਤੇ ਇਕ ਸਟਾਰ-ਮਾਰਕ ਪਿਸਤੌਲ ਸਮੇਤ 46 ਜ਼ਿੰਦਾ ਕਾਰਤੂਸ ਬਰਾਮਦ ਕਰਕੇ ਸਰਹੱਦ ਪਾਰੋਂ ਨਾਰਕੋ-ਅੱਤਵਾਦ ਨੈੱਟਵਰਕ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਦਿੰਦਿਆਂ ਡਾਇਰੈਕਟਰ ਜਨਰਲ ਆਫ ਪੁਲਿਸ (ਡੀ ਜੀ ਪੀ) ਪੰਜਾਬ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਬਰਾਮਦ ਕੀਤੇ ਗਏ ਨਸ਼ੀਲੇ ਪਦਾਰਥ, ਹਥਿਆਰ ਤੇ ਵਿਸਫੋਟਕ ਸਮੱਗਰੀ ਅੰਤਰਰਾਸ਼ਟਰੀ ਸਰਹੱਦ ਪਾਰੋਂ ਡਰੋਨ ਰਾਹੀਂ ਭੇਜੀ ਗਈ ਸੀ। ਡੀ ਜੀ ਪੀ ਨੇ ਦੱਸਿਆ ਕਿ ਇਸ ਉਪਰੰਤ ਜਾਂਚ ਦੌਰਾਨ ਅੰਮ੍ਰਿਤਸਰ ਦੇ ਰਹਿਣ ਵਾਲੇ ਦੋ ਵਿਅਕਤੀਆਂ ਨੂੰ ਹਿਰਾਸਤ ਵਿਚ ਲਿਆ ਗਿਆ ਹੈ। ਫ਼ਰਾਰ ਮੁਲਜ਼ਮਾਂ ਨੂੰ ਟਰੇਸ ਕਰਨ, ਬਰਾਮਦਗੀ ਸੰਬੰਧੀ ਲੜੀ ਦਾ ਪਤਾ ਲਗਾਉਣ ਤੇ ਵਿਆਪਕ ਸਾਜ਼ਿਸ਼ ਦਾ ਪਰਦਾਫਾਸ਼ ਕਰਨ ਲਈ ਹੋਰ ਜਾਂਚ ਜਾਰੀ ਹੈ। ਇਸ ਆਪਰੇਸ਼ਨ ਬਾਰੇ ਜਾਣਕਾਰੀ ਦਿੰਦਿਆਂ ਡਿਪਟੀ ਇੰਸਪੈਕਟਰ ਜਨਰਲ ਆਫ ਪੁਲਿਸ (ਡੀ ਆਈ ਜੀ) ਬਾਰਡਰ ਰੇਂਜ ਸੰਦੀਪ ਗੋਇਲ ਨੇ ਦੱਸਿਆ ਕਿ ਵੀ ਡੀ ਸੀ ਨੈੱਟਵਰਕ ਰਾਹੀਂ ਪ੍ਰਾਪਤ ਜਾਣਕਾਰੀ 'ਤੇ ਤਰੁੰਤ ਕਾਰਵਾਈ ਕਰਦਿਆਂ ਪੁਲਸ ਟੀਮਾਂ ਨੇ ਪਿੰਡ ਓਠੀਆਂ ਵਿਚ ਇਕ ਮੋਟਰਸਾਈਕਲ ਨੂੰ ਰੋਕਿਆ। ਉਨ੍ਹਾਂ ਦੱਸਿਆ ਕਿ ਪੁਲਸ ਦੀ ਮੌਜੂਦਗੀ ਦਾ ਪਤਾ ਲੱਗਣ 'ਤੇ ਸ਼ੱਕੀ ਵਿਅਕਤੀ ਹਨੇਰੇ ਦਾ ਫ਼ਾਇਦਾ ਉਠਾਉਂਦੇ ਹੋਏ ਖੇਪ ਸਮੇਤ ਮੋਟਰਸਾਈਕਲ ਛੱਡ ਕੇ ਨਾਲ ਲੱਗਦੇ ਖੇਤਾਂ ਵੱਲ ਭੱਜ ਗਏ। ਉਨ੍ਹਾਂ ਦੱਸਿਆ ਕਿ ਪੁਲਸ ਟੀਮਾਂ ਨੇ ਤੁਰੰਤ ਆਲੇ ਦੁਆਲੇ ਦੇ ਖੇਤਾਂ ਵਿਚ ਇਕ ਯੋਜਨਾਬੱਧ ਤਲਾਸ਼ੀ ਅਭਿਆਨ ਚਲਾਇਆ ਜਿਸ ਦੇ ਨਤੀਜੇ ਵਜੋਂ ਨਸ਼ੀਲੇ ਪਦਾਰਥਾਂ, ਹਥਿਆਰਾਂ ਤੇ ਵਿਸਫੋਟਕਾਂ ਦੀ ਖੇਪ ਬਰਾਮਦ ਹੋਈ। ਐੱਸ ਐੱਸ ਪੀ ਅੰਮ੍ਰਿਤਸਰ ਦਿਹਾਤੀ ਸੁਹੇਲ ਕਾਸਿਮ ਮੀਰ ਨੇ ਦੱਸਿਆ ਕਿ ਮੁਲਜ਼ਮਾਂ ਦੀ ਪਛਾਣ ਕਰਨ ਤੇ ਉਨ੍ਹਾਂ ਨੂੰ ਕਾਬੂ ਕਰਨ, ਅਗਲੇ-ਪਿਛਲੇ ਸੰਬੰਧਾਂ ਦਾ ਪਤਾ ਲਗਾਉਣ ਤੇ ਪੂਰੇ ਨੈੱਟਵਰਕ ਦਾ ਪਰਦਾਫਾਸ਼ ਕਰਨ ਲਈ ਅਗਲੇਰੀ ਜਾਂਚ ਜਾਰੀ ਹੈ। ਇਸ ਸਬੰਧੀ ਮਾਮਲਾ ਥਾਣਾ ਰਾਜਾਸਾਂਸੀ ਅੰਮ੍ਰਿਤਸਰ ਦਿਹਾਤੀ ਵਿਚ ਦਰਜ ਕੀਤਾ ਗਿਆ ਹੈ।



# ਆਬਕਾਰੀ ਵਿਭਾਗ ਵੱਲੋਂ 10,450 ਲੀਟਰ ਲਾਹਣ ਨਸ਼ਟ

**ਜਲੰਧਰ ( ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**- ਨਾਜਾਇਜ਼ ਸ਼ਰਾਬ ਖਿਲਾਫ਼ ਵੱਡੀ ਕਾਰਵਾਈ ਕਰਦਿਆਂ ਆਬਕਾਰੀ ਵਿਭਾਗ ਜਲੰਧਰ ਜ਼ੋਨ ਵੱਲੋਂ ਸਤਲੁਜ ਦਰਿਆ ਦੇ ਕੰਢਿਆਂ 'ਤੇ ਇੱਕ ਵਿਸ਼ੇਸ਼ ਮੁਹਿੰਮ ਚਲਾਈ ਗਈ ਅਤੇ ਲਗਭਗ 10,450 ਲੀਟਰ ਲਾਹਣ ਬਰਾਮਦ ਕੀਤੀ, ਜਿਸ ਨੂੰ ਮੌਕੇ 'ਤੇ ਹੀ ਨਸ਼ਟ ਕਰ ਦਿੱਤਾ ਗਿਆ। ਇਹ ਕਾਰਵਾਈ ਡਿਪਟੀ ਕਮਿਸ਼ਨਰ ਆਬਕਾਰੀ ਐੱਸ ਕੇ ਗਰਗ ਦੇ ਦਿਸ਼ਾ-ਨਿਰਦੇਸ਼ਾਂ ਅਤੇ ਸਹਾਇਕ ਕਮਿਸ਼ਨਰ ਆਬਕਾਰੀ, ਰੇਂਜ ਜਲੰਧਰ ਪੱਛਮੀ, ਨਵਜੀਤ ਸਿੰਘ ਦੀ ਨਿਗਰਾਨੀ ਹੇਠ ਕੀਤੀ ਗਈ। ਟੀਮ ਦੀ ਅਗਵਾਈ ਨਵਜੀਤ ਸਿੰਘ, ਏ ਈ ਟੀ ਸੀ ਨੇ ਕੀਤੀ, ਜਿਸ ਵਿੱਚ ਆਬਕਾਰੀ ਅਧਿਕਾਰੀ ਸੁਨੀਲ ਗੁਪਤਾ ਤੇ ਆਬਕਾਰੀ ਇੰਸਪੈਕਟਰ ਸ਼ਾਹਕੋਟ, ਬਿਕਰਮਜੀਤ ਸਿੰਘ ਘਈ, ਆਬਕਾਰੀ ਪੁਲਿਸ ਤੇ ਸਥਾਨਕ ਪੁਲਸ ਸਟਾਫ ਸ਼ਾਮਲ ਸੀ। ਸੂਚਨਾ 'ਤੇ ਕਾਰਵਾਈ ਕਰਦਿਆਂ ਟੀਮ ਵੱਲੋਂ ਸ਼ਾਹਕੋਟ ਗਰੁੱਪ ਅਧੀਨ ਆਉਣ ਵਾਲੇ ਪਿੰਡਾਂ ਦਾਨੇਵਾਲ, ਬਾਓਪੁਰ ਅਤੇ ਰਾਮਪੁਰ ਵਿੱਚ ਸਤਲੁਜ ਦਰਿਆ ਦੇ ਕੰਢੇ ਵਿਆਪਕ ਚੈਕਿੰਗ ਮੁਹਿੰਮ ਚਲਾਈ ਗਈ, ਜੋ ਕਿ ਨਾਜਾਇਜ਼ ਸ਼ਰਾਬ ਸਬੰਧੀ ਗਤੀਵਿਧੀਆਂ ਲਈ ਸੰਵੇਦਨਸ਼ੀਲ ਸਥਾਨ ਮੰਨੇ ਜਾਂਦੇ ਹਨ। ਇਸ ਮੁਹਿੰਮ ਦੌਰਾਨ ਅਧਿਕਾਰੀਆਂ ਨੇ ਵੱਖ-ਵੱਖ ਟੋਇਆਂ ਤੇ ਹੋਰ ਅਸਥਾਈ ਢਾਂਚਿਆਂ ਵਿੱਚ ਲੁਕਾਏ ਗਏ ਲੋਹੇ ਦੇ 11 ਖਾਲੀ ਡਰੰਮ, ਐਲੂਮੀਨੀਅਮ ਦੇ ਦੋ ਖਾਲੀ ਭਾਂਡੇ ਤੇ 19 ਤਰਪਾਲਾਂ ਬਰਾਮਦ ਕੀਤੀਆਂ। ਇਨ੍ਹਾਂ ਟੋਇਆਂ ਵਿੱਚ ਸਟੋਰ ਕੀਤੀ ਲਗਭਗ 10,450 ਲੀਟਰ ਲਾਹਣ ਜ਼ਬਤ ਕੀਤੀ ਗਈ। ਕਿਉਂਕਿ ਬਰਾਮਦ ਕੀਤੀਆਂ ਗਈਆਂ ਚੀਜ਼ਾਂ ਲਾਵਾਰਿਸ ਸਨ ਅਤੇ ਗੈਰ-ਕਾਨੂੰਨੀ ਸ਼ਰਾਬ ਬਣਾਉਣ ਲਈ ਵਰਤੀਆਂ ਜਾਂਦੀਆਂ ਸਨ, ਇਸ ਲਈ ਕਾਨੂੰਨੀ ਪ੍ਰਕਿਰਿਆਵਾਂ ਅਨੁਸਾਰ ਸਾਰੀ ਸਮੱਗਰੀ ਨੂੰ ਮੌਕੇ 'ਤੇ ਹੀ ਨਸ਼ਟ ਕਰ ਦਿੱਤਾ ਗਿਆ। ਸਹਾਇਕ ਕਮਿਸ਼ਨਰ ਨਵਜੀਤ ਸਿੰਘ ਨੇ ਕਿਹਾ ਕਿ ਨਾਜਾਇਜ਼ ਸ਼ਰਾਬ, ਜੋ ਕਿ ਜਨਤਾ ਲਈ ਗੰਭੀਰ ਸਿਹਤ ਜੋਖਮ ਪੈਦਾ ਕਰਦੀ ਹੈ ਅਤੇ ਸਰਕਾਰ ਦੇ ਮਾਲੀਏ ਨੂੰ ਨੁਕਸਾਨ ਪਹੁੰਚਾਉਂਦੀ ਹੈ, ਖਿਲਾਫ਼ ਵਿਭਾਗ ਵੱਲੋਂ ਦਰਿਆਈ ਤੇ ਪੇਂਡੂ ਖੇਤਰਾਂ ਵਿੱਚ ਨਿਗਰਾਨੀ ਤੇਜ਼ ਕਰ ਦਿੱਤੀ ਗਈ ਹੈ।



# ਵੱਲਾ ਪੁਲ 'ਤੇ ਸਫਾਈ ਮੁਹਿੰਮ ਸ਼ੁਰੂ

**ਅੰਮ੍ਰਿਤਸਰ (ਜਗਦੀਸ਼ ਕਮਲੇਸ਼)** ਇੰਪਰੂਵਮੈਂਟ ਟਰੱਸਟ ਦੇ ਸਾਬਕਾ ਚੇਅਰਮੈਨ ਅਤੇ ਸੀਨੀਅਰ ਕਾਂਗਰਸੀ ਨੇਤਾ ਦਿਨੇਸ਼ ਬੱਸੀ ਵੱਲੋਂ ਮੁੱਦਾ ਚੁੱਕਣ ਤੋਂ ਬਾਅਦ, ਪ੍ਰਸ਼ਾਸਨ ਹਰਕਤ ਵਿੱਚ ਆਇਆ ਅਤੇ ਅੱਜ ਵੱਲਾ ਪੁਲ 'ਤੇ ਸਫਾਈ ਦਾ ਕੰਮ ਸ਼ੁਰੂ ਕਰਨ ਲਈ ਇੱਕ ਜੇ ਸੀ ਬੀ ਮਸ਼ੀਨ ਭੇਜੀ। ਇਸ ਕਦਮ ਨੂੰ ਇਲਾਕੇ ਦੇ ਵਸਨੀਕਾਂ ਲਈ ਇੱਕ ਵੱਡੀ ਰਾਹਤ ਵਜੋਂ ਦੇਖਿਆ ਜਾ ਰਿਹਾ ਹੈ। ਦਿਨੇਸ਼ ਬੱਸੀ ਨੇ ਦੱਸਿਆ ਕਿ ਵੱਲਾ ਪੁਲ 'ਤੇ ਕੰਮ ਲੰਬੇ ਸਮੇਂ ਤੋਂ ਲਟਕਿਆ ਹੋਇਆ ਸੀ, ਜਿਸ ਕਾਰਨ ਇਲਾਕੇ ਵਿੱਚ ਰੋਜ਼ਾਨਾ ਗੰਭੀਰ ਟ੍ਰੈਫਿਕ ਜਾਮ ਲੱਗ ਰਹੇ ਸਨ। ਪੁਲ ਦੇ ਆਲੇ-ਦੁਆਲੇ ਗੰਦਗੀ, ਚਿੱਕੜ ਅਤੇ ਟੋਏ ਹਾਦਸਿਆਂ ਦਾ ਖ਼ਤਰਾ ਵਧਾ ਰਹੇ ਸਨ। ਸਕੂਲੀ ਬੱਚੇ, ਬਜ਼ੁਰਗ, ਔਰਤਾਂ ਅਤੇ ਪੈਦਲ ਚੱਲਣ ਵਾਲਿਆਂ ਨੂੰ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਇਸ ਤੋਂ ਇਲਾਵਾ, ਵੱਲਾ ਵਿੱਚ ਹੋਣ ਵਾਲੇ ਮੇਲੇ ਨੇ ਸਥਿਤੀ ਨੂੰ ਹੋਰ ਵੀ ਵਿਗਾੜ ਦਿੱਤਾ ਸੀ। ਇਨ੍ਹਾਂ ਹਾਲਤਾਂ ਦੇ ਮੱਦੇਨਜ਼ਰ ਦਿਨੇਸ਼ ਬੱਸੀ ਆਪਣੇ ਸਾਥੀ ਕੌਂਸਲਰਾਂ ਨਾਲ ਕੱਲ੍ਹ ਸਥਿਤੀ ਦਾ ਜਾਇਜ਼ਾ ਲੈਣ ਲਈ ਮੌਕੇ 'ਤੇ ਪਹੁੰਚੇ। ਉਨ੍ਹਾਂ ਮੌਕੇ 'ਤੇ ਪ੍ਰਸ਼ਾਸਨ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਪੁਲ ਨਾਲ ਸਬੰਧਤ ਸਮੱਸਿਆਵਾਂ ਦਾ ਤੁਰੰਤ ਹੱਲ ਨਾ ਕੀਤਾ ਗਿਆ ਅਤੇ ਜਨਤਾ ਨੂੰ ਟ੍ਰੈਫਿਕ ਜਾਮ, ਗੰਦਗੀ ਅਤੇ ਹਾਦਸਿਆਂ ਤੋਂ ਛੁਟਕਾਰਾ ਨਾ ਮਿਲਿਆ ਤਾਂ ਕਾਂਗਰਸੀ ਵਰਕਰ ਅਤੇ ਆਗੂ ਵਿਰੋਧ ਪ੍ਰਦਰਸ਼ਨ ਕਰਨ ਲਈ ਮਜਬੂਰ ਹੋਣਗੇ। ਦਿਨੇਸ਼ ਬੱਸੀ ਦੀ ਸਖ਼ਤ ਚੇਤਾਵਨੀ ਤੋਂ ਬਾਅਦ ਪ੍ਰਸ਼ਾਸਨ ਨੇ ਮਾਮਲੇ ਨੂੰ ਗੰਭੀਰਤਾ ਨਾਲ ਲਿਆ ਅਤੇ ਤੁਰੰਤ ਕਾਰਵਾਈ ਕੀਤੀ । ਦਿਨੇਸ਼ ਬੱਸੀ ਨੇ ਕਿਹਾ ਕਿ ਪ੍ਰਸ਼ਾਸਨ ਨੇ ਇਹ ਵੀ ਭਰੋਸਾ ਦਿੱਤਾ ਸੀ ਕਿ ਮੇਲਾ ਖਤਮ ਹੋਣ ਤੋਂ ਤੁਰੰਤ ਬਾਅਦ ਪੁਲ ਦੀ ਉਸਾਰੀ ਸ਼ੁਰੂ ਹੋ ਜਾਵੇਗੀ, ਜਿਸ ਨਾਲ ਲੋਕਾਂ ਦਾ ਸਥਾਈ ਹੱਲ ਯਕੀਨੀ ਬਣਾਇਆ ਜਾਵੇਗਾ। ਦਿਨੇਸ਼ ਬੱਸੀ ਨੇ ਕਿਹਾ ਕਿ ਪ੍ਰਸ਼ਾਸਨ ਨੇ ਕੰਮ ਸ਼ੁਰੂ ਕਰ ਦਿੱਤਾ ਹੈ, ਪਰ ਉਨ੍ਹਾਂ ਨੇ ਇਸ ਨੂੰ ਹੁਣੇ ਪੂਰਾ ਕਰਨ ਦੀ ਤਾਕੀਦ ਕੀਤੀ।



# ਗੁਰਦਾਸਪੁਰ 'ਚ ਬਿਜਲੀ ਸਪਲਾਈ ਹੋਰ ਬਿਹਤਰ ਬਣਾਉਣ ਲਈ ਚੁੱਕੇ ਕਦਮ : ਰਮਨ ਬਹਿਲ

**ਗੁਰਦਾਸਪੁਰ (ਜਨਕ ਮਹਾਜਨ)**- ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਵਿਧਾਨ ਸਭਾ ਹਲਕਾ ਗੁਰਦਾਸਪੁਰ ਦੇ ਇੰਚਾਰਜ ਸ੍ਰੀ ਰਮਨ ਬਹਿਲ ਨੇ ਦੱਸਿਆ ਕਿ ਗੁਰਦਾਸਪੁਰ ਸ਼ਹਿਰ ਵਿੱਚ ਬਿਜਲੀ ਸਪਲਾਈ ਨੂੰ ਹੋਰ ਬਿਹਤਰ ਅਤੇ ਸੁਚਾਰੂ ਬਣਾਉਣ ਲਈ 7 ਕਰੋੜ ਰੁਪਏ ਦੀ ਲਾਗਤ ਨਾਲ ਬਿਜਲੀ ਦੀਆਂ ਤਾਰਾਂ ਦੀ ਤਬਦੀਲੀ, ਨਵੇਂ ਟ੍ਰਾਂਸਫਾਰਮਰਾਂ ਦੀ ਸਥਾਪਨਾ ਅਤੇ ਪੁਰਾਣੇ ਟ੍ਰਾਂਸਫਾਰਮਰਾਂ ਦੀ ਅਪਗ੍ਰੇਸ਼ਨ ਦੇ ਕੰਮਾਂ ਦੀ ਸ਼ੁਰੂਆਤ ਕਰਵਾਈ ਗਈ ਹੈ।ਉਹਨਾਂ ਦੱਸਿਆ ਕਿ ਗੁਰਦਾਸਪੁਰ ਸਬ-ਡਿਵੀਜ਼ਨ ਦੇ ਅੰਦਰ ਲੋਕਾਂ ਨੂੰ ਬਿਜਲੀ ਸੰਬੰਧੀ ਵਧੀਆ ਸਹੂਲਤਾਂ ਮੁਹੱਈਆ ਕਰਵਾਉਣ ਲਈ ਪੰਜਾਬ ਸਰਕਾਰ ਵੱਲੋਂ 10 ਕਰੋੜ ਰੁਪਏ ਦਾ ਪ੍ਰੋਜੈਕਟ ਮਨਜ਼ੂਰ ਕੀਤਾ ਗਿਆ ਹੈ, ਜਿਸ ਵਿੱਚੋਂ 7 ਕਰੋੜ ਰੁਪਏ ਗੁਰਦਾਸਪੁਰ ਸ਼ਹਿਰ ਵਿੱਚ ਖਰਚ ਕੀਤੇ ਜਾਣਗੇ। ਇਸ ਪ੍ਰੋਜੈਕਟ ਤਹਿਤ ਜਿੱਥੇ ਦਰੱਖਤਾਂ ਵਿਚੋਂ ਲੰਘ ਰਹੀਆਂ ਬਿਜਲੀ ਦੀਆਂ ਤਾਰਾਂ ਹਨ, ਉਨ੍ਹਾਂ ਨੂੰ ਬਦਲ ਕੇ ਕੇਬਲ ਤਾਰਾਂ ਪਾਈਆਂ ਜਾਣਗੀਆਂ। ਲਗਭਗ 32 ਕਿਲੋਮੀਟਰ ਤੱਕ ਤਾਰਾਂ ਦੀ ਤਬਦੀਲੀ ਕੀਤੀ ਜਾਵੇਗੀ।ਸ੍ਰੀ ਰਮਨ ਬਹਿਲ ਨੇ ਦੱਸਿਆ ਕਿ ਇਸ ਤੋਂ ਇਲਾਵਾ ਜਿੱਥੇ ਲੋੜ ਹੋਵੇਗੀ ਉੱਥੇ ਨਵੇਂ ਟ੍ਰਾਂਸਫਾਰਮਰ ਲਗਾਏ ਜਾਣਗੇ। ਉਨ੍ਹਾਂ ਕਿਹਾ ਕਿ ਕਰੀਬ 28 ਨਵੇਂ ਟ੍ਰਾਂਸਫਾਰਮਰ ਮਨਜ਼ੂਰ ਕੀਤੇ ਗਏ ਹਨ ਅਤੇ ਜੇ ਭਵਿੱਖ ਵਿੱਚ ਹੋਰ ਟ੍ਰਾਂਸਫਾਰਮਰਾਂ ਦੀ ਲੋੜ ਪਈ ਤਾਂ ਉਹ ਵੀ ਲਗਾਏ ਜਾਣਗੇ। ਇਸ ਦੇ ਨਾਲ ਹੀ ਜਿਹੜੇ ਟ੍ਰਾਂਸਫਾਰਮਰ ਓਵਰਲੋਡ ਹੋ ਚੁੱਕੇ ਹਨ, ਉਨ੍ਹਾਂ ਨੂੰ ਵੀ ਅਪਗ੍ਰੇਡ ਕੀਤਾ ਜਾਵੇਗਾ।ਸ੍ਰੀ ਬਹਿਲ ਨੇ ਕਿਹਾ ਕਿ ਗੁਰਦਾਸਪੁਰ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੈ ਕਿ ਬਿਜਲੀ ਦੇ ਖੇਤਰ ਵਿੱਚ ਇੰਨੇ ਵੱਡੇ ਪੱਧਰ ਦਾ ਪ੍ਰੋਜੈਕਟ ਲਾਗੂ ਕੀਤਾ ਗਿਆ ਹੈ। ਇਸ ਮੌਕੇ ਐਕਸੀਅਨ ਕੁਲਦੀਪ ਸਿੰਘ, ਐਕਸੀਅਨ ਏ ਪੀ ਡੀ ਆਰ ਪੀ ਸੰਦੀਪ ਕੁਮਾਰ, ਐਸ.ਡੀ.ਓ ਸਿਟੀ ਭੁਪਿੰਦਰ ਸਿੰਘ ਕਲੇਰ, ਐਸ.ਡੀ.ਓ ਤਿੱਬੜ ਅਰੁਣ ਭਾਰਦਵਾਜ, ਐਸ.ਡੀ.ਓ ਸੁਬੁਰਬਾਨ ਰਜਤ ਸ਼ਰਮਾ, ਜੇ.ਈ ਪਵਨ ਕੁਮਾਰ, ਜੇ.ਈ ਜਸਵਿੰਦਰ, ਚੇਅਰਮੈਨ ਮਾਰਕਿਟ ਕਮੇਟੀ ਭਾਰਤ ਭੂਸ਼ਣ, 'ਆਪ' ਦੇ ਜ਼ਿਲ੍ਹਾ ਸਕੱਤਰ ਜਗਜੀਤ ਸਿੰਘ ਪਿੰਟਾ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਸੁੱਚਾ ਸਿੰਘ ਮੁਲਤਾਨੀ, ਬਲਾਕ ਪ੍ਰਧਾਨ ਹਿਤੇਸ਼ ਮਹਾਜਨ, ਬਲਾਕ ਪ੍ਰਧਾਨ ਰਘੁਬੀਰ ਸਿੰਘ ਟੋਨੀ ਖਾਲਸਾ, ਹਲਕਾ ਐਜੂਕੇਸ਼ਨ ਕੋਆਰਡੀਨੇਟਰ ਅਸ਼ਵਨੀ ਸ਼ਰਮਾ, ਬਲਾਕ ਪ੍ਰਧਾਨ ਰਾਜੇਸ਼ ਕੁਮਾਰ, ਬਲਾਕ ਪ੍ਰਧਾਨ ਗਗਨ ਮਹਾਜਨ,ਕੌਂਸਲਰ ਬਲਵਿੰਦਰ ਸਿੰਘ ਅਤੇ ਚੇਅਰਮੈਨ ਟਰੇਡ ਵਿੰਗ ਰਜਿੰਦਰ ਨੰਦਾ ਆਦਿ ਮੌਜੂਦ ਸਨ।



# ਕਾਮਰੇਡ ਜਸਪਾਲ ਸਿੰਘ ਝਬਾਲ ਨੂੰ ਵੱਖ-ਵੱਖ ਜਥੇਬੰਦੀਆਂ ਵੱਲੋਂ ਆਖਰੀ ਸਲਾਮ

**ਸਰਾਏ ਅਮਾਨਤ ਖਾਂ/ ਝਬਾਲ (ਮੱਖਣ ਮਨੋਜ, ਹਰਜਿੰਦਰ ਸਿੰਘ ਸੋਨੀ)**- ਕਿਰਤੀ ਲੋਕਾਂ ਦੇ ਮਸੀਹਾ ਕਾਮਰੇਡ ਜਸਪਾਲ ਸਿੰਘ ਢਿੱਲੋਂ ਜੋ ਇਸ ਫਾਨੀ ਸੰਸਾਰ ਨੂੰ ਛੱਡ ਕੇ ਚਲੇ ਗਏ, ਉਨ੍ਹਾਂ ਦੇ ਚਲੇ ਜਾਣ ਨਾਲ ਪਰਿਵਾਰ ਅਤੇ ਪਾਰਟੀ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਉਨ੍ਹਾਂ ਦਾ ਅੰਤਿਮ ਸੰਸਕਾਰ ਉਨ੍ਹਾਂ ਦੇ ਜੱਦੀ ਪਿੰਡ ਕੋਟ ਧਰਮ ਚੰਦ ਖੁਰਦ ਵਿਖੇ ਕੀਤਾ ਗਿਆ ਜਿਸ ਵਿੱਚ ਵੱਖ ਵੱਖ ਜੱਥੇਬੰਦੀਆਂ ਦੇ ਆਗੂਆਂ ਤੇ ਸੀ ਪੀ ਆਈ ਵਲੋਂ ਕਾਮਰੇਡ ਦਵਿੰਦਰ ਸੋਹਲ ਦੀ ਅਗਵਾਈ ਹੇਠ ਉਨ੍ਹਾਂ ਦੀ ਮ੍ਰਿਤਕ ਦੇਹ 'ਤੇ ਲਾਲ ਝੰਡਾ ਪਾ ਕੇ ਜੁਝਾਰੂ ਸਾਥੀ ਨੂੰ ਆਖਰੀ ਸਲਾਮ ਕੀਤਾ। ਇਸ ਮੌਕੇ ਹਲਕਾ ਤਰਨਤਾਰਨ ਤੋਂ ਇੰਚਾਰਜ ਕਾਂਗਰਸ ਪਾਰਟੀ ਕਰਨਬੀਰ ਸਿੰਘ ਬੁਰਜ, ਕਾਮਰੇਡ ਦਵਿੰਦਰ ਸੋਹਲ, ਇਸਤਰੀ ਸਭਾ ਦੇ ਆਗੂ ਸੀਮਾ ਸੋਹਲ, ਸਾਬਕਾ ਸਰਪੰਚ ਗੁਰਪਾਲ ਸਿੰਘ ਜਗਤਪੁਰਾ, ਕਾਮਰੇਡ ਚਮਨ ਲਾਲ ਦਰਾਜਕੇ, ਕਾਮਰੇਡ ਅਸ਼ੋਕ ਕੁਮਾਰ ਸੋਹਲ, ਖਾਲੜਾ ਮਿਸ਼ਨ ਕਮੇਟੀ ਦੇ ਬਲਵਿੰਦਰ ਸਿੰਘ ਝਬਾਲ, ਪ੍ਰਧਾਨ ਅਸ਼ੋਕ ਕੁਮਾਰ, ਕਾਮਰੇਡ ਜਸਬੀਰ ਸਿੰਘ ਝਬਾਲ , ਕਾਮਰੇਡ ਬਲਦੇਵ ਸਿੰਘ ਪੰਡੋਰੀ , ਕਾਮਰੇਡ ਦੇਵੀ ਕੁਮਾਰੀ, ਧਰਮ ਸਿੰਘ ਪੱਟੀ , ਕਿਸਾਨ ਆਗੂ ਹਰਭਜਨ ਸਿੰਘ, ਹਰਦੀਪ ਸਿੰਘ ਰਸੂਲਪੁਰ, ਮਜ਼ਦੂਰਾਂ ਦੇ ਆਗੂ ਗੁਰਨਾਮ ਸਿੰਘ ਦਾਊਦ, ਦਰਬਾਰਾ ਸਿੰਘ, ਜਗਤਾਰ ਸਿੰਘ ਕਰਮਪੁਰਾ, ਮੰਗਲ ਸਿੰਘ ਟਾਂਡਾ, ਮਨਜੀਤ ਸਿੰਘ ਬੱਗੂ, ਮਾਸਟਰ ਹਰਭਜਨ ਸਿੰਘ, ਧਰਮ ਸਿੰਘ ਪੱਟੀ,ਅਮਰੀਕ ਸਿੰਘ ਦਾਊਦ, ਮੁਖ਼ਤਾਰ ਸਿੰਘ ਮੱਲਾ ਆਦਿ ਤੋਂ ਇਲਾਵਾ ਹੋਰ ਵੀ ਪ੍ਰਮੁੱਖ ਸਖਸ਼ੀਅਤਾਂ ਹਾਜ਼ਰ ਸਨ ।



# ਦੀਨਾਨਗਰ ਪ੍ਰੈੱਸ ਕਲੱਬ ਦੀ ਚੋਣ, ਰਜਿੰਦਰ ਸੈਣੀ ਪ੍ਰਧਾਨ ਬਣੇ



**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**- ਦੀਨਾਨਗਰ ਪ੍ਰੈਸ ਕਲੱਬ ਦੀ ਚੋਣ ਕੀਤੀ ਗਈ। ਹਰ ਸਾਲ ਦੀ ਤਰ੍ਹਾਂ ਪ੍ਰਧਾਨ ਦੀ ਚੋਣ ਕੀਤੀ ਜਾਂਦੀ ਹੈ। ਪਿਛਲੇ ਸਮੇਂ ਲਗਾਤਾਰ ਦੋ ਸਾਲਾਂ ਤੋਂ ਗੁਰਪ੍ਰੀਤ ਸਿੰਘ ਡਾਲਾ ਪ੍ਰਧਾਨ ਦੀ ਜ਼ਿੰਮੇਵਾਰੀ ਨਿਭਾ ਰਹੇ ਸਨ ਪਰ ਅੱਜ ਸਮੂਹ ਮੈਂਬਰਾਂ ਦੀ ਸਹਿਮਤੀ ਨਾਲ ਉਨ੍ਹਾਂ ਦੀ ਜਗ੍ਹਾ ਨਵੇਂ ਪ੍ਰਧਾਨ ਲੀਡ ਸਟੋਰੀ ਦੇ ਸੰਪਾਦਕ ਰਜਿੰਦਰ ਸੈਣੀ ਨੂੰ ਪ੍ਰੈਸ ਕਲੱਬ ਦੀਨਾਨਗਰ ਦੇ ਪ੍ਰਧਾਨ ਚੁਣਿਆ ਗਿਆ। ਇਸ ਮੌਕੇ ਰਜਿੰਦਰ ਸੈਣੀ ਨੇ ਗੱਲਬਾਤ ਦੌਰਾਨ ਦੱਸਿਆ ਕਿ ਜੋ ਮੈਨੂੰ ਸਮੂਹ ਮੈਂਬਰਾਂ ਵੱਲੋਂ ਜ਼ਿੰਮੇਵਾਰੀ ਦਿੱਤੀ ਗਈ ਹੈ ਉਸ ਨੂੰ ਮੈਂ ਪੂਰੀ ਤਨਦੇਹੀ ਨਾਲ ਨਿਭਾਵਾਂਗਾ ਅਤੇ ਦੀਨਾਨਗਰ ਅੰਦਰ ਸਮੂਹ ਪੱਤਰਕਾਰਾਂ ਨੂੰ ਕਿਸੇ ਵੀ ਕਿਸਮ ਦੀ ਕੋਈ ਮੁਸ਼ਕਲ ਪੇਸ਼ ਨਹੀਂ ਆਉਣ ਦਿੱਤੀ ਜਾਏਗੀ। ਉਹਨਾਂ ਪੱਤਰਕਾਰ ਭਾਈਚਾਰੇ ਨੂੰ ਵੀ ਅਪੀਲ ਕੀਤੀ ਕਿ ਇਮਾਨਦਾਰੀ ਨਾਲ ਅਤੇ ਸੱਚੀ ਪੱਤਰਕਾਰੀ ਕਰਨ। ਉਹਨਾਂ ਸਮੂਹ ਪੱਤਰਕਾਰਾਂ ਨੂੰ ਅਪੀਲ ਕੀਤੀ ਕਿ ਮੈਂ 24 ਘੰਟੇ ਤੁਹਾਡੇ ਨਾਲ ਹਾਂ, ਕਿਸੇ ਵੀ ਤਰ੍ਹਾਂ ਦੀ ਪੱਤਰਕਾਰੀ ਫੀਲਡ ਵਿੱਚ ਮੁਸ਼ਕਲ ਆਉਂਦੀ ਹੈ ਤਾਂ ਸਮੂਹ ਕਲੱਬ ਦੇ ਮੈਂਬਰ ਇਸ ਮੁਸ਼ਕਲ ਦਾ ਹੱਲ ਕੱਢਣ ਲਈ ਇੱਕਜੁੱਟ ਹੋਣਗੇ। ਇਸ ਮੌਕੇ ਪੱਤਰਕਾਰ ਹਰਜਿੰਦਰ ਸਿੰਘ ਗੋਰਾਇਆ, ਕਮਲ ਸ਼ਰਮਾ, ਸਰਬਜੀਤ ਸਾਬੀ, ਕਮਲ ਮਹਾਜਨ, ਰਾਜ ਕੁਮਾਰ ਸ਼ਰਮਾ, ਸੁਰਿੰਦਰ ਸਿੰਘ ਸੋਨੀ, ਸੰਜੀਵ ਟੋਨੀ, ਰਵਿੰਦਰ ਠਾਕੁਰ ਭੋਲਾ, ਬਲਵਿੰਦਰ ਸਿੰਘ ਬਿੱਲਾ, ਰਜਿੰਦਰ ਰਾਜ, ਪ੍ਰਦੀਪ ਦੀਪ, ਪ੍ਰਿੰਸ ਆਨੰਦ, ਅਮਿਤ ਪੰਡੋਰੀ, ਰਾਜੀਵ ਡੋਗਰਾ, ਨਿਤਿਨ ਟੰਡਨ, ਵਿਪਨ ਪੰਡੋਰੀ ਆਦਿ ਹਾਜ਼ਰ ਸਨ।

# ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਸਿਹਤ ਕਾਰਡ ਬਣਾਉਣ ਦੀ ਮੁਹਿੰਮ ਹੋਈ ਤੇਜ਼

**ਜਲੰਧਰ (ਇਕਬਾਲ ਸਿੰਘ ਉੱਭੀ)**- ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਜਲੰਧਰ ਦੇ ਵੱਖ-ਵੱਖ ਵਾਰਡਾਂ ਵਿੱਚ ਸਿਹਤ ਕਾਰਡ ਬਣਾਉਣ ਦੀ ਮੁਹਿੰਮ ਜ਼ੋਰਾਂ 'ਤੇ ਚੱਲ ਰਹੀ ਹੈ। ਇਸ ਕੜੀ ਤਹਿਤ ਵਾਰਡ ਨੰਬਰ 43 ਅਤੇ ਵਾਰਡ ਨੰਬਰ 4 ਵਿੱਚ ਸਫ਼ਲਤਾਪੂਰਵਕ ਸਿਹਤ ਕਾਰਡ ਬਣਾਉਣ ਦੇ ਕੈਂਪ ਲਗਾਏ ਗਏ। ਵਾਰਡ ਨੰਬਰ 43 ਵਿੱਚ ਕੌਂਸਲਰ ਸੁਨੀਤਾ ਟਿੱਕਾ ਦੀ ਅਗਵਾਈ ਹੇਠ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦਾ ਆਗਾਜ਼ ਕੀਤਾ ਗਿਆ। ਇਸ ਮੌਕੇ ਯੂਥ ਕੋਆਰਡੀਨੇਟਰ ਵਾਰਡ ਨੰਬਰ 43 ਦਲਵਿੰਦਰ ਸਿੰਘ ਰਾਜਾ ਧਾਮੀ, ਓਂਕਾਰ ਰਜੀਵ, ਅਸ਼ੋਕ ਚੌਹਾਨ, ਬਲਾਕ ਪ੍ਰਧਾਨ ਨਵੀਨ ਸੋਨੀ ਅਤੇ ਮੀਡੀਆ ਕੋਆਰਡੀਨੇਟਰ ਕੁਲਵਿੰਦਰ ਸਿੰਘ ਹੀਰਾ ਬੋਲੀਨਾ ਵੱਲੋਂ ਵੱਡੀ ਗਿਣਤੀ ਵਿੱਚ ਵਾਰਡ ਵਾਸੀਆਂ ਦੇ ਸਿਹਤ ਬੀਮਾ ਕਾਰਡ ਬਣਾਏ ਗਏ। ਵਾਰਡ ਵਾਸੀਆਂ ਨੇ ਇਸ ਉਪਰਾਲੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ। ਇਸੇ ਤਰ੍ਹਾਂ ਵਾਰਡ ਨੰਬਰ 4 ਵਿੱਚ ਹਲਕਾ ਇੰਚਾਰਜ ਦਿਨੇਸ਼ ਢੱਲ ਦੀ ਦਿਸ਼ਾ ਅਨੁਸਾਰ ਸਿਹਤ ਕਾਰਡ ਬਣਾਉਣ ਦੀ ਮੁਹਿੰਮ ਚਲਾਈ ਗਈ। ਵਾਰਡ ਦੇ ਕੌਂਸਲਰ ਜਗੀਰ ਸਿੰਘ ਅਤੇ ਯੂਥ ਵਾਰਡ ਇੰਚਾਰਜ ਸੰਦੀਪ ਸਿੰਘ ਦੀ ਅਗਵਾਈ ਹੇਠ ਲੋਕਾਂ ਦੇ ਵੱਡੇ ਪੱਧਰ 'ਤੇ ਸਿਹਤ ਕਾਰਡ ਬਣਾਏ ਗਏ। ਇਸ ਮੌਕੇ ਕਿਸਾਨ ਹਲਕਾ ਕੋਆਰਡੀਨੇਟਰ ਹਰਮਿੰਦਰ ਸਿੰਘ ਸੋਨੂ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।

# ਆਯੂਸ਼ ਵਿਭਾਗ ਵੱਲੋਂ ਮੜ੍ਹੀਆਂਵਾਲ ਵਿਖੇ ਮੁਫ਼ਤ ਮੈਡੀਕਲ ਕੈਂਪ

**ਬਟਾਲਾ (ਡਾਕਟਰ ਮਲਵਿੰਦਰ ਸਿੰਘ)**- ਪੰਜਾਬ ਸਰਕਾਰ ਦੇ ਜਨ-ਜਨ ਤੱਕ ਸਿਹਤ ਸੁਵਿਧਾਵਾਂ ਪਹੁੰਚਾਉਣ ਦੇ ਉਦੇਸ਼ ਨਾਲ ਡਾਇਰੈਕਟਰ ਆਯੁਰਵੈਦਾ ਯੂਨਾਨੀ ਅਫਸਰ ਜ਼ਿਲ੍ਹਾ ਗੁਰਦਾਸਪੁਰ ਡਾ. ਹਰਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਡੇਰਾ ਬਾਬਾ ਬੁੱਧ ਸ਼ਾਹ ਜੀ ਪਿੰਡ ਮੜ੍ਹੀਆਂਵਾਲ ਵਿਖੇ ਮੁਫਤ ਆਯੂਸ਼ ਕੈਂਪ ਡੇਰੇ ਦੇ ਗਦੀਨਸ਼ੀਲ ਬਾਬਾ ਮੇਸ਼ੀ ਸ਼ਾਹ ਅਤੇ ਜ਼ਿਲ੍ਹਾ ਅਫਸਰ ਗੁਰਦਾਸਪੁਰ ਦੀ ਸਰਪਰਸਤੀ ਹੇਠ ਲਗਾਇਆ ਗਿਆ। ਕੈਂਪ ਦੇ ਇੰਚਾਰਜ ਡਾ. ਅਮਿਤ ਵਰਮਾ ਆਯੁਰਵੈਦਿਕ ਮੈਡੀਕਲ ਅਫਸਰ ਅਯੁਸ਼ਮਾਨ ਆਰੋਗਿਆ ਕੇਂਦਰ, ਪਿੰਡ ਮੜ੍ਹੀਆਵਾਲ ਨੇ ਦੱਸਿਆ ਕਿ ਇਸ ਕੈਂਪ ਵਿੱਚ 708 ਮਰੀਜ਼ਾਂ ਦੀ ਜਾਂਚ ਕੀਤੀ ਗਈ ਅਤੇ ਮੁਫਤ ਦਵਾਈਆਂ ਦਿੱਤੀਆਂ ਗਈਆਂ। ਲੋਕਾਂ ਨੂੰ ਵੱਖ-ਵੱਖ ਬਿਮਾਰੀਆਂ ਵਾਸਤੇ ਯੋਗਾ ਦੇ ਫਾਇਦਿਆਂ ਬਾਰੇ ਵੀ ਜਾਣਕਾਰੀ ਦਿੱਤੀ ਗਈ।ਕੈਂਪ ਦੌਰਾਨ ਬਾਬਾ ਮੇਸ਼ੀ ਸ਼ਾਹ ਨੇ ਪੰਜਾਬ ਸਰਕਾਰ ਵੱਲੋਂ ਲੋਕ ਹਿੱਤ ਵਿੱਚ ਡੇਰਾ ਬਾਬਾ ਬੁੱਧ ਸ਼ਾਹ ਵਿਖੇ ਲਗਾਏ ਮੁਫਤ ਆਯੁਰਵੈਦਿਕ ਅਤੇ ਹੋਮਿਉਪੈਥਿਕ ਆਯੂਸ਼ ਕੈਂਪ ਲਈ ਵਿਭਾਗ ਦੇ ਡਾਇਰੈਕਟਰ ਡਾ.ਰਮਨ ਖੰਨਾ ਅਤੇ ਜ਼ਿਲ੍ਹਾ ਅਫਸਰ ਤੇ ਸਮੂਹ ਸਟਾਫ ਦਾ ਤਹਿ ਦਿਲੋਂ ਧੰਨਵਾਦ ਕੀਤਾ। ਬਾਬਾ ਮੇਸ਼ੀ ਸ਼ਾਹ ਵੱਲੋਂ ਆਏ ਹੋਏ ਸਾਰੇ ਸਟਾਫ ਨੂੰ ਸਿਰਪਾਓ ਪਾ ਕੇ ਸਮਾਨਿਤ ਕੀਤਾ ਗਿਆ।ਨੋਡਲ ਅਫਸਰ ਡਾ. ਅਮਿਤ ਵਰਮਾ ਨੇ ਜਾਣਕਾਰੀ ਦਿੰਦੀਆਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਗੁਰਦਾਸਪੁਰ ਵਿੱਚ ਅਜੀਹੇ ਅਯੁਰਵੈਦਿਕ ਅਤੇ ਹੋਮਿਉਪੈਥਿਕ ਮੁਫਤ ਆਯੂਸ਼ ਕੈਂਪ ਲੋਕ ਭਲਾਈ ਲਈ 15 ਵੱਖ-ਵੱਖ ਸਥਾਨਾਂ ਤੇ ਲਗਾਏ ਜਾਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ । ਇਸ ਮੌਕੇ ਆਯੁਰਵੈਦਿਕ ਵਿਭਾਗ ਤੋਂ ਡਾ. ਅੰਕੁਰ, ਮਨਦੀਪ ਕੌਰ, ਉਪਵੈਦ ਸੰਦੀਪ ਕੁਮਾਰ ਅਤੇ ਮੁਖਤਿਆਰ ਸਿੰਘ, ਉਪਵੈਦ ਅਮਨਦੀਪ ਸ਼ਰਮਾਂ , ਹੋਮਿਉਪੈਥਿਕ ਵਿਭਾਗ ਤੋਂ ਡਾ. ਹਰਜਿੰਦਰ ਕੌਰ, ਰੁਪਿੰਦਰ ਕੌਰ, ਸ਼੍ਰੀਮਤੀ ਸੀਮਾਂ ਅਤੇ ਸ਼੍ਰੀਮਤੀ ਸੁਨੀਤਾ ਜੋਸ਼ੀ ਨੇ ਆਪਣੀ ਡਿਊਟੀ ਨਿਭਾਈ ਅਤੇ ਕੈਂਪ ਨੂੰ ਸਫਲ ਬਣਾਇਆ।ਇਸ ਕੈਂਪ ਵਿੱਚ ਯੋਗਾ ਇੰਸਟਰਕਟਰ ਮੋਨਿਕਾ ਅਤੇ ਅਰਸ਼ਦੀਪ ਸਿੰਘ ਵੱਲੋਂ ਯੋਗ ਆਸਨ ਵੀ ਕਰਵਾਏ ਗਏ। ਡਿਸਪੈਂਸਰੀ ਦੇ ਸਟਾਫ ਵੀਨਾ, ਪੂਜਾ ਤੋਂ ਇਲਾਵਾ ਪੰਜਾਬ ਪੋਰਸ ਸਿੰਘ ਅਤੇ ਗੁਰਪ੍ਰੀਤ ਵੱਲੋਂ ਵੀ ਵਿਸ਼ੇਸ਼ ਸਹਿਯੋਗ ਦਿੱਤਾ ਗਿਆ।



# ਜ਼ਿਲ੍ਹਾ ਸੈਨਿਕ ਬੋਰਡ ਦੀ ਤਿਮਾਹੀ ਮੀਟਿੰਗ

**ਗੁਰਦਾਸਪੁਰ (ਜਨਕ ਮਹਾਜਨ)**- ਜ਼ਿਲ੍ਹਾ ਸੈਨਿਕ ਬੋਰਡ ਗੁਰਦਾਸਪੁਰ ਦੀ ਤਿਮਾਹੀ ਮੀਟਿੰਗ ਅਦਿੱਤਿਆ ਗੁਪਤਾ ਡਿਪਟੀ ਕਮਿਸ਼ਨਰ-ਕਮ-ਪ੍ਰਧਾਨ ਜ਼ਿਲ੍ਹਾ ਸੈਨਿਕ ਬੋਰਡ ਗੁਰਦਾਸਪੁਰ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਕੁਲਦੀਪ ਚੰਦ ਚੀਫ਼ ਮਿਨਿਸਟਰ ਫੀਲਡ ਅਫ਼ਸਰ (ਸੀ.ਐਮ.ਐਫ.ਓ.) ਦੀ ਪ੍ਰਧਾਨਗੀ ਹੇਠ ਗੁਰਦਾਸਪੁਰ ਵਿਖੇ ਸੰਪੰਨ ਹੋਈ। ਮੀਟਿੰਗ ਦੌਰਾਨ ਕਮਾਂਡਰ ਬਲਜਿੰਦਰ ਵਿਰਕ (ਰਿਟਾਇਰਡ) ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫ਼ਸਰ ਗੁਰਦਾਸਪੁਰ ਵਲੋਂ ਮੀਟਿੰਗ ਵਿੱਚ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਦੀ ਭਲਾਈ ਹਿੱਤ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫ਼ਤਰ ਗੁਰਦਾਸਪੁਰ ਵਲੋਂ ਕੀਤੇ ਗਏ ਅਤੇ ਚੱਲ ਰਹੇ ਕੰਮਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਮੀਟਿੰਗ ਦੌਰਾਨ ਸਾਬਕਾ ਸੈਨਿਕਾਂ ਅਤੇ ਵਿਧਵਾਵਾਂ ਦੀ ਭਲਾਈ ਸਬੰਧੀ ਅਤੇ ਉਨ੍ਹਾਂ ਨੂੰ ਆ ਰਹੀਆਂ ਸਮੱਸਿਆਵਾਂ ਸਬੰਧੀ ਏਜੰਡਾ ਪੁਆਇੰਟ ਪੜ੍ਹੇ ਗਏ, ਜਿਨ੍ਹਾਂ 'ਤੇ ਸੀ.ਐਮ.ਐਫ.ਓ. ਵੱਲੋਂ ਮੌਕੇ 'ਤੇ ਹੀ ਸਬੰਧਤ ਅਧਿਕਾਰੀਆਂ ਨੂੰ ਤੁਰੰਤ ਹੱਲ ਕਰਨ ਲਈ ਜ਼ਰੂਰੀ ਨਿਰਦੇਸ਼ ਜਾਰੀ ਕੀਤੇ ਗਏ। ਮੀਟਿੰਗ ਵਿੱਚ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ। ਇਸ ਤੋਂ ਇਲਾਵਾ ਜ਼ਿਲ੍ਹਾ ਸੈਨਿਕ ਬੋਰਡ ਦੇ ਨਾਨ-ਅਫ਼ਿਸ਼ਲ ਮੈਂਬਰਾਂ ਵੀ ਮੀਟਿੰਗ ਵਿਚ ਭਾਗ ਲਿਆ ਅਤੇ ਸਾਬਕਾ ਸੈਨਿਕਾਂ ਨੂੰ ਦਰਪੇਸ਼ ਮੁਸ਼ਕਲਾਂ ਸਬੰਧੀ ਪ੍ਰਸ਼ਾਸਨ ਨੂੰ ਜਾਣੂੰ ਕਰਵਾਇਆ। ਅੰਤ ਵਿੱਚ ਕਮਾਂਡਰ ਬਲਜਿੰਦਰ ਵਿਰਕ (ਰਿਟਾਇਰਡ) ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫ਼ਸਰ ਗੁਰਦਾਸਪੁਰ ਵੱਲੋਂ ਮੀਟਿੰਗ ਵਿੱਚ ਹਾਜ਼ਰ ਸਮੂਹ ਅਧਿਕਾਰੀਆਂ ਦਾ ਧੰਨਵਾਦ ਕੀਤਾ ਗਿਆ।




# ਸਰਕਾਰੀ ਸਕੂਲ ਹਯਾਤ ਨਗਰ 'ਚ ਨਸ਼ਿਆਂ ਵਿਰੁੱਧ ਜਾਗਰੂਕਤਾ ਸਮਾਗਮ

**ਗੁਰਦਾਸਪੁਰ (ਜਨਕ ਮਹਾਜਨ)**- ਨੌਜਵਾਨਾਂ ਵਿੱਚ ਨਸ਼ਿਆਂ ਦੀ ਵਧ ਰਹੀ ਚਿੰਤਾ ਨੂੰ ਦੂਰ ਕਰਨ ਲਈ ਰੈੱਡ ਕਰਾਸ ਇੰਟੀਗ੍ਰੇਟਿਡ ਐਂਡ ਰੀਹੈਬਲੀਟੇਸ਼ਨ ਸੈਂਟਰ ਫਾਰ ਐਡਿਕਟਸ ਗੁਰਦਾਸਪੁਰ ਨੇ ਸ਼ਿਵ ਦੁਲਾਰ ਸਿੰਘ ਢਿੱਲੋਂ ਸੇਵਾਮੁਕਤ ਸਕੱਤਰ ਇੰਡੀਅਨ ਰੈੱਡ ਕਰਾਸ ਸੋਸਾਇਟੀ ਪੰਜਾਬ ਰਾਜ ਸ਼ਾਖਾ ਚੰਡੀਗੜ੍ਹ ਦੀ ਦਿਆਲੂ ਅਗਵਾਈ ਅਤੇ ਸਹਾਇਤਾ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਯਾਤ ਨਗਰ ਗੁਰਦਾਸਪੁਰ ਵਿਖੇ ਇੱਕ ਨਸ਼ਾ ਜਾਗਰੂਕਤਾ ਅਤੇ ਰੋਕਥਾਮ ਭਾਸ਼ਣ ਸਬੰਧੀ ਸਮਾਗਮ ਕਰਵਾਇਆ ਗਿਆ। ਰੋਮੇਸ਼ ਮਹਾਜਨ ਨੈਸ਼ਨਲ ਅਵਾਰਡੀ ਨੇ ਦੱਸਿਆ ਕਿ ਇਸ ਪਹਿਲਕਦਮੀ ਦਾ ਉਦੇਸ਼ ਵਿਦਿਆਰਥੀਆਂ ਨੂੰ ਨਸ਼ਿਆਂ ਦੀ ਦੁਰਵਰਤੋਂ ਦੇ ਪ੍ਰਭਾਵਾਂ ਬਾਰੇ ਪ੍ਰੇਰਿਤ ਕਰਨਾ ਸੀ। ਪ੍ਰੋਗਰਾਮ ਦੀ ਅਗਵਾਈ ਪ੍ਰਿੰਸੀਪਲ ਇਕਬਾਲ ਸਿੰਘ ਬਾਜਵਾ ਨੇ ਕੀਤੀ। ਇਕੱਠ ਨੂੰ ਸੰਬੋਧਨ ਕਰਦੇ ਹੋਏ ਆਈ ਆਰ ਸੀ ਏ ਗੁਰਦਾਸਪੁਰ ਦੀ ਟੀਮ ਨੇ ਨਸ਼ੇ ਦੀ ਲਤ ਦੇ ਕਾਰਨਾਂ ਅਤੇ ਪ੍ਰਭਾਵਾਂ ਨੂੰ ਉਜਾਗਰ ਕਰਦੇ ਹੋਏ ਇੱਕ ਸੰਖੇਪ ਪ੍ਰਭਾਵਸ਼ਾਲੀ ਭਾਸ਼ਣ ਦਿੱਤਾ।



# ਸਰਪੰਚ ਕਵਿਤਾ ਸ਼ਰਮਾ ਵੱਲੋਂ ਕਰਵਾਏ ਜਾ ਰਹੇ ਵੱਡੇ ਪੱਧਰ 'ਤੇ ਵਿਕਾਸ ਕਾਰਜ

**ਝਬਾਲ (ਹਰਜਿੰਦਰ ਸਿੰਘ ਸੋਨੀ)**- ਕਸਬਾ ਝਬਾਲ ਦੀ ਅਹਿਮ ਗ੍ਰਾਮ ਪੰਚਾਇਤ ਝਬਾਲ ਪੁਖਤਾ ਵਿਖੇ ਸਰਪੰਚ ਕਵਿਤਾ ਸ਼ਰਮਾ ਵੱਲੋਂ ਵੱਡੇ ਪੱਧਰ 'ਤੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ।ਜਿਸ ਸਦਕਾ ਝਬਾਲ ਪੁਖਤਾ ਵਿਖੇ ਅੱਜ ਚੈਅਰਮੈਨ ਰਮਨ ਕੁਮਾਰ ਝਬਾਲ ਵੱਲੋਂ ਸਾਬਕਾ ਸਰਪੰਚ ਬਲਦੇਵ ਸਿੰਘ ਵਾਲੀ ਗਲੀ ਨੂੰ ਬਣਾਉਣ ਦਾ ਉਦਘਾਟਨ ਕੀਤਾ ਗਿਆ।ਇਸ ਮੌਕੇ ਚੇਅਰਮੈਨ ਰਮਨ ਕੁਮਾਰ ਨੇ ਦੱਸਿਆ ਕਿ ਲੰਮੇ ਸਮੇਂ ਤੋਂ ਝਬਾਲ ਪੁਖਤਾ ਦੀਆਂ ਗਲੀਆਂ ਦੀ ਹਾਲਤ ਬੇਹੱਦ ਤਰਸਯੋਗ ਬਣੀ ਹੋਈ ਸੀ।ਤੇ ਥੋੜਾ ਜਿਹਾ ਮੀਂਹ ਪੈਣ 'ਤੇ ਵੀ ਪਿੰਡ ਵਾਸੀਆਂ ਨੂੰ ਗਲੀਆਂ ਵਿੱਚੋਂ ਲੰਘਣਾ ਬਹੁਤ ਔਖਾ ਹੁੰਦਾ ਸੀ।ਜਿਸ 'ਤੇ ਸਭ ਤੋਂ ਪਹਿਲਾਂ ਸਰਪੰਚ ਕਵਿਤਾ ਸ਼ਰਮਾ ਤੇ ਸਮੂਹ ਪੰਚਾਇਤ ਮੈਂਬਰਾਂ ਦੇ ਪੂਰਨ ਸਹਿਯੋਗ ਨਾਲ ਪਿੰਡ ਦੀਆਂ ਗਲੀਆਂ ਨੂੰ ਪੱਕਿਆਂ ਕਰਕੇ ਪਿੰਡ ਦੀ ਨੁਹਾਰ ਬਦਲਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।ਇਸ ਮੌਕੇ ਤੇਜਿੰਦਰ ਸਿੰਘ ਰੂਬੀ,ਗੁਰਜੰਟ ਸਿੰਘ ਰਾਜੂ,ਸਵਰਨ ਸਿੰਘ ਸੋਨੂੰ ਝਬਾਲ,ਪ੍ਰਗਟ ਸਿੰਘ, ਸੋਨੂੰ ਸਿੰਘ ਜੌਂਟੀ,ਬੂਟਾ ਸਿੰਘ,ਜਿੰਦਰ ਕੌਰ,ਮਧੂਬਾਲਾ ਸੂਦ,ਬਲਵਿੰਦਰ ਕੌਰ ਪੰਚਾਇਤ ਮੈਂਬਰ ਤੋਂ ਇਲਾਵਾ,ਪ੍ਰਭਜੀਤ ਸਿੰਘ ਰੰਘਰੇਟਾ,ਗੋਰਾ ਸੂਦ,ਨਿਰਵੈਲ ਸਿੰਘ ਆਦਿ ਨੌਜਵਾਨ ਵੀ ਹਾਜਰ ਸਨ।





ਸ਼ਹੀਦ ਬਾਬਾ ਦੀਪ ਸਿੰਘ ਦੇ ਜਨਮ ਦਿਹਾੜੇ ਮੌਕੇ ਰਾਮ ਪੀ.ਟੀ ਕੁਲਚਾ, ਕਟੜਾ ਆਹਲੂਵਾਲੀਆ, ਪੁਰਾਣੀ ਮੰਡੀ ਚੌਕ ਵਿਖੇ ਪੇਸਟਰੀਆਂ ਦਾ ਲੰਗਰ ਲਗਾਇਆ ਗਿਆ। ਇਸ ਮੌਕੇ ਲੰਗਰ ਵਰਤਾਉਣ ਦੀ ਸੇਵਾ ਨਿਭਾਉਂਦੇ ਹੋਏ ਸਮਾਜ ਸੇਵੀ ਅਨੁਜ ਖੇਮਕਾ, ਰਾਕੇਸ਼ ਖੰਨਾ ਡੀਜੇ ਵਾਲਾ, ਰਾਮੇਸ਼ ਕੁਮਾਰ ਸੰਨੀ, ਲੱਕੀ, ਸੋਨੂੰ, ਨਰਿੰਦਰ ਸਿੰਘ, ਰਾਜਾ, ਸੂਰਜ, ਸ਼ਿਵਮ, ਗੋਵਿੰਦ, ਗਗਨ, ਮੰਗਾ, ਵਿਜੈ ਡੀਜੇ ਵਾਲੇ, ਕਾਲੀ, ਬਿੱਲਾ ਪਾਪਾ ਤੇ ਹੋਰ। (ਫੋਟੋ ਤੇ ਵੇਰਵਾ - ਮਨੋਜ ਕੁਮਾਰ, ਛੇਹਰਟਾ)

# ਭਾਜਪਾ ਵੱਲੋਂ ਰਈਆ ਤੇ ਸਠਿਆਲਾ ਦੇ ਸਰਕਲ ਪ੍ਰਧਾਨ ਨਿਯੁਕਤ



**ਬਿਆਸ ( ਪਰਮਜੀਤ ਸਿੰਘ ਰੱਖੜਾ)** - ਭਾਜਪਾ ਦਫਤਰ ਰਈਆ ਵਿਖੇ ਇੱਕ ਸਮਾਗਮ ਜਨਰਲ ਸਕੱਤਰ ਅੰਮ੍ਰਿਤਸਰ ਦਿਹਾਤੀ ਰਜੇਸ਼ ਟਾਂਗਰੀ ਦੀ ਅਗਵਾਈ ਹੇਠ ਕਰਵਾਇਆ ਗਿਆ।ਜਿਸ ਵਿੱਚ ਭਾਜਪਾ ਲੋਕ ਸਭਾ ਹਲਕਾ ਖਡੂਰ ਸਾਹਿਬ ਦੇ ਇੰਚਾਰਜ ਤੇ ਸਾਬਕਾ ਚੀਫ ਪਾਰਲੀਮਾਨੀ ਸਕੱਤਰ ਮਨਜੀਤ ਸਿੰਘ ਮੰਨਾ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ।ਇਸ ਮੌਕੇ ਉਹਨਾਂ ਵੱਲੋਂ ਰਈਆ ਤੋਂ ਸਰਕਲ ਪ੍ਰਧਾਨ ਰਾਜੇਸ਼ ਦਨਿਆਲ ਅਤੇ ਸਠਿਆਲਾ ਤੋਂ ਗੁਰਚਰਨ ਸਿੰਘ ਨੂੰ ਸਰਕਲ ਪ੍ਰਧਾਨ ਨਿਯੁਕਤ ਕੀਤਾ ਗਿਆ। ਮੰਨਾ ਨੇ ਨਵੇਂ ਨਿਯੁਕਤ ਕੀਤੇ ਸਰਕਲ ਪ੍ਰਧਾਨਾਂ ਨੂੰ ਪਾਰਟੀ ਦਾ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਅਤੇ ਵਧਾਈ ਦਿੱਤੀ। ਗੱਲਬਾਤ ਕਰਦਿਆਂ ਮੰਨਾ ਨੇ ਕਿਹਾ ਕਿ ਪਾਰਟੀ ਵਿੱਚ ਕੰਮ ਕਰਨ ਵਾਲੇ ਹਰ ਵਰਕਰ ਨੂੰ ਪੂਰਾ ਮਾਨ ਸਤਿਕਾਰ ਦਿੱਤਾ ਜਾਂਦਾ ਹੈ ਨਵੇਂ ਨਿਯੁਕਤ ਹੋਏ ਸਰਕਲ ਪ੍ਰਧਾਨਾਂ ਨੇ ਮੰਨਾ ਦਾ ਧੰਨਵਾਦ ਕਰਦੇ ਕਿਹਾ ਕਿ ਪਾਰਟੀ ਵੱਲੋਂ ਜੋ ਵੀ ਜਿੰਮੇਵਾਰੀ ਮਿਲੀ ਹੈ , ਉਸ ਨੂੰ ਉਹ ਪੂਰੀ ਤਨਦੇਹੀ ਨਾਲ ਨਿਭਾਉਣਗੇ ਤੇ ਪਾਰਟੀ ਦੀ ਚੜ੍ਹਦੀ ਕਲਾ ਲਈ ਲਗਾਤਾਰ ਕੰਮ ਕਰਦੇ ਰਹਿਣਗੇ।ਇਸ ਮੌਕੇ ਸਾਬਕਾ ਚੇਅਰਮੈਨ ਰਣਜੀਤ ਸਿੰਘ ਮੀਆਂਵਿੰਡ, ਸਾਬਕਾ ਜਨਰਲ ਸਕੱਤਰ ਸੁਸ਼ੀਲ ਦੇਵਗਨ, ਅਸ਼ੋਕ ਕੁਮਾਰ ਲਾਲੀ, ਡਿੰਪੀ ਮੀਆਵਿੰਡ, ਕਰਮ ਸਿੰਘ, ਅੰਗਰੇਜ ਸਿੰਘ ਵਡਾਲਾ, ਸਾਬਕਾ ਕੌਂਸਲਰ ਦਿਲਬਾਗ ਸਿੰਘ, ਪ੍ਰਦੀਪ ਰਮਪਾਲ, ਮਲੂਕ ਸਿੰਘ ਮੱਧ, ਭੁਪਿੰਦਰ ਸਿੰਘ ਗੋਲਡੀ, ਸਵਤੰਤਰ ਸਿੰਘ, ਗੁਰਨਾਮ ਸਿੰਘ ਧਿਆਨਪੁਰ, ਬਲਵਿੰਦਰ ਸਿੰਘ ਪੱਡਾ, ਪਾਰਸ ਵਰਮਾ, ਮਾਨ ਸਿੰਘ ਬਿਆਸ, ਰਵੀ ਟਪਿਆਲਾ, ਹੈਪੀ ਖੱਖ, ਜਸਵਿੰਦਰ ਸਿੰਘ, ਗੌਰਵ ਵਰਮਾ ਆਸ਼ੂ, ਬਲਦੇਵ ਸਿੰਘ, ਮੰਗਲ ਸਿੰਘ ਰਈਆ, ਗੁਰਦੀਪ ਸਿੰਘ ਸਠਿਆਲਾ, ਦਿਲਬਾਗ ਸਿੰਘ, ਕਵਲਜੀਤ ਸਿੰਘ ਭਲਾਈਪੁਰ, ਦਲਜੀਤ ਸਿੰਘ ਜਸਪਾਲ, ਸੰਤੋਖ ਸਿੰਘ ਬਲਸਰਾ, ਸਾਬਕਾ ਕੌਂਸਲਰ ਸੁਖਦੇਵ ਸਿੰਘ, ਡਾ. ਅਵਤਾਰ ਸਿੰਘ ਸਮੇਤ ਬਹੁਤ ਸਾਰੇ ਭਾਜਪਾ ਵਰਕਰ ਹਾਜ਼ਰ ਸਨ।

# ਛੀਨਾ ਵੱਲੋਂ ਹਿੰਦ-ਪਾਕਿ ਸਰਹੱਦੀ ਵਾੜ ਦੇ ਹੱਲ ਲਈ ਮੋਦੀ ਸਰਕਾਰ ਦੀ ਸ਼ਲਾਘਾ

**ਅੰਮ੍ਰਿਤਸਰ (ਜਗਦੀਸ਼ ਕਮਲੇਸ਼)** ਭਾਰਤ-ਪਾਕਿ ਸਰਹੱਦ 'ਤੇ ਪੰਜਾਬ ਦੇ ਕਈ ਜ਼ਿਲ੍ਹਿਆਂ 'ਚ ਸਾਲ 1990 ਦੇ ਦਹਾਕੇ ਦੌਰਾਨ ਸਥਾਪਤ ਕੰਡਿਆਲੀ ਤਾਰ ਦੇ ਨਤੀਜੇ ਵਜੋਂ ਹਜ਼ਾਰਾਂ ਏਕੜ ਵਾਹੀਯੋਗ ਜ਼ਮੀਨ ਖੁੱਸਣ ਕਾਰਨ ਕਿਸਾਨਾਂ ਦੇ ਚਿਰਾਂ ਤੋਂ ਲਟਕ ਰਹੇ ਮਸਲੇ ਨੂੰ ਮੋਦੀ ਸਰਕਾਰ ਵੱਲੋਂ ਹੱਲ ਕਰਨ ਦੇ ਸ਼ਲਾਘਾਯੋਗ ਫੈਸਲੇ ਦਾ ਵੀਰਵਾਰ ਭਾਜਪਾ ਦੇ ਸੀਨੀਅਰ ਆਗੂ ਰਜਿੰਦਰ ਮੋਹਨ ਸਿੰਘ ਛੀਨਾ ਨੇ ਪੁਰਜ਼ੋਰ ਸਵਾਗਤ ਕੀਤਾ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਨੁਕੀਲੀ ਤਾਰ ਨੂੰ ਅੰਤਰਰਾਸ਼ਟਰੀ ਸਰਹੱਦ ਦੇ ਨੇੜੇ ਤਬਦੀਲ ਕਰਕੇ ਕਿਸਾਨ ਹਿੱਤ ਵੱਡਾ ਫੈਸਲਾ ਲਿਆ ਹੈ। ਛੀਨਾ ਨੇ ਮੋਦੀ ਅਤੇ ਸ਼ਾਹ ਨੂੰ 6 ਦਸੰਬਰ 2025 ਨੂੰ ਲਿਖੇ ਆਪਣੇ ਪੱਤਰ ਸਬੰਧੀ ਜਾਣਕਾਰੀ ਪੱਤਰਕਾਰਾਂ ਨਾਲ ਸਾਂਝੀ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਨੇ ਇਸ ਕੰਡਿਆਲੀ ਤਾਰ ਨੂੰ ਅੰਤਰਰਾਸ਼ਟਰੀ ਸਰਹੱਦ ਦੇ ਨਜ਼ਦੀਕ ਮੁੜ ਸਥਾਪਤ ਕਰਕੇ ਹਜ਼ਾਰਾਂ ਏਕੜ ਵਾਹੀਯੋਗ ਜ਼ਮੀਨ ਕਿਸਾਨਾਂ ਨੂੰ ਬਚਾ ਕੇ ਦੇਣ ਲਈ ਉਚਿਤ ਫ਼ੈਸਲਾ ਲਿਆ।ਉਨ੍ਹਾਂ ਕਿਹਾ ਕਿ ਉਕਤ ਮੁੱਦਾ ਦਹਾਕਿਆਂ ਤੋਂ ਹਜ਼ਾਰਾਂ ਕਿਸਾਨਾਂ ਲਈ ਕੰਡਿਆਲੀ ਵਾੜ ਤੋਂ ਬਾਹਰ ਜਾ ਕੇ ਖੇਤੀ ਨੂੰ ਵਾਹੁਣ ਸਬੰਧੀ ਸਮੱਸਿਆ ਦਾ ਕਾਰਨ ਬਣਿਆ ਹੋਇਆ ਸੀ। ਉਨ੍ਹਾਂ ਵਾੜ ਦੀ ਤਬਦੀਲੀ ਰਾਹੀਂ ਸਮੱਸਿਆ ਨੂੰ ਹੱਲ ਕਰਨ ਦੇ ਫ਼ੈਸਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਨਾਲ ਜਿੱਥੇ ਬੀ. ਐੱਸ. ਐੱਫ. ਕੰਟਰੋਲ ਵਧੇਗਾ, ਉਥੇ ਇਹ ਨਾ ਸਿਰਫ਼ ਖੇਤੀਬਾੜੀ ਜ਼ਮੀਨ ਦੀ ਉਤਪਾਦਕ ਵਰਤੋਂ ਨੂੰ ਬਹਾਲ ਕਰੇਗਾ, ਬਲਕਿ ਸਰਹੱਦ ਪਾਰ ਤਸਕਰੀ ਅਤੇ ਗੈਰ-ਕਾਨੂੰਨੀ ਗਤੀਵਿਧੀਆਂ ਨੂੰ ਵੀ ਕਾਫ਼ੀ ਹੱਦ ਤੱਕ ਰੋਕੇਗਾ।




ਨਵਾਂ ਜ਼ਮਾਨਾ

ਸ਼ੁੱਕਰਵਾਰ, 30 ਜਨਵਰੀ 2026

# ਵਿਸ਼ਵ ਕੱਪ ਫੁੱਟਬਾਲ 'ਤੇ ਸਵਾਲੀਆ ਨਿਸ਼ਾਨ

*ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਹਰਕਤਾਂ 11 ਜੂਨ ਤੋਂ 19 ਜੁਲਾਈ ਤੱਕ ਅਮਰੀਕਾ, ਕੈਨੇਡਾ ਤੇ ਮੈਕਸੀਕੋ ਵਿੱਚ ਹੋਣ ਵਾਲੇ ਵਿਸ਼ਵ ਕੱਪ ਫੁੱਟਬਾਲ ਟੂਰਨਾਮੈਂਟ ਬਾਰੇ ਅਫਗਾਨਿਸਤਾਨ ਵਿੱਚ ਰੂਸ ਦੇ ਦਖਲ ਤੋਂ ਬਾਅਦ ਅਮਰੀਕਾ ਤੇ ਪੱਛਮੀ ਦੇਸ਼ਾਂ ਵੱਲੋਂ 1980 ਦੀਆਂ ਮਾਸਕੋ ਉਲੰਪਿਕ ਖੇਡਾਂ ਦੇ ਬਾਈਕਾਟ ਕਰਨ ਵਰਗੇ ਹਾਲਾਤ ਬਣਾ ਰਹੀਆਂ ਹਨ। ਟਰੰਪ 'ਗੈਰਕਾਨੂੰਨੀ ਪ੍ਰਵਾਸੀਆਂ' ਦੇ ਨਾਂਅ 'ਤੇ ਜਿਵੇਂ ਧੱਕੇਸ਼ਾਹੀ ਕਰ ਰਿਹਾ ਹੈ, ਉਸ ਨੂੰ ਲੈ ਕੇ ਵੱਖ-ਵੱਖ ਦੇਸ਼ਾਂ ਵਿੱਚ ਟੂਰਨਾਮੈਂਟ ਦੇ ਬਾਈਕਾਟ ਦੀਆਂ ਆਵਾਜ਼ਾਂ ਉੱਚੀਆਂ ਹੋ ਰਹੀਆਂ ਹਨ। 1998 ਤੋਂ 2015 ਤੱਕ ਵਿਸ਼ਵ ਫੁੱਟਬਾਲ ਜਥੇਬੰਦੀ (ਫੀਫਾ) ਦੇ ਪ੍ਰਧਾਨ ਰਹੇ ਸੇਪ ਬਲੈਟਰ ਨੇ ਵੀ ਫੁੱਟਬਾਲ ਦੇ ਦੀਵਾਨਿਆਂ ਨੂੰ ਅਮਰੀਕਾ ਨਾ ਜਾਣ ਦੇ ਸੱਦੇ ਦੀ ਹਮਾਇਤ ਕਰ ਦਿੱਤੀ ਹੈ। ਇੱਕ ਦਹਾਕਾ ਪਹਿਲਾਂ ਫੀਫਾ ਵਿੱਚ ਸੁਧਾਰ ਲਈ ਬਣੀ ਆਜ਼ਾਦ ਕਮੇਟੀ ਦੀ ਪ੍ਰਧਾਨਗੀ ਕਰਨ ਵਾਲੇ ਸਵਿਸ ਵਕੀਲ ਮਾਰਕ ਪੀਥ ਨੇ ਪਿਛਲੇ ਦਿਨੀਂ ਕਿਹਾ ਸੀ ਕਿ ਫੁੱਟਬਾਲ ਦੇ ਦੀਵਾਨੇ ਘਰ ਬੈਠ ਕੇ ਟੀ ਵੀ 'ਤੇ ਹੀ ਮੈਚ ਦੇਖ ਲੈਣ, ਕਿਉਂਕਿ ਜੇ ਉਹ ਅਮਰੀਕਾ ਪੁੱਜ ਕੇ ਇਮੀਗ੍ਰੇਸ਼ਨ ਨਿਯਮਾਂ ਬਾਰੇ ਅਮਰੀਕੀ ਅਧਿਕਾਰੀਆਂ ਦੀ ਤਸੱਲੀ ਨਾ ਕਰਾ ਸਕੇ ਤਾਂ ਉਨ੍ਹਾਂ ਨੂੰ ਮੋੜਵੀਂ ਫਲਾਈਟ ਵਿੱਚ ਵਾਪਸ ਕਰ ਦਿੱਤਾ ਜਾਵੇਗਾ। 89 ਸਾਲਾ ਬਲੈਟਰ ਨੇ ਕਿਹਾ ਹੈ ਕਿ ਪੀਥ ਸਹੀ ਕਹਿ ਰਿਹਾ ਹੈ।*

*ਕੌਮਾਂਤਰੀ ਫੁੱਟਬਾਲ ਭਾਈਚਾਰਾ ਟਰੰਪ ਦੀ ਗਰੀਨਲੈਂਡ 'ਤੇ ਕਬਜ਼ਾ ਕਰਨ, ਟਰੈਵਲ ਪਾਬੰਦੀਆਂ ਅਤੇ ਪ੍ਰਵਾਸੀਆਂ ਨਾਲ ਸਖਤੀ ਨਾਲ ਨਿੱਬੜਨ ਦੀ ਨੀਤੀ ਤੋਂ ਚਿੰਤਤ ਹੈ। ਅਫਰੀਕਾ ਦੇ ਸੈਨੇਗਲ ਤੇ ਆਈਵਰੀ ਕੋਸਟ ਦੀਆਂ ਟੀਮਾਂ ਵਿਸ਼ਵ ਕੱਪ ਲਈ ਕੁਆਲੀਫਾਈ ਕੀਤੀਆਂ ਹਨ, ਪਰ ਉਨ੍ਹਾਂ ਦੇ ਦੀਵਾਨਿਆਂ ਨੂੰ ਦੋ ਹਫਤੇ ਪਹਿਲਾਂ ਅਮਰੀਕਾ ਦੇ ਇਸ ਐਲਾਨ ਨਾਲ ਧੱਕਾ ਲੱਗਾ ਕਿ ਜੇ ਉਨ੍ਹਾਂ ਕੋਲ ਵੀਜ਼ੇ ਨਾ ਹੋਏ ਤਾਂ ਉਨ੍ਹਾਂ ਨੂੰ ਅਮਰੀਕਾ ਵਿੱਚ ਵੜਨ ਨਹੀਂ ਦਿੱਤਾ ਜਾਵੇਗਾ। ਕਾਲਿਆਂ ਪ੍ਰਤੀ ਟਰੰਪ ਦੀ ਨੀਤੀ ਤੋਂ ਸਾਫ ਹੈ ਕਿ ਉਨ੍ਹਾਂ ਨੂੰ ਵੀਜ਼ੇ ਛੇਤੀ ਕੀਤਿਆਂ ਮਿਲਣੇ ਨਹੀਂ। ਈਰਾਨ ਤੇ ਹੈਤੀ ਦੀਆਂ ਟੀਮਾਂ ਨੇ ਵੀ ਕੁਆਲੀਫਾਈ ਕੀਤਾ ਹੈ, ਪਰ ਇਹ ਉਨ੍ਹਾਂ ਦੇਸ਼ਾਂ ਵਿੱਚ ਸ਼ਾਮਲ ਹਨ, ਜਿਨ੍ਹਾਂ ਦੇ ਲੋਕਾਂ 'ਤੇ ਅਮਰੀਕਾ ਨੇ ਪਾਬੰਦੀ ਲਾਈ ਹੋਈ ਹੈ। ਅਮਰੀਕਾ ਦੀ ਇਸ ਧੱਕੇਸ਼ਾਹੀ ਨੂੰ ਲੈ ਕੇ ਜਰਮਨ ਫੁੱਟਬਾਲ ਫੈਡਰੇਸ਼ਨ ਦੇ ਇੱਕ ਉਪ ਪ੍ਰਧਾਨ ਓਕੇ ਗੋਤਲਿਚ ਨੇ ਤਾਂ ਵਿਸ਼ਵ ਕੱਪ ਦੇ ਬਾਈਕਾਟ 'ਤੇ ਗੰਭੀਰਤਾ ਨਾਲ ਵਿਚਾਰ ਕਰਨ ਦਾ ਸੁਝਾਅ ਦਿੱਤਾ ਹੈ। ਉਸ ਦਾ ਕਹਿਣਾ ਹੈ ਕਿ ਅਜੋਕੀ ਸਥਿਤੀ ਮਾਸਕੋ ਉਲੰਪਿਕ ਦੇ ਬਾਈਕਾਟ ਨਾਲੋਂ ਵੀ ਗੰਭੀਰ ਹੈ। ਗੋਤਲਿਚ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਹੈ ਕਿ ਬਾਈਕਾਟ ਨਾਲ ਕਿਸੇ ਖਿਡਾਰੀ ਨੂੰ ਹੋਣ ਵਾਲਾ ਨੁਕਸਾਨ ਵਿਸ਼ਵ ਕੱਪ ਦੇ ਮੇਜ਼ਬਾਨ ਵੱਲੋਂ ਕੀਤੇ ਜਾ ਰਹੇ ਸਿੱਧੇ ਤੇ ਅਸਿੱਧੇ ਹਮਲਿਆਂ ਤੇ ਦਿੱਤੀਆਂ ਜਾ ਰਹੀਆਂ ਧਮਕੀਆਂ ਨਾਲ ਦੁਨੀਆ ਦੇ ਵੱਖ-ਵੱਖ ਖਿੱਤਿਆਂ ਦੇ ਅਨੇਕਾਂ ਲੋਕਾਂ ਦੀਆਂ ਜ਼ਿੰਦਗੀਆਂ ਨੂੰ ਪੈਦਾ ਹੋ ਰਹੇ ਖਤਰਿਆਂ ਨਾਲੋਂ ਵੱਧ ਨਹੀਂ ਹੋਣ ਲੱਗਾ। ਦੱਖਣੀ ਅਫਰੀਕਾ ਦੇ ਆਪੋਜ਼ੀਸ਼ਨ ਆਗੂ ਜੂਲੀਅਸ ਮਲੇਮਾ ਨੇ ਵੀ ਟੀਮ ਵੱਲੋਂ ਟੂਰਨਾਮੈਂਟ ਦੇ ਬਾਈਕਾਟ ਦਾ ਸੱਦਾ ਦਿੱਤਾ ਹੈ। ਉਸ ਨੇ ਕਿਹਾ ਹੈ ਕਿ ਟਰੰਪ ਪ੍ਰਸ਼ਾਸਨ ਵੀ ਕੌਮਾਂਤਰੀ ਨਿਯਮਾਂ ਦਾ ਉਸੇ ਤਰ੍ਹਾਂ ਅਨਾਦਰ ਕਰ ਰਿਹਾ ਹੈ, ਜਿਸ ਤਰ੍ਹਾਂ ਨਸਲਵਾਦੀ ਹਕੂਮਤ ਦੱਖਣੀ ਅਫਰੀਕਾ ਵਿੱਚ ਕਰਦੀ ਸੀ। ਇੰਗਲੈਂਡ ਤੇ ਸਕਾਟਲੈਂਡ ਦੇ ਸੰਸਦ ਮੈਂਬਰਾਂ ਨੇ ਵੀ ਗਰੀਨਲੈਂਡ 'ਤੇ ਕਬਜ਼ੇ ਲਈ ਟਰੰਪ ਦੀਆਂ ਧਮਕੀਆਂ ਦੇ ਮੱਦੇਨਜ਼ਰ ਟੂਰਨਾਮੈਂਟ ਦੇ ਬਾਈਕਾਟ ਦਾ ਸੱਦਾ ਦਿੱਤਾ ਹੈ। ਉਨ੍ਹਾ ਕਿਹਾ ਹੈ ਕਿ ਬਾਈਕਾਟ ਕਰਕੇ ਟਰੰਪ ਨੂੰ ਉਸ ਦੀ ਔਕਾਤ ਦਿਖਾਈ ਜਾਵੇ। ਨੀਦਰਲੈਂਡ ਦੇ ਤਾਂ ਇੱਕ ਲੱਖ ਤੋਂ ਵੱਧ ਦੀਵਾਨਿਆਂ ਨੇ ਆਨਲਾਈਨ ਪਟੀਸ਼ਨ 'ਤੇ ਦਸਤਖਤ ਕਰਕੇ ਟੂਰਨਾਮੈਂਟ ਦੇ ਬਾਈਕਾਟ ਦਾ ਸੱਦਾ ਦੇ ਦਿੱਤਾ ਹੈ। ਟਰੰਪ ਨੇ ਆਪਣੀ ਸੁਰ ਨਾ ਬਦਲੀ ਤਾਂ ਦੁਨੀਆ ਭਰ ਵਿੱਚ ਬਾਈਕਾਟ ਦੀਆਂ ਆਵਾਜ਼ਾਂ ਹੋਰ ਤੇਜ਼ ਹੋ ਸਕਦੀਆਂ ਹਨ ਤੇ ਮਾਸਕੋ ਉਲੰਪਿਕ ਦਾ ਬਾਈਕਾਟ ਕਰਾਉਣ ਵਾਲੇ ਅਮਰੀਕਾ ਨੂੰ ਉਦੋਂ ਵਰਗੇ ਦਿਨ ਦੇਖਣੇ ਪੈ ਸਕਦੇ ਹਨ।*

## ਛੱਜ ਵਿੱਚ ਸ਼੍ਰੋਮਣੀ ?

*ਕਦੇ ਲੱਗਾ ਸੀ 'ਮੋਰਚਾ' ਚਾਬੀਆਂ ਦਾ,*
*ਹਟੇ ਪਿੱਛੇ 'ਫਿਰੰਗੀ' ਸਨ ਝੱਟ ਭਾਈ।*
*ਦਿੱਲੀ ਦੇਵੇ ਨਾ ਸਮਾਂ ਹੁਣ ਮਿਲਣ ਦਾ ਵੀ,*
*ਨਿਰਾਦਰ ਲਿਆ ਗੁਲਾਮਾਂ ਨੇ ਖੱਟ ਭਾਈ।*
*ਹੁਕਮ ਸੁਣ ਕੇ 'ਭਰਦਾਨ' ਤਾਂ ਦੇ ਦੌੜ ਪੈਂਦੇ,*
*ਪਿੱਛਾ ਕਰ ਲਿਆ 'ਚੌੜ-ਚਪੱਟ' ਭਾਈ।*
*'ਡੇਰੇਦਾਰਾਂ' ਦੇ ਹੱਕ ਵਿੱਚ 'ਖੜ੍ਹ' ਹੋ ਗਏ,*
*ਦਿੱਤਾ 'ਕੌਮੀ ਇਤਿਹਾਸ' ਪਲੱਟ ਭਾਈ।*
*ਕਾਬਜ਼ ਧਿਰ ਦੇ ਦੇਖ ਕੇ 'ਕਾਰਨਾਮੇ',*
*ਪੰਥਕ ਦਿਲਾਂ ਨੂੰ ਵੱਜਦੀ ਸੱਟ ਭਾਈ।*
*ਬਣੀ 'ਸ਼੍ਰੋਮਣੀ' ਦੇ ਕੇ ਸ਼ਹੀਦੀਆਂ ਜੋ,*
*ਪਾ ਕੇ ਛੱਜ ਵਿੱਚ ਰਹੇ ਐ 'ਛੱਟ' ਭਾਈ!*

*-ਤਰਲੋਚਨ ਸਿੰਘ ਦੁਪਾਲਪੁਰ, 001-408-905-5517*

# ਅਖੌਤੀ ਵਿਕਾਸ ਅਤੇ ਤਬਾਹੀ ਦੇ ਕੰਢੇ 'ਤੇ ਦੁਨੀਆ



ਗੁਰਚਰਨ ਸਿੰਘ ਨੂਰਪੁਰ

ਸਾਡੀਆਂ ਸਰਕਾਰਾਂ ਲੋਕਾਂ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹਨ, ਪਰ ਅਫਸੋਸ ਦੀ ਗੱਲ ਇਹ ਹੈ ਕਿ ਇਸ ਅਖੌਤੀ ਵਿਕਾਸ ਵਿੱਚੋਂ ਲੋਕ ਮਨਫੀ ਕਰ ਦਿੱਤੇ ਗਏ ਹਨ।

ਕੁਦਰਤੀ ਵਸੀਲਿਆਂ ਨੂੰ ਤਬਾਹ ਕਰਕੇ ਜੀਵਨ ਦੀ ਕੀਮਤ 'ਤੇ ਕੀਤਾ ਗਿਆ ਹਰ ਤਰ੍ਹਾਂ ਦਾ ਵਿਕਾਸ, ਵਿਨਾਸ਼ ਸਾਬਤ ਹੁੰਦਾ ਹੈ। ਇਸ ਸਮੇ ਆਦਮਜਾਤ ਨੇ ਅਖੌਤੀ ਵਿਕਾਸ ਦੀ ਕਹੀ ਨਾਲ ਆਪਣੀ ਕਬਰ ਪੁੱਟ ਲਈ ਹੈ। ਦੁਨੀਆ ਇੱਕ ਖਤਰਨਾਕ ਮੋੜ 'ਤੇ ਆ ਖੜੀ ਹੋਈ ਹੈ ਅਤੇ ਧਰਤੀ 'ਤੇ ਜੀਵਨ ਹਰ ਦਿਨ ਮਰ ਰਿਹਾ ਹੈ। ਅਸੀਂ ਵਿਕਾਸ ਕਰ ਰਹੇ ਹਾਂ, ਪਰ ਸਾਡੀਆਂ ਜਿਊਣ ਹਾਲਤਾਂ ਨਿੱਘਰ ਰਹੀਆਂ ਹਨ। ਸਾਨੂੰ ਦੱਸਿਆ ਜਾ ਰਿਹਾ ਹੈ 'ਵਿਕਾਸ ਲਈ ਇਹ ਬੜਾ ਜ਼ਰੂਰੀ ਹੈ ਕਿ ਜਲ, ਜੰਗਲ, ਪਹਾੜਾਂ ਦੀ ਤਬਾਹੀ ਹੋਣ ਦਿੱਤੀ ਜਾਵੇ। ਵਿਕਾਸ ਲਈ ਬੜਾ ਜ਼ਰੂਰੀ ਹੈ ਅਰਬਨ ਅਸਟੇਟਾਂ ਅਤੇ ਮੈਗਾ ਪ੍ਰਾਜੈਕਟਾਂ ਲਈ ਜ਼ਮੀਨਾਂ ਐਕਵਾਇਰ ਕੀਤੀਆਂ ਜਾਣ, ਵਿਸ਼ਾਲ ਚਾਰ-ਚਾਰ ਜਾਂ ਛੇ-ਛੇ ਮਾਰਗੀ ਸੜਕਾਂ ਦਾ ਨਿਰਮਾਣ ਕੀਤਾ ਜਾਵੇ। ਬੰਬਾਂ ਬਰੂਦਾਂ ਨਾਲ ਪਹਾੜਾਂ ਦੀ ਕੁਦਰਤੀ ਦਿੱਖ ਨੂੰ ਤਹਿਸ-ਨਹਿਸ ਕਰਕੇ ਪੱਧਰਾ ਕੀਤਾ ਜਾਵੇ। ਅਖੌਤੀ ਵਿਕਾਸ ਦੇ ਬੇਕਿਰਕ ਭਰਮਜਾਲ ਵਿੱਚ ਹੁਣ ਜਲ, ਜੰਗਲ, ਜ਼ਮੀਨਾਂ, ਦਰਿਆਵਾਂ ਨੂੰ ਬਰਬਾਦ ਕਰਨ ਦੀਆਂ ਸਭ ਰੋਕਾਂ ਹਟਾਈਆਂ ਜਾ ਰਹੀਆਂ ਹਨ।'

ਗੰਭੀਰ ਹੋ ਗਿਆ ਸੰਕਟ : ਸਰਕਾਰਾਂ ਦਾ ਇਹ ਸੰਵਿਧਾਨਕ ਫਰਜ਼ ਹੈ ਕਿ ਉਹ ਲੋਕਾਂ ਲਈ ਸ਼ੁਧ ਹਵਾ, ਪਾਣੀ ਪ੍ਰਤੀ ਸੁਚੇਤ ਰਹਿਣ। ਆਮ ਲੋਕਾਂ ਨੂੰ ਇਸ ਪ੍ਰਤੀ ਸੁਚੇਤ ਕਰਨ। ਸਰਕਾਰਾਂ ਦਾ ਫਰਜ਼ ਇਹ ਵੀ ਹੈ ਕਿ ਲੋਕਾਂ ਕੋਲ ਉਹਨਾਂ ਦੇ ਰਿਜ਼ਕ ਦੇ ਵਸੀਲੇ ਬਣੇ ਰਹਿਣ, ਇਹਨਾਂ ਵਿੱਚ ਨਵੀਨਤਾ ਬੇਸ਼ੱਕ ਲਿਆਂਦੀ ਜਾਵੇ, ਪਰ ਇਸ ਦੇ ਬਾਵਜੂਦ ਸਬੰਧਤ ਖਿੱਤੇ ਵਿੱਚ ਮਨੁੱਖਾਂ ਹੀ ਨਹੀਂ, ਬਲਕਿ ਸਭ ਜੀਵ-ਜਾਤੀਆਂ ਲਈ ਸੁਚੱਜੀਆਂ ਜਿਊਣ ਹਾਲਤਾਂ ਬਣੀਆਂ। ਬਦਕਿਸਮਤੀ ਦੀ ਗੱਲ ਇਹ ਹੈ ਕਿ ਲੋਕਤਾਂਤਰਿਕ ਢੰਗ ਨਾਲ ਚੁਣੀਆਂ ਸਰਕਾਰਾਂ ਜੀਵਨ ਨਾਲ ਜੁੜੇ ਮੁੱਦਿਆਂ 'ਤੇ ਲੋਕਾਂ ਦੇ ਜੀਵਨ ਨੂੰ ਤਰਜੀਹ ਦੇਣ ਦੀ ਬਜਾਏ ਅਖੌਤੀ ਵਿਕਾਸ ਲਈ ਵਧੇਰੇ ਤਰਲੋਮੱਛੀ ਹੋ ਰਹੀਆਂ ਹਨ।

ਇਸ ਸਮੇਂ ਲੋਕਾਂ ਨੂੰ ਬੜੀ ਸ਼ਿੱਦਤ ਨਾਲ ਇਹ ਸਮਝਣ ਦੀ ਲੋੜ ਹੈ ਕਿ ਸਾਡੀਆਂ ਸਰਕਾਰਾਂ ਦਾ ਫਿਕਰ ਲੋਕਾਂ ਦੀਆਂ ਜਿਊਣ ਹਾਲਤਾਂ ਨਹੀਂ, ਬਲਕਿ ਉਹ ਅਖੌਤੀ ਵਿਕਾਸ ਹੈ, ਜਿਸ 'ਤੇ ਚਲਦਿਆਂ ਜੀਵਨ ਲਈ ਬਰਬਾਦੀਆਂ ਦੇ ਬਾਨਣੂੰ ਬੰਨ੍ਹੇ ਜਾ ਰਹੇ ਹਨ। ਇਸ ਅਖੌਤੀ ਵਿਕਾਸ ਦੇ ਰਾਹ 'ਤੇ ਚਲਦਿਆਂ ਧਰਤੀ ਦੇ ਵਾਯੂਮੰਡਲ ਵਿੱਚ ਗਰੀਨ ਹਾਊਸ ਗੈਸਾਂ ਦਾ ਪ੍ਰਭਾਵ ਲਗਾਤਾਰ ਵਧ ਰਿਹਾ ਹੈ। ਕਾਰਬਨ ਡਾਈਆਕਸਾਈਡ ਅਤੇ ਮੀਥੇਨ ਗੈਸਾਂ ਦੀ ਹਵਾ ਵਿੱਚ ਮਾਤਰਾ ਵਧਣੀ ਸ਼ੁਰੂ ਹੋ ਗਈ ਹੈ। ਜੀਵਨ ਲਈ ਵੱਡੇ ਖਤਰੇ ਪੈਦਾ ਹੋ ਗਏ ਹਨ। ਜਲਵਾਯੂ ਪ੍ਰੀਵਰਤਨ ਅਜਿਹਾ ਇੱਕ ਗੰਭੀਰ ਮੁੱਦਾ ਹੈ, ਜਿਸ ਨੇ ਮਨੁੱਖੀ ਸਿਹਤ ਵਾਤਾਵਰਨ ਅਤੇ ਅਰਥਚਾਰੇ 'ਤੇ ਏਨੇ ਮਾੜੇ ਪ੍ਰਭਾਵ ਕਰਨੇ ਹਨ ਕਿ ਜਿਹਨਾਂ ਦਾ ਮਨੁੱਖ ਜਾਤੀ ਨੇ ਹੁਣ ਤੱਕ ਕਿਆਸ ਵੀ ਨਹੀਂ ਕੀਤਾ।

ਕਿਸ ਵਿਕਾਸ ਲਈ ਯਤਨ : ਇੱਕ ਉਦਾਹਰਣ ਨਾਲ ਅਸੀਂ ਸਮਝ ਸਕਦੇ ਹਾਂ ਕਿ ਲੋਕਾਂ ਨਾਲ ਕੀ ਹੋ ਰਿਹਾ ਹੈ। ਪਾਣੀ ਦੇ ਪ੍ਰਦੂਸ਼ਣ ਨੂੰ ਰੋਕਣ ਲਈ ਸਾਡੇ ਕੋਲ 1974 ਦਾ ਐਕਟ ਹੈ। ਇਸ ਐਕਟ ਵਿੱਚ ਅਜਿਹੀਆਂ ਧਾਰਾਵਾਂ ਸਨ, ਜਿਸ ਵਿੱਚ ਜੇਕਰ ਕੋਈ ਧਰਤੀ ਹੇਠਲੇ ਜਾਂ ਦਰਿਆਈ ਪਾਣੀ ਨੂੰ ਪ੍ਰਦੂਸ਼ਤ ਕਰਦਾ ਹੈ, ਉਸ ਲਈ ਜੇਲ੍ਹ ਜਾਣ ਤੱਕ ਦੀ ਸ਼ਜਾ ਸੀ। ਹੁਣ ਕਿਉਂਕਿ ਵਿਕਾਸ ਨੂੰ ਯਕੀਨੀ ਬਣਾਇਆ ਜਾਣਾ ਹੈ, ਲਈ ਇਸ ਐਕਟ ਦੀਆਂ ਕੁਝ ਧਾਰਾਵਾਂ ਨੂੰ ਬਦਲ ਜੇਲ੍ਹ ਜਾਣ ਦੀ ਬਜਾਏ ਇਸ ਦੀ ਥਾਂ ਦਸ ਹਜ਼ਾਰ ਤੋਂ ਕੁਝ ਲੱਖ ਜੁਰਮਾਨੇ ਵਿੱਚ ਤਬਦੀਲ ਕਰ ਦਿੱਤਾ ਗਿਆ। ਇਹ ਕੀਤਾ ਜਾਣਾ ਬੜਾ ਜ਼ਰੂਰੀ ਸੀ, ਧਰਤੀ ਜਾਂ ਦਰਿਆਈ ਹੇਠਲੇ ਪਾਣੀ ਨੂੰ ਬਚਾਉਣ ਦੇ ਚੱਕਰ ਵਿੱਚ ਵਿਕਾਸ ਨੂੰ ਤਾਂ ਨਹੀਂ ਰੋਕਿਆ ਜਾਣਾ ਚਾਹੀਦਾ। ਜੇਕਰ ਧਰਤੀ ਹੇਠਲਾ ਪਾਣੀ ਬਰਬਾਦ ਹੋਵੇਗਾ, ਲੋਕ ਬਰਬਾਦ ਹੋਣਗੇ, ਬਿਮਾਰੀਆਂ ਦਾ ਪ੍ਰਕੋਪ ਵਧੇਗਾ ਤਾਂ ਉਸ ਲਈ ਹਸਪਤਾਲਾਂ ਦਾ ਪ੍ਰਬੰਧ ਕਰ ਦਿੱਤਾ ਜਾਵੇ, ਪਰ ਇਸ ਲਈ ਅਖੌਤੀ ਵਿਕਾਸ ਨੂੰ ਕਿਸੇ ਤਰ੍ਹਾਂ ਦੀ ਆਂਚ ਨਹੀਂ ਆਉਣੀ ਚਾਹੀਦੀ। ਜੇਕਰ ਗੰਦੇ ਨਾਲਿਆਂ, ਫੈਕਟਰੀਆਂ ਦੇ ਗੰਦਮੰਦ ਨਾਲ ਦਰਿਆ ਗੰਦੇ ਹੋ ਗਏ ਹਨ, ਇਹਨਾਂ ਵਿੱਚ ਮੁਸ਼ਕ ਮਾਰਦਾ ਪਾਣੀ ਜਲ, ਜੀਵਾਂ ਅਤੇ ਮਨੁੱਖਾਂ ਲਈ ਬਿਮਾਰੀਆਂ ਦਾ ਬਿਰਤਾਂਤ ਸਿਰਜ ਰਿਹਾ ਹੈ ਤਾਂ ਲੋਕਾਂ ਲਈ ਆਰ ਓ ਦਾ ਪ੍ਰਬੰਧ ਹੋ ਜਾਵੇਗਾ। ਉਸ ਲਈ ਕੰਪਨੀਆਂ ਆਪਣਾ ਬੋਤਲ ਬੰਦ ਪਾਣੀ ਲੋਕਾਂ ਨੂੰ ਵੇਚਣ ਲੱਗ ਜਾਣਗੀਆਂ, ਦਰਿਆਵਾਂ ਦੇ ਪਾਣੀਆਂ ਦੇ ਫਿਕਰ ਵਿੱਚ ਅਖੌਤੀ ਵਿਕਾਸ ਦਾ ਚੱਕਰ ਨਹੀਂ ਰੁਕਣਾ ਚਾਹੀਦਾ।

ਪੂਰੀ ਦੁਨੀਆਂ ਵਿੱਚ ਇਸ ਸਮੇਂ ਕਾਰਪੋਰੇਟ ਕੰਪਨੀਆਂ ਦੇ ਵਿਕਾਸ ਲਈ ਹਰ ਤਰ੍ਹਾਂ ਦੇ ਰਾਹ ਪੱਧਰੇ ਕੀਤੇ ਜਾ ਰਹੇ ਹਨ। ਦੁਨੀਆ ਦੀਆਂ ਵੱਡੀਆਂ ਕਾਰਪੋਰੇਟ ਕੰਪਨੀਆਂ ਦੇ ਕਾਰੋਬਾਰਾਂ ਦਾ ਫੈਲਾਅ ਕਰਨ ਲਈ ਜੰਗਲਾਂ ਦੀ ਕਟਾਈ ਹੋ ਰਹੀ ਹੈ। ਵਾਹੀਯੋਗ ਜ਼ਮੀਨਾਂ ਵਿੱਚ ਖੁੱਲ੍ਹੀਆ ਵਿਸ਼ਾਲ ਸੜਕਾਂ ਦਾ ਨਿਰਮਾਣ ਹੋ ਰਿਹਾ ਹੈ। ਪਹਾੜੀ ਖੇਤਰਾਂ ਵਿੱਚ ਸੜਕਾਂ, ਸੁਰੰਗਾਂ ਬਣਾਈਆਂ ਜਾ ਰਹੀਆਂ ਹਨ। ਪਹਾੜੀ ਖੇਤਰਾਂ ਵਿੱਚ ਕੁਦਰਤੀ ਮਾਹੌਲ ਨੂੰ ਤਹਿਸ-ਨਹਿਸ ਕਰਕੇ ਉਸਾਰੀਆਂ ਹੋ ਰਹੀਆਂ ਹਨ। ਬੜੀ ਤੇਜ਼ੀ ਨਾਲ ਗਰਮੀਆਂ ਵਿੱਚ ਵੀ ਠੰਢੀਆਂ ਰਹਿਣ ਵਾਲੀਆਂ ਥਾਵਾਂ 'ਤੇ ਕਾਰਪੋਰੇਟ ਕੰਪਨੀਆਂ ਆਪਣੇ ਕਾਰੋਬਾਰਾਂ ਨੂੰ ਵਿਸਥਾਰ ਦੇ ਰਹੀਆਂ ਹਨ। ਆਮ ਲੋਕਾਂ ਨੂੰ ਇਹਨਾਂ ਥਾਵਾਂ ਤੋਂ ਖਦੇੜਿਆ ਜਾ ਰਿਹਾ ਹੈ। ਇਸ ਤਰ੍ਹਾਂ ਦੀਆਂ ਉਦਾਹਰਣਾਂ ਨਾਲ ਅਸੀਂ ਇਸ ਅਖੌਤੀ ਵਿਕਾਸ ਦੀ ਹਕੀਕਤ ਸਮਝ ਸਕਦੇ ਹਾਂ।

ਵਿਗਿਆਨੀਆਂ ਦੇ ਤੌਖਲੇ : ਪਿਛਲੇ ਲੰਮੇ ਸਮੇਂ ਤੋਂ ਭੂ-ਵਿਗਿਆਨੀ ਸਾਨੂੰ ਵਾਤਾਵਰਣ ਦੀਆਂ ਤਬਦੀਲੀਆਂ ਪ੍ਰਤੀ ਸੁਚੇਤ ਕਰ ਰਹੇ ਹਨ। ਜਿੰਨਾ ਵੱਡਾ ਇਹ ਫਿਕਰ ਹੈ, ਓਨੀ ਵੱਡੀ ਇਸ ਦੀ ਚਰਚਾ ਕਿਸੇ ਪਾਸੇ ਨਹੀਂ ਹੋ ਰਹੀ। ਜਦੋਂ ਕਿਸੇ ਪਾਸੇ ਇਸ ਦੀ ਖੁੱਲ੍ਹ ਕੇ ਚਰਚਾ ਹੀ ਨਹੀਂ ਹੋ ਰਹੀ ਤਾਂ ਇਸ ਦੇ ਸੁਧਾਰ ਲਈ ਯਤਨ ਕਰਨੇ ਤਾਂ ਬਹੁਤ ਦੂਰ ਦੀ ਕੌਡੀ ਹੈ। ਵਾਤਾਵਰਨ ਵਿਗਿਆਨੀ ਪ੍ਰੋ: ਸੋਨੀਆ ਸੇਨੇਵੀਰਤਨੇ ਲਿਖਦੀ ਹੈ, 'ਸਾਡੇ ਕੋਲ ਏਨੇ ਸਬੂਤ ਕਾਫੀ ਹਨ ਕਿ ਆਪਾਂ ਵਾਤਾਵਰਣ ਦੇ ਗੰਭੀਰ ਸੰਕਟ ਵਿੱਚ ਪਹੁੰਚ ਗਏ ਹਾਂ। ਨੀਤੀ ਘਾੜਿਆਂ ਕੋਲ ਇਸ ਸਬੰਧੀ ਹੁਣ ਉਚਿਤ ਜਾਣਕਾਰੀ ਹੈ।' ਇਸੇ ਤਰ੍ਹਾਂ ਵਾਤਾਵਰਨ ਵਿਗਿਆਨੀ ਜੋਏਰੀ ਰੋਗੇਲਜ਼ ਫਿਕਰਮੰਦੀ ਜ਼ਾਹਿਰ ਕਰਦਿਆਂ ਆਖਦਾ ਹੈ, 'ਅਸੀਂ ਆਪਣੀ ਧਰਤੀ ਨੂੰ ਪਹਿਲਾਂ ਹੀ ਬਹੁਤ ਬਦਲ ਚੁੱਕੇ ਹਾਂ ਅਤੇ ਕੁਝ ਤਬਦੀਲੀਆਂ ਦੇ ਪ੍ਰਭਾਵ ਆਉਣ ਵਾਲੇ ਸਮੇਂ ਵਿੱਚ ਜ਼ਾਹਿਰ ਹੋਣਗੇ। ਹੁਣ ਸਵਾਲ ਇਹ ਉੱਠਦਾ ਹੈ ਕਿ ਭਵਿੱਖ ਵਿੱਚ ਹੋਰ ਕਿੰਨੀਆਂ ਤਬਦੀਲੀਆਂ ਤੋਂ ਅਸੀਂ ਆਪਣੇ ਗ੍ਰਹਿ ਨੂੰ ਬਚਾ ਸਕਦੇ ਹਾਂ।' ਯੂ ਐਨ ਓ ਦੇ ਜਨਰਲ ਸਕੱਤਰ ਐਨਟੋਨੀਓ ਗੁਟਰੇਜ਼ ਨੇ (ਆਈ ਪੀ ਸੀ ਸੀ) ਇੰਟਰ-ਗਵਰਨਮੈਂਟਲ ਪੈਨਲ ਆਨ ਕਲਾਈਮੇਟ ਚੇਂਜ ਦੀਆਂ ਇਸ ਸੰਬੰਧੀ ਆਈਆਂ ਰਿਪੋਰਟਾਂ ਪ੍ਰਤੀ ਫਿਕਰਮੰਦ ਹੁੰਦਿਆਂ ਕਿਹਾ, 'ਖਤਰੇ ਦੀ ਘੰਟੀ ਬਹਿਰਾ ਕਰ ਦੇਣ ਵਾਲੀ ਹੈ। ਇਸ ਤੋਂ ਪਹਿਲਾਂ ਕਿ ਸਾਡੀ ਧਰਤੀ ਤਬਾਹ ਹੋ ਜਾਵੇ, ਸਾਨੂੰ ਕੋਲੇ ਅਤੇ ਬਹੁਤ ਜ਼ਿਆਦਾ ਪ੍ਰਦੂਸ਼ਣ ਫੈਲਾਉਣ ਵਾਲੇ ਬਾਲਣਾ ਦੀ ਵਰਤੋਂ ਖਤਮ ਕਰਨੀ ਹੋਵੇਗੀ।'

ਫਿਕਰਮੰਦ ਕੌਣ : ਹੁਣ ਸਾਨੂੰ ਸਮਝਣਾ ਚਾਹੀਦਾ ਹੈ ਕਿ ਸਾਡੇ ਜੀਵਨ ਨਾਲ ਸਿੱਧੇ ਤੌਰ 'ਤੇ ਜੁੜਿਆ ਵਾਤਾਵਰਣ ਦਾ ਸੰਕਟ ਜਦੋਂ ਏਨਾ ਨਾ ਗੰਭੀਰ ਹੈ ਤਾਂ ਇਸ ਪ੍ਰਤੀ ਅਸੀਂ ਸੁਚੇਤ ਕਿਉਂ ਨਹੀਂ ਹਾਂ ? ਫਿਕਰਮੰਦ ਕਿਉਂ ਨਹੀਂ ਹਾਂ ? ਇਥੇ ਅਸੀਂ ਕਹਾਂਗੇ ਕਿ ਸਾਡੀਆਂ ਸਰਕਾਰਾਂ ਇਸ ਪ੍ਰਤੀ ਚਿੰਤਤ ਨਹੀਂ ਹਨ। ਸਰਕਾਰਾਂ ਨੂੰ ਚਾਹੀਦਾ ਹੈ ਕਿ ਇਸ ਸੰਕਟ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ, ਪਰ ਅਜਿਹਾ ਕਿਸੇ ਪਾਸੇ ਹੋ ਰਿਹਾ ਦਿਸਦਾ ਨਹੀਂ। ਦੂਜੇ ਪਾਸੇ ਇਸ ਗੰਭੀਰ ਸੰਕਟ ਲਈ ਸਾਡੇ ਚੁਣੇ ਲੋਕ ਨੁਮਾਇੰਦੇ ਕਿੰਨੇ ਕੁ ਗੰਭੀਰ ਹਨ, ਇਹ ਆਸਾਨੀ ਨਾਲ ਵੇਖਿਆ, ਸਮਝਿਆ ਜਾ ਸਕਦਾ ਹੈ। ਜਦੋਂ ਇਹ ਸੰਕਟ ਕਿਸੇ ਦੇਸ਼ ਦੀ ਅਗਵਾਈ ਕਰਨ ਵਾਲਿਆਂ ਦੇ ਜ਼ਿਹਨ ਦਾ ਹਿੱਸਾ ਨਹੀਂ ਬਣਦਾ ਤਾਂ ਆਮ ਲੋਕ ਇਸ ਲਈ ਕੀ ਕਰ ਸਕਣਗੇ। ਵਾਤਾਵਰਨ ਦਾ ਸੰਕਟ ਕੁਝ ਕੁ ਸਾਲਾਂ ਵਿੱਚ ਏਨਾ ਗੰਭੀਰ ਹੋਣ ਵਾਲਾ ਹੈ ਕਿ ਜਿਸ ਦਾ ਅਸੀਂ ਕਿਆਸ ਵੀ ਨਹੀਂ ਕਰ ਸਕਦੇ, ਪਰ ਤਰਾਸਦੀ ਇਹ ਹੈ ਕਿ ਸਾਡੇ 'ਤੇ ਰਾਜ ਕਰਨ ਵਾਲੀਆਂ ਸਰਕਾਰਾਂ ਅਤੇ ਸਾਡੇ ਲੋਕ ਨੁਮਾਇੰਦੇ ਇਸ ਪ੍ਰਤੀ ਥੋੜ੍ਹੇ ਵੀ ਫਿਕਰਮੰਦ ਨਹੀਂ ਹਨ।

ਕੀ ਕੁਝ ਹੋ ਸਕਦਾ ਹੈ : ਇਸ ਸਮੇਂ ਵਾਤਾਵਰਨ ਵਿਗਿਆਨੀਆਂ ਦਾ ਮੰਨਣਾ ਹੈ ਕਿ ਗਰੀਨ ਹਾਊਸ ਗੈਸਾਂ ਦੇ ਪ੍ਰਭਾਵ ਨਾਲ ਮੌਸਮੀ ਤਬਦੀਲੀਆਂ ਦਾ ਰੁਖ਼ ਏਨਾ ਭਿਆਨਕ ਹੋ ਗਿਆ ਹੈ ਕਿ ਅਸੀਂ ਜੀਵਨ ਨੂੰ ਬਚਾਉਣ ਲਈ ਜੋ ਕੁਝ ਵੀ ਕਰਾਂਗੇ, ਉਹ ਥੋੜ੍ਹਾ ਹੋਵੇਗਾ। ਇਸ ਸਥਿਤੀ ਨੂੰ ਇੰਝ ਸਮਝ ਸਕਦੇ ਹਾਂ, ਜਿਵੇਂ ਅਸੀਂ ਕਿਸੇ ਥਾਂ ਦੀ ਤਪਸ਼ ਨੂੰ ਘੱਟ ਕਰਨ ਲਈ ਅਸੀਂ ਉੱਥੇ ਬਹੁਤ ਸਾਰੇ ਰੁੱਖ ਲਾਈਏ, ਪਰ ਹਾਲਾਤ ਇਹ ਬਣ ਜਾਣ ਕਿ ਆਲੇ-ਦੁਆਲੇ ਗਰਮੀ ਹੀ ਇੰਨੀ ਹੋਵੇ ਕਿ ਰੁਖ਼ ਗਰਮੀ ਤੇ ਸੋਕੇ ਨਾਲ ਹੀ ਮਰ ਜਾਣ। ਇਸ ਸਥਿਤੀ ਵਿੱਚ ਹੁਣ ਅਸੀਂ ਪ੍ਰਵੇਸ਼ ਕਰ ਚੁੱਕੇ ਹਾਂ।

ਵਾਤਾਵਰਨ ਦੇ ਸੰਕਟ ਪ੍ਰਤੀ ਅਸੀਂ ਸੁੱਤੇ ਪਏ ਹਾਂ। ਸਾਡੀਆਂ ਸਰਕਾਰਾਂ ਅਵੇਸਲੀਆਂ ਹੀ ਨਹੀਂ ਹੋਈਆਂ, ਸਗੋਂ ਵਿਕਾਸ ਦੀ ਉਹ ਡੁਗਡੁਗੀ ਵਜਾ ਰਹੀਆਂ ਹਨ, ਜਿਸ ਨਾਲ ਇਹ ਸੰਕਟ ਹੋਰ ਤੇਜ਼ੀ ਨਾਲ ਵਧਣੇ ਹਨ। ਜਿੰਨੀ ਜਲਦੀ ਹੋ ਸਕੇ ਦੁਨੀਆ ਭਰ ਦੇ ਲੋਕਾਂ ਨੂੰ ਇਸ ਨੀਂਦ ਵਿੱਚੋਂ ਜਾਗਣਾ ਹੋਵੇਗਾ। ਬਾਹਰ ਸੜਕ 'ਤੇ ਨਿਕਲ ਕੇ ਕਹਿਣਾ ਪਵੇਗਾ ਕਿ ਬੰਦ ਕਰੋ ਇਹ ਜੀਵਨ ਨੂੰ ਤਬਾਹ ਕਰਨ ਵਾਲਾ ਅਖੌਤੀ ਵਿਕਾਸ, ਜੀਵਨ ਤਬਾਹ ਹੋ ਰਿਹਾ ਹੈ, ਸਾਨੂੰ ਸਰਕਾਰਾਂ ਨੂੰ ਪੁੱਛਣਾ ਪਵੇਗਾ ਕਿ ਤੁਸੀਂ ਆਖਿਰ ਧਰਤੀ ਦੇ ਜੀਵਨ ਨੂੰ ਬਚਾਉਣ ਲਈ ਕੀ ਕਰ ਰਹੇ ਹੋ ?

ਇਸ ਸਮੇਂ ਵਾਤਾਵਰਨ ਦਾ ਸੰਕਟ ਸਾਡੀ ਮੁੱਖ ਤਰਜੀਹ ਹੋਣਾ ਚਾਹੀਦਾ ਹੈ। ਇਸ ਲਈ ਪੂਰੀ ਦੁਨੀਆ ਵਿੱਚ ਇੱਕ ਵੱਡੀ ਮੁਹਿੰਮ ਛੇੜੀ ਜਾਣੀ ਚਾਹੀਦੀ ਹੈ। ਅਸੀਂ ਮੌਤ ਦੇ ਮੂੰਹ ਵਿੱਚ ਲੰਮੇ ਪੈ ਕੇ ਅਖੌਤੀ ਵਿਕਾਸ ਦੀਆਂ ਟਾਹਰਾਂ ਮਾਰ ਰਹੇ ਹਾਂ। ਸਾਨੂੰ ਵੱਡੇ ਪ੍ਰੋਗਰਾਮ ਇਸ ਲਈ ਬਣਾਉਣੇ ਪੈਣਗੇ, ਵੱਡੀਆਂ ਤਬਦੀਲੀਆਂ ਲਈ ਯਤਨਸ਼ੀਲ ਹੋਣਾ ਪਵੇਗਾ, ਤਾਂ ਕਿ ਸਾਡੀ ਇਸ ਪਿਆਰੀ ਧਰਤੀ 'ਤੇ ਜੀਵਨ ਨੂੰ ਬਚਾਇਆ ਜਾ ਸਕੇ।

**# ਸੰਪਰਕ : 98550-51099**

# ਜ਼ਿੰਦਗੀ 'ਚ ਅੱਗੇ ਵਧਣ ਲਈ ਕੁਸੈਲੇ ਪਲਾਂ ਨੂੰ ਭੁੱਲਣ ਵਿੱਚ ਹੀ ਭਲਾਈ



ਬਿੰਦਰ ਸਿੰਘ ਖੁੱਡੀ ਕਲਾਂ

ਸਮਾਜ ਵਿਚ ਰਹਿੰਦਿਆਂ ਇਨਸਾਨ ਦਾ ਪਰਿਵਾਰਕ ਮੈਂਬਰਾਂ ਦੇ ਨਾਲ-ਨਾਲ ਬਹੁਤ ਸਾਰੇ ਹੋਰ ਲੋਕਾਂ ਨਾਲ ਵੀ ਵਾਹ ਪੈਂਦਾ ਹੈ । ਰੋਜ਼ਮਰ੍ਹਾ ਦੇ ਕੰਮਾਂਕਾਰਾਂ 'ਚ ਵਿਚਰਦਿਆਂ ਇਨਸਾਨ ਨੂੰ ਵੱਖੋ-ਵੱਖਰੇ ਸੁਭਾਅ ਵਾਲੇ ਇਨਸਾਨ ਮਿਲਦੇ ਹਨ ।ਕਈ ਇਨਸਾਨ ਮਿਲਣ ਵਾਲੇ ਦੀ ਬਹੁਤ ਤਾਰੀਫ਼ ਕਰਦੇ ਹਨ ।ਕਈ ਇਨਸਾਨ ਤੁਹਾਡੇ ਸੱਚੇ ਪ੍ਰਸੰਸਕ ਵੀ ਹੁੰਦੇ ਹਨ,ਪਰ ਬਹੁਗਿਣਤੀ ਲੋਕਾਂ ਦਾ ਵਿਹਾਰ ਸਾਹਮਣੇ ਕੁਝ ਹੋਰ ਹੁੰਦਾ ਹੈ ਅਤੇ ਪਿੱਠ ਪਿੱਛੇ ਕੁਝ ਹੋਰ ਹੁੰਦਾ ਹੈ। ਬਹੁਤ ਸਾਰੇ ਵਿਅਕਤੀ ਤੁਹਾਡੇ ਪਰ੍ਹੇ ਹੋਣ ਸਾਰ ਤੁਹਾਡੀ ਬੁਰਾਈ ਸ਼ੁਰੂ ਕਰ ਦਿੰਦੇ ਹਨ । ਸੂਝਵਾਨ ਲੋਕ ਅਜਿਹੇ ਵਿਅਕਤੀਆਂ ਦੀ ਅਸਲੀਅਤ ਸਾਹਮਣੇ ਆਉਣ 'ਤੇ ਵੀ ਕੋਈ ਪ੍ਰਤੀਕਿਰਿਆ ਜ਼ਾਹਰ ਨਹੀਂ ਕਰਦੇ ।ਉਹ ਇਸ ਤਰ੍ਹਾਂ ਵਿਹਾਰ ਕਰਦੇ ਹਨ, ਜਿਵੇਂ ਉਹਨਾਂ ਨੂੰ ਕੁਝ ਪਤਾ ਹੀ ਨਾ ਹੋਵੇ ।

ਕਈ ਵਾਰ ਅਜਿਹੀਆਂ ਘਟਨਾਵਾਂ ਵਾਪਰ ਜਾਂਦੀਆਂ ਹਨ, ਜੋ ਇਨਸਾਨ ਨੂੰ ਧੁਰ ਅੰਦਰ ਤੱਕ ਵਲੂੰਧਰ ਕੇ ਰੱਖ ਦਿੰਦੀਆਂ ਹਨ । ਕਈ ਵਿਅਕਤੀ ਜ਼ੁਬਾਨ ਦੇ ਅਜਿਹੇ ਗਹਿਰੇ ਜ਼ਖ਼ਮ ਦਿੰਦੇ ਹਨ ਕਿ ਤੁਹਾਡੀ ਰੂਹ ਕੰਬ ਜਾਂਦੀ ਹੈ । ਜਿਵੇਂ ਕਿਸੇ ਨੇ ਕਿਹਾ ਹੈ ਕਿ ਤਲਵਾਰ ਦੇ ਜ਼ਖਮ ਤਾਂ ਭਰ ਜਾਂਦੇ ਹਨ, ਪਰ ਜ਼ੁਬਾਨ ਦੇ ਜਖਮ ਨਹੀਂ ਭਰਦੇ ।ਕੌੜੇ ਜਾਂ ਚੁਭਵੇਂ ਬੋਲ ਇਨਸਾਨ ਨੂੰ ਰਹਿ-ਰਹਿ ਕੇ ਪ੍ਰੇਸ਼ਾਨ ਕਰਦੇ ਰਹਿੰਦੇ ਹਨ ।ਮੰਦੇ ਬੋਲਾਂ ਨਾਲ ਆਪਣੇ ਤੋਂ ਨੀਵੇਂ ਵਿਅਕਤੀ ਤੇ ਗੁੱਸਾ ਕੱਢਣਾ ਸਾਡੇ ਸਮਾਜ ਵਿੱਚ ਆਮ ਹੀ ਹੈ ।ਫਿਰ ਉਹ ਕਹਿਣਗੇ ਮੇਰਾ ਬਲੱਡ ਪਰੈਸ਼ਰ ਵਧ ਗਿਆ ਸੀ ਜਾਂ ਮੈਨੂੰ ਗੁੱਸਾ ਆ ਗਿਆ ਸੀ, ਪਰ ਵਿਦਵਾਨਾਂ ਦਾ ਕਹਿਣਾ ਹੈ ਕਿ ਗੁੱਸਾ ਨਾਂਅ ਦੀ ਕੋਈ ਸ਼ੈਅ ਨਹੀਂ ਹੁੰਦੀ ।ਇਹ ਹਮੇਸ਼ਾ ਆਪਣੇ ਤੋਂ ਕਮਜ਼ੋਰ 'ਤੇ ਹੀ ਕਿਉਂ ਆਉਂਦਾ ਹੈ? ਆਪਣੇ ਤੋਂ ਤਕੜੇ ਸਾਹਮਣੇ ਗੁੱਸਾ ਕਿੱਧਰ ਛੂੰ-ਮੰਤਰ ਹੋ ਜਾਂਦਾ ਹੈ ?

ਰੂਹ ਨੂੰ ਤਕਲੀਫ ਦੇਣ ਵਾਲੀਆਂ ਘਟਨਾਵਾਂ ਜਾਂ ਬੋਲ ਇਨਸਾਨ 'ਚ ਬਦਲੇ ਦੀ ਭਾਵਨਾ ਪੈਦਾ ਕਰ ਦਿੰਦੇ ਹਨ । ਪੀੜਤ ਵਿਅਕਤੀ ਸੋਚਦਾ ਰਹਿੰਦਾ ਹੈ ਕਿ ਜਿਵੇਂ ਉਸ ਨੇ ਮੈਨੂੰ ਮੰਦੇ ਬੋਲ ਬੋਲੇ, ਉਵੇਂ ਹੀ ਮੈਂ ਬੋਲਾਂਗਾ ਜਾਂ ਫਿਰ ਵਿਅਕਤੀ ਕਿਸੇ ਵੱਲੋਂ ਕੀਤੀ ਵਧੀਕੀ ਦਾ ਜਵਾਬ ਵਧੀਕੀ ਦੇ ਰੂਪ ਵਿੱਚ ਹੀ ਦੇਣ ਬਾਰੇ ਸੋਚਦਾ ਰਹਿੰਦਾ ਹੈ ।ਇਹ ਬਦਲਾ ਲੈਣ ਦੀ ਭਾਵਨਾ ਵਿਅਕਤੀ ਦੇ ਦਿਲੋ-ਦਿਮਾਗ 'ਤੇ ਹਾਵੀ ਹੋਈ ਰਹਿੰਦੀ ਹੈ । ਕਈ ਇਨਸਾਨ ਆਪਣੇ ਨਾਲ ਬੀਤੀ ਦਾ ਬਦਲਾ ਲੈਣ ਲਈ ਬਹੁਤ ਘਾਤਕ ਹੱਦ ਤੱਕ ਚਲੇ ਜਾਂਦੇ ਹਨ ।ਬਦਲੇ ਦੀ ਅੱਗ ਇਨਸਾਨ ਨੂੰ ਕੁੱਟਮਾਰ ਕਰਨ ਤੋਂ ਅੱਗੇ ਕਤਲ ਤੱਕ ਵੀ ਲੈ ਜਾਂਦੀ ਹੈ। ਨੌਕਰਾਂ ਵੱਲੋਂ ਮਾਲਕਾਂ ਦੀ ਕੀਤੀ ਹੱਤਿਆ ਦੇ ਤਮਾਮ ਕਾਰਨਾਂ ਵਿਚੋਂ ਇੱਕ ਕਾਰਨ ਮੰਦੇ ਬੋਲਾਂ ਦਾ ਬਦਲਾ ਲੈਣਾ ਵੀ ਹੁੰਦਾ ਹੈ।

ਹਰ ਇਨਸਾਨ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਵਧੀਕੀ ਜਾਂ ਚੁਭਵੇਂ ਬੋਲਾਂ ਦਾ ਸਾਹਮਣਾ ਸਿਰਫ ਤੁਹਾਨੂੰ ਹੀ ਨਹੀਂ ਕਰਨਾ ਪੈ ਰਿਹਾ, ਇਸ ਤਰਾਂ ਦੇ ਅਣਸੁਖਾਵੇਂ ਪਲ ਹਰ ਇਨਸਾਨ ਦੀ ਜ਼ਿੰਦਗੀ ਦਾ ਹਿੱਸਾ ਬਣਦੇ ਹਨ।ਮੰਦੇ ਜਾਂ ਚੁਭਵੇਂ ਬੋਲਾਂ ਨਾਲ ਸਾਹਮਣੇ ਵਾਲੇ ਨੂੰ ਪ੍ਰੇਸ਼ਾਨ ਕਰਨਾ ਸਾਡੇ ਸਮਾਜ ਵਿੱਚ ਆਮ ਹੁੰਦਾ ਜਾ ਰਿਹਾ ਹੈ ।ਅਜਿਹੇ ਪਲਾਂ ਨੂੰ ਭੁਲਾ ਦੇਣ ਵਾਲੇ ਇਨਸਾਨ ਆਪਣੀ ਊਰਜਾ ਨੂੰ ਉਸਾਰੂ ਪਾਸੇ ਲਗਾ ਕੇ ਜ਼ਿੰਦਗੀ 'ਚ ਬਿਹਤਰੀਨ ਪ੍ਰਾਪਤੀਆਂ ਕਰ ਜਾਂਦੇ ਹਨ, ਜਦਕਿ ਅਜਿਹੇ ਪਲਾਂ ਨੂੰ ਦਿਲ 'ਤੇ ਲਗਾ ਕੇ ਬਦਲਾ ਲੈਣ ਦੇ ਰਸਤੇ ਤੁਰੇ ਇਨਸਾਨ ਮਾਨਸਿਕ ਅਤੇ ਸਰੀਰਕ ਬਿਮਾਰੀਆਂ ਦੇ ਸ਼ਿਕਾਰ ਹੋ ਜਾਂਦੇ ਹਨ। ਉਹਨਾਂ ਅੰਦਰ ਪਲਦਾ ਗੁੱਸਾ ਚੁੱਪ-ਚਪੀਤੇ ਉਹਨਾਂ ਦਾ ਹੀ ਨੁਕਸਾਨ ਕਰਦਾ ਰਹਿੰਦਾ ਹੈ। ਬਦਲੇ ਦੀ ਅੱਗ ਵਿਚ ਸੜਦਾ ਇਨਸਾਨ ਸਮਾਜ ਲਈ ਵੀ ਚੁਣੌਤੀ ਬਣ ਜਾਂਦਾ ਹੈ।ਉਸ ਦੀਆਂ ਗਤੀਵਿਧੀਆਂ ਦੂਜਿਆਂ ਲਈ ਵੀ ਹਾਨੀਕਾਰਕ ਹੋ ਨਿਬੜਦੀਆਂ ਹਨ ।

ਆਪਣੀ ਮੰਜ਼ਲ 'ਤੇ ਪਹੁੰਚਣ ਦੇ ਇਛੁੱਕ ਇਨਸਾਨ ਦੁਖਾਂਤਕ ਪਲਾਂ ਦਾ ਬੋਝ ਨਾਲ ਲੈ ਕੇ ਨਹੀਂ ਤੁਰਦੇ ।ਉਹ ਸੁਖਾਂਤ ਪਲਾਂ ਨੂੰ ਅਪਣਾਈ ਜਾਂਦੇ ਹਨ ਅਤੇ ਦੁਖਦ ਪਲਾਂ ਨੂੰ ਭੁਲਾਈ ਜਾਂਦੇ ਹਨ। ਸੰਵੇਦਨਸ਼ੀਲ ਇਨਸਾਨ ਬਦਲੇ ਦੀ ਭਾਵਨਾ ਜਲਦੀ ਪਾਲਦੇ ਹਨ। ਉਹਨਾਂ ਲਈ ਉਹਨਾਂ ਦੀ ਸੰਵੇਦਨਸ਼ੀਲਤਾ ਹੀ ਸਰਾਪ ਹੋ ਨਿੱਬੜਦੀ ਹੈ।ਉਹ ਹਰ ਛੋਟੀ ਤੋਂ ਛੋਟੀ ਗੱਲ ਨੂੰ ਮਹਿਸੂਸ ਕਰਦੇ ਹਨ, ਪਰ ਇਸ ਪਾਸੇ ਰਾਜਸੀ ਆਗੂਆਂ ਦਾ ਹਾਜ਼ਮਾ ਬੜਾ ਬਾਕਮਾਲ ਹੁੰਦਾ ਹੈ, ਉਹਨਾਂ ਦੀ ਸਹਿਣਸ਼ੀਲਤਾ ਆਮ ਵਿਅਕਤੀਆਂ ਨੂੰ ਹੈਰਾਨ ਕਰ ਦਿੰਦੀ ਹੈ।ਪਰ ਸ਼ਾਇਦ ਇਹ ਹੀ ਉਹਨਾਂ ਦੀ ਸਫਲ ਜ਼ਿੰਦਗੀ ਦਾ ਮੰਤਰ ਹੁੰਦਾ ਹੈ।

ਮੁਕਦੀ ਗੱਲ ਜ਼ਿੰਦਗੀ 'ਚ ਆਏ ਦੁਖਾਂਤਕ ਪਲਾਂ ਨੂੰ ਭੁਲਾਉਣ ਵਿੱਚ ਹੀ ਭਲਾਈ ਹੈ । ਅਜਿਹੇ ਪਲਾਂ ਨੂੰ ਭੁਲਾ ਕੇ ਜ਼ਿੰਦਗੀ ਵਿੱਚ ਅੱਗੇ ਵਧਣ ਵਿੱਚ ਹੀ ਭਲਾਈ ਹੈ।ਇਹ ਵੀ ਹਕੀਕਤ ਹੈ ਕਿ ਅਜਿਹੇ ਪਲਾਂ ਨੂੰ ਭੁਲਾ ਦੇਣਾ ਓਨਾ ਸੌਖਾ ਨਹੀਂ, ਜਿੰਨਾ ਕਹਿਣਾ ਸੌਖਾ ਹੈ, ਪਰ ਫਿਰ ਵੀ ਹਰ ਇਨਸਾਨ ਨੂੰ ਆਪਣਾ ਖ਼ੂਨ ਮਚਾਉਣ ਨਾਲੋਂ ਦੁੱਖ ਦੇਣ ਵਾਲੇ ਪਲਾਂ ਨੂੰ ਭੁਲਾ ਦੇਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

**# ਸੰਪਰਕ : 98786-05965**

# ਅਮਰੀਕਾ ਦੇ ਮੋਨਰੋ, ਡੋਨਰੋ ਸਿਧਾਂਤ ਦਾ ਕਰੂਰ ਚਿਹਰਾ

**ਹਰਭਜਨ ਸਿੰਘ**

ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਹਾਲ ਹੀ ਵਿੱਚ ਵੈਨੇਜ਼ੁਏਲਾ ਦੀ ਚੁਣੀ ਸਰਕਾਰ ਦੇ ਰਾਸ਼ਟਰਪਤੀ ਨਿਕੋਲਸ ਮਾਦੁਰੋ ਅਤੇ ਉਸ ਦੀ ਪਤਨੀ ਨੂੰ ਇੱਕ ਫੌਜੀ ਕਾਰਵਾਈ ਰਾਹੀਂ ਅਗਵਾ ਕਰਕੇ ਅਮਰੀਕਾ ਵਿੱਚ ਲੈ ਕੇ ਉਸ ਉਪਰ ਮੁਕੱਦਮਾ ਚਲਾਇਆ ਜਾ ਰਿਹਾ ਹੈ ਅਤੇ ਉਸ ਦੀ ਥਾਂ ਉਪ ਰਾਸ਼ਟਰਪਤੀ ਉਪਰ ਦਬਾਅ ਪਾ ਕੇ ਅਮਰੀਕੀ ਫੁਰਮਾਨਾਂ ਰਾਹੀਂ ਅਮਰੀਕੀ ਹਿੱਤਾਂ ਅਨੁਸਾਰ ਦੇਸ਼ ਨੂੰ ਚਲਾਇਆ ਜਾ ਰਿਹਾ ਹੈ। ਇਸੇ ਤਰ੍ਹਾਂ ਹੀ ਅਮਰੀਕਾ ਡੈਨਮਾਰਕ ਉਪਰ ਜ਼ੋਰ ਪਾ ਰਿਹਾ ਹੈ ਕਿ ਉਹ ਗਰੀਨ ਲੈਂਡ ਉਸ ਦੇ ਹਵਾਲੇ ਕਰ ਦੇਵੇ। ਜੇ ਉਹ ਅਜਿਹਾ ਨਹੀਂ ਕਰਦਾ ਤਾਂ ਉਹ ਉਸ ਉਪਰ ਹਮਲਾ ਕਰਕੇ ਧੱਕੇ ਨਾਲ ਗਰੀਨਲੈਂਡ ਨੂੰ ਹੀ ਅਮਰੀਕਾ ਨਾਲ ਜੋੜ ਲਵੇਗਾ। ਇਸੇ ਤਰ੍ਹਾਂ ਦੀਆਂ ਧਮਕਾਊ ਧਮਕੀਆਂ ਟਰੰਪ ਕਿਊਬਾ, ਮੈਕਸੀਕੋ ਅਤੇ ਕੋਲੰਬੀਆ ਨੂੰ ਵੀ ਦੇ ਰਿਹਾ ਹੈ। ਵਿਸ਼ਵ 'ਚ ਇਹ ਚਰਚਾ ਤੇਜ਼ ਹੋ ਗਈ ਹੈ ਕਿ ਡੋਨਾਲਡ ਟਰੰਪ ਅਜਿਹਾ ਮੋਨਰੋ ਸਿਧਾਂਤ (Monroe Doctrine) ਮੁੜ ਸੁਰਜੀਤ ਕਰਨ ਲਈ ਕਰ ਰਿਹਾ ਹੈ। ਟਰੰਪ ਖੁਦ ਵੀ ਖੁੱਲ੍ਹੇ ਤੌਰ 'ਤੇ ਇਸ ਸਿਧਾਂਤ ਨੂੰ ਲਾਗੂ ਕਰਨ ਦੀ ਗੱਲ ਕਹਿ ਰਿਹਾ ਹੈ ਅਤੇ ਇਸ ਦਾ ਨਾਂਅ ਵੀ ਆਪਣੇ ਹੀ ਨਾਂਅ 'ਤੇ ਡੋਨਰੋ ਸਿਧਾਂਤ ਵਜੋਂ ਪੇਸ਼ ਕਰ ਰਿਹਾ ਹੈ। ਮੋਨਰੋ, ਡੋਨਰੋ ਸਿਧਾਂਤ ਕੀ ਹੈ। ਇਸ ਬਾਰੇ ਜਾਨਣ ਦੀ ਉਕਸੁਕਤਾ ਬਣੀ ਹੋਈ ਹੈ।

ਮੋਨਰੋ ਸਿਧਾਂਤ ਅਮਰੀਕਾ ਦੀ ਵਿਦੇਸ਼ ਨੀਤੀ ਦਾ ਇੱਕ ਹਿੱਸਾ ਹੈ, ਜੋ ਅਮਰੀਕੀ ਰਾਸ਼ਟਰਪਤੀ ਜੇਮਜ਼ ਮੋਨਰੋ ਵੱਲੋਂ 1823 ਵਿੱਚ ਐਲਾਨੀ ਗਈ ਸੀ। ਉਸ ਵੇਲੇ ਬਰਤਾਨੀਆ ਸਾਮਰਾਜ ਦੇ ਅਧੀਨ ਬਹੁਤ ਸਾਰੀਆਂ ਬਸਤੀਆਂ ਸਨ। ਯੂਰਪ ਦੇ ਹੋਰ ਦੇਸ਼ਾਂ ਨੇ ਵੀ ਉਸ ਦੇ ਮੁਕਾਬਲੇ ਵਿੱਚ ਦੂਜੇ ਦੇਸ਼ਾਂ ਨੂੰ ਅਧੀਨ ਰੱਖ ਕੇ ਬਸਤੀਵਾਦੀ ਸਾਮਰਾਜ ਉਸਾਰਿਆ ਹੋਇਆ ਸੀ। ਇਹ ਪਸਾਰਵਾਦੀ ਨੀਤੀ ਉਸ ਵੇਲੇ ਸਿਖਰ 'ਤੇ ਸੀ। ਇਨ੍ਹਾਂ ਦੀਆਂ ਪਸਾਰਵਾਦੀ ਨੀਤੀਆਂ ਕਾਰਨ ਆਪੋ ਵਿੱਚੀ ਜੰਗਾਂ ਵੀ ਲੱਗਦੀਆਂ ਸਨ। ਹਾਰ-ਜਿੱਤ ਨਾਲ ਬਸਤੀਆਂ ਵੀ ਤਬਦੀਲ ਹੁੰਦੀਆਂ ਸਨ। ਇਸ ਪਿਛੋਕੜ ਵਿੱਚ ਜੇਮਜ਼ ਮੋਨਰੋ ਵੱਲੋਂ ਅਮਰੀਕਾ ਦੀ ਇਸ ਵਿਦੇਸ਼ ਨੀਤੀ (ਮੋਨਰੋ ਸਿਧਾਂਤ) ਦਾ ਐਲਾਨ ਕੀਤਾ ਗਿਆ ਸੀ। ਇਸ ਸਿਧਾਂਤ ਵਿੱਚ ਸਪੱਸ਼ਟ ਸੀ ਕਿ ਯੂਰਪੀ ਤਾਕਤਾਂ ਖਾਸ ਤੌਰ 'ਤੇ ਬਰਤਾਨੀਆਂ, ਫਰਾਂਸ, ਸਪੇਨ, ਅਮਰੀਕਾ ਦੇ ਉਤਰੀ ਅਤੇ ਦੱਖਣੀ ਅਮਰੀਕਾ ਮਹਾਂਦੀਪਾਂ ਵਿੱਚ ਨਵੀਆਂ ਬਸਤੀਆਂ ਨਹੀਂ ਬਣਾਉਣਗੇ ਅਤੇ ਨਾ ਹੀ ਇਨ੍ਹਾਂ ਖੇਤਰਾਂ ਵਿੱਚ ਕੋਈ ਦਖਲਅੰਦਾਜ਼ੀ ਕਰਨਗੀਆਂ, ਜੇ ਉਹ ਇਨ੍ਹਾਂ ਖੇਤਰਾਂ 'ਚ ਕਿਸੇ ਪ੍ਰਕਾਰ ਦਾ ਦਖਲ ਕਰਦੇ ਹਨ ਤਾਂ ਅਮਰੀਕਾ ਇਸ ਨੂੰ ਆਪਣੀ ਸੁਰੱਖਿਆ ਲਈ ਖਤਰਾ ਮੰਨੇਗਾ। ਇਸ ਮੋਨਰੋ ਸਿਧਾਂਤ ਦਾ ਮੁੱਖ ਉਦੇਸ਼, ਮੁੱਖ ਨਾਅਰਾ ਇਹ ਸੀ ਕਿ ਯੂਰਪੀ ਸਾਮਰਾਜ ਨੂੰ ਅਮਰੀਕੀ ਮਹਾਂਦੀਪ ਵਿੱਚ ਆਉਣ ਤੋਂ ਰੋਕਿਆ ਜਾਵੇ। ਇਸ ਨੀਤੀ ਨੂੰ ਭਾਵੇਂ ਆਜ਼ਾਦੀ ਦੀ ਰੱਖਿਆ ਦੇ ਨਾਂਅ 'ਤੇ ਐਲਾਨਿਆ ਗਿਆ ਸੀ, ਪਰ ਬਾਅਦ ਵਿੱਚ ਅਮਰੀਕਾ ਨੇ ਇਨ੍ਹਾਂ ਖੇਤਰਾਂ ਵਿਚੋਂ ਪੂਰੇ ਲਤੀਨੀ ਅਮਰੀਕਾ ਦੇ ਦੇਸ਼ਾਂ ਨੂੰ ਆਪਣੇ ਪ੍ਰਭਾਵ ਵਾਲੇ ਖੇਤਰ ਬਣਾਉਣ ਦੀ ਕੋਸ਼ਿਸ਼ ਕੀਤੀ। ਲਤੀਨੀ ਅਮਰੀਕਾ ਵਿੱਚ ਜੋ ਵੀ ਹੋਵੇ, ਉਹ ਅਮਰੀਕਾ ਹੀ ਤਹਿ ਕਰੇਗਾ।

ਮੋਨਰੋ ਸਿਧਾਂਤ ਤਹਿਤ ਹੀ ਅਮਰੀਕਾ ਨੇ ਕਈ ਦੇਸ਼ਾਂ ਵਿੱਚ ਫੌਜੀ ਦਖਲ ਦਿੱਤਾ ਹੈ, ਰਾਜ ਪਲਟੇ ਕਰਵਾ ਕੇ ਆਪਣੀ ਮਰਜ਼ੀ ਦੀਆਂ ਕਠਪੁਤਲੀ ਸਰਕਾਰਾਂ ਬਣਵਾਈਆਂ ਹਨ। ਇਸ ਮੋਨਰੋ ਸਿਧਾਂਤ ਦੀ ਵਰਤੋਂ ਅਮਰੀਕਾ ਨੇ ਆਪਣੀ ਪਸਾਰਵਾਦੀ ਨੀਤੀ ਲਈ ਕੀਤੀ ਹੈ। ਇਸੇ ਸਿਧਾਂਤ ਤਹਿਤ ਹੀ 1904 ਵਿੱਚ ਅਮਰੀਕਾ ਦੇ ਰਾਸ਼ਟਰਪਤੀ ਰੂਜ਼ਵੈਲਟ ਨੇ ਕਿਹਾ ਸੀ ਕਿ ਅਮਰੀਕਾ ਨੂੰ ਲਤੀਨੀ ਅਮਰੀਕਾ ਦਾ ਪੁਲਸਮੈਨ ਬਣਨ ਦਾ ਹੱਕ ਹੈ, ਜੇ ਲਤੀਨੀ ਅਮਰੀਕਾ ਦਾ ਕੋਈ ਦੇਸ਼ ਅਮਰੀਕੀ ਹਿੱਤਾਂ ਦੇ ਉਲਟ ਕੰਮ ਕਰਦਾ ਹੈ ਤਾਂ ਅਮਰੀਕਾ ਨੂੰ ਉਸ ਦੇਸ਼ ਵਿੱਚ ਦਖਲ ਦੇਣ ਦਾ ਹੱਕ ਹੈ।

ਇਸ ਮੋਨਰੋ ਸਿਧਾਂਤ ਦੀ ਕਮਿਊਨਿਜ਼ਮ ਰੋਕਣ ਲਈ ਵੀ ਵਰਤੋਂ ਕੀਤੀ ਗਈ। ਰੂਸ ਅਤੇ ਚੀਨ ਦੇ ਵਧਦੇ ਪ੍ਰਭਾਵ ਨੂੰ ਰੋਕਣ ਦਾ ਵੀ ਉਦੇਸ਼ ਇਸ ਵਿੱਚ ਸ਼ਾਮਲ ਕਰ ਲਿਆ ਗਿਆ। 1954 ਵਿੱਚ ਗੁਆਟੇਮਾਲਾ ਦੀ ਚੁਣੀ ਹੋਈ ਸਰਕਾਰ ਦੇ ਰਾਸ਼ਟਰਪਤੀ ਜੈਕੋਬੋ ਆਰਬੈਂਜ਼ ਨੇ ਜ਼ਮੀਨੀ ਸੁਧਾਰ ਕੀਤੇ, ਜਿਸ ਨਾਲ ਅਮਰੀਕੀ ਕੰਪਨੀਆਂ ਨੂੰ ਭਾਰੀ ਨੁਕਸਾਨ ਹੋਇਆ। ਅਮਰੀਕਾ ਨੇ ਇਸ ਦੇ ਪ੍ਰਤੀਕਰਮ ਵਜੋਂ ਆਪਣੀ ਖੁਫੀਆ ਏਜੰਸੀ ਸੀ ਆਈ ਏ ਰਾਹੀਂ ਇੱਕ ਗੁਪਤ ਕਾਰਵਾਈ ਕਰਕੇ ਗੁਆਟੇਮਾਲਾ ਦੇ ਚੁਣੇ ਰਾਸ਼ਟਰਪਤੀ ਦੀ ਸਰਕਾਰ ਨੂੰ ਉਲਟਾਅ ਦਿੱਤਾ ਗਿਆ ਅਤੇ ਸੱਤਾ ਉਪਰ ਅਮਰੀਕਾ ਪੱਖੀ ਕਾਸਟੀਯੋ ਆਰਮਾਸ ਨੂੰ ਰਾਸ਼ਟਰਪਤੀ ਬਣਾਇਆ ਗਿਆ, ਜਿਸ ਨੇ ਸੱਤਾ ਉਪਰ ਬੈਠਦੇ ਸਾਰ ਹੀ ਜ਼ਮੀਨੀ ਸੁਧਾਰਾਂ ਨੂੰ ਰੱਦ ਕਰ ਦਿੱਤਾ ਸੀ। ਮਜ਼ਦੂਰ ਯੂਨੀਅਨਾਂ ਅਤੇ ਖੱਬੇ-ਪੱਖੀ ਪਾਰਟੀਆਂ ਉਪਰ ਪਾਬੰਦੀਆਂ ਲਗਾ ਦਿੱਤੀਆਂ ਗਈਆਂ।

ਇਸ ਤਰ੍ਹਾਂ ਹੀ 11 ਸਤੰਬਰ 1973 ਨੂੰ ਚਿੱਲੀ ਦੇ ਰਾਸ਼ਟਰਪਤੀ ਸਾਲਵਾਦੋਰ ਅਲੇਨਦੇ ਦੀ ਲੋਕਤੰਤਰਿਕ ਤੌਰ 'ਤੇ ਚੁਣੀ ਹੋਈ ਸਰਕਾਰ ਨੂੰ ਅਮਰੀਕਾ ਦੇ ਰਾਸ਼ਟਰਪਤੀ ਨਿਕਸਨ ਦੀ ਇੱਕ ਯੋਜਨਾ ਤਹਿਤ ਸੀ ਆਈ ਏ ਦੀ ਮਦਦ ਨਾਲ ਉਲਟਾਅ ਦਿੱਤਾ ਗਿਆ। ਅਮਰੀਕਾ ਨੇ ਪਹਿਲਾਂ ਚਿੱਲੀ ਉਪਰ ਆਰਥਿਕ ਪਾਬੰਦੀਆਂ ਦੇ ਨਾਲ-ਨਾਲ ਅੰਤਰਰਾਸ਼ਟਰੀ ਕਰਜ਼ੇ ਅਤੇ ਵਿੱਤੀ ਮਦਦ ਰੁਕਵਾਉਣ ਰਾਹੀਂ ਦੇਸ਼ ਦੀ ਆਰਥਿਕ ਹਾਲਤ ਕਮਜ਼ੋਰ ਕੀਤੀ ਅਤੇ ਫਿਰ ਲੋਕਾਂ ਵਿੱਚ ਵਿਆਪਕ ਬੇਚੈਨੀ ਨੂੰ ਵਰਤਦੇ ਹੋਏ ਗੁਪਤ ਕਾਰਵਾਈ ਰਾਹੀਂ ਮਿਲੀਅਨ ਡਾਲਰ ਖਰਚ ਕੇ ਸਰਕਾਰ ਦਾ ਤਖਤਾ ਪਲਟ ਦਿੱਤਾ।

ਮੋਨਰੋ ਸਿਧਾਂਤ ਦੀ ਵਰਤੋਂ ਕਿਊਬਾ ਵਿੱਚ ਵੀ ਕੀਤੀ ਗਈ ਹੈ। 1959 ਦੀ ਕਰਾਂਤੀ ਉਪਰੰਤ ਕਿਊਬਾ ਦੀ ਵਾਗਡੋਰ ਫੀਡਲ ਕਾਸਟਰੋ ਦੇ ਹੱਥ ਵਿੱਚ ਆ ਗਈ। ਉਸ ਨੇ 1961 ਵਿੱਚ ਕਿਊਬਾ ਵਿੱਚ ਕਿਊਬਾ ਨੂੰ ਸਮਾਜਵਾਦੀ ਰਾਜ ਘੋਸ਼ਿਤ ਕਰ ਦਿੱਤਾ ਅਤੇ ਉਸ ਦੇਸ਼ ਵਿੱਚ ਅਮਰੀਕੀ ਮਾਲਕੀ ਵਾਲੇ ਖੰਡ ਉਦਯੋਗ, ਤੇਲ ਉਦਯੋਗ, ਬੈਂਕਾਂ ਆਦਿ ਦਾ ਰਾਸ਼ਟਰੀਕਰਨ ਕਰ ਦਿੱਤਾ। ਇਹ ਮੋਨਰੋ ਸਿਧਾਂਤ ਨੂੰ ਇੱਕ ਸਿੱਧੀ ਚੁਣੌਤੀ ਸੀ। ਅਮਰੀਕਾ ਨੇ ਕਿਊਬਾ ਵਿੱਚ ਰਾਜ ਪਲਟਾ ਕਰਨ ਲਈ ਹੁਣ ਤੱਕ 10 ਵਾਰ ਕੋਸ਼ਿਸ਼ ਕੀਤੀ ਹੈ, ਹੁਣ ਵੀ ਜਾਰੀ ਹੈ। ਇਸ ਨੀਤੀ ਤਹਿਤ ਕਿਊਬਾ ਉਪਰ ਅਮਰੀਕਾ ਵੱਲੋਂ ਸਭ ਤੋਂ ਵੱਧ ਆਰਥਕ ਪਾਬੰਦੀਆਂ ਲਾਈਆਂ ਹੋਈਆਂ ਹਨ।

ਅਮਰੀਕਾ ਦੁਆਰਾ ਮੋਨਰੋ ਸਿਧਾਂਤ ਦੀ ਵਰਤੋਂ ਕੇਵਲ ਲਤੀਨੀ ਅਮਰੀਕੀ ਦੇਸ਼ਾਂ ਤੱਕ ਸੀਮਤ ਨਹੀਂ ਰਹੀ, ਬਲਕਿ ਇਰਾਕ ਦੇ ਰਾਸ਼ਟਰਪਤੀ ਸੱਦਾਮ ਹੁਸੈਨ ਨੂੰ ਗੱਦੀ ਤੋਂ ਲਾਹ ਕੇ ਉਸ ਨੂੰ ਫਾਂਸੀ ਦੇਣ, ਲਿਬੀਆ ਦੇ ਮੁਖੀ ਗਦਾਫੀ ਦੀ ਬੇਰਹਿਮ ਹੱਤਿਆ ਕਰਨ ਅਤੇ ਗਾਜ਼ਾ ਨੂੰ ਅਮਰੀਕੀ ਬਸਤੀ ਬਣਾਉਣ 'ਚ ਇਜ਼ਰਾਇਲ ਦੀ ਪੂਰੀ ਹਮਾਇਤ ਕਰਨ ਵਿੱਚ ਵੀ ਵੇਖੀ ਜਾ ਸਕਦੀ ਹੈ।

ਟਰੰਪ ਨੇ ਹੁਣ ਮੋਨਰੋ ਸਿਧਾਂਤ ਦੀ ਥਾਂ ਡੋਨਰੋ ਸਿਧਾਂਤ ਥੱਲੇ ਅਮਰੀਕਾ ਦੀ ਪਸਾਰਵਾਦੀ ਦਬਦਬਾ ਦੀ ਨੀਤੀ ਦਾ ਨਕਾਬ ਉਤਾਰ ਦਿੱਤਾ ਹੈ। ਉਹ ਦੂਜੇ ਦੇਸ਼ਾਂ ਵਿੱਚ ਲੋਕਤੰਤਰ ਅਤੇ ਮਾਨਵ ਅਧਿਕਾਰ ਲਿਆਉਣ ਜਾਂ ਸੁਰੱਖਿਅਤ ਕਰਨ ਦੇ ਖੇਖਣ, ਜੋ ਸੱਚ ਸਾਬਤ ਨਹੀਂ ਹੋਏ, ਦੀ ਬਿਜਾਏ ਵਪਾਰਕ ਸਮਝੌਤੇ ਕਰਨ ਦੇ ਹੁਕਮ ਚਾੜ੍ਹ ਰਿਹਾ ਹੈ, ਹੁਕਮਾਂ ਦੀ ਪਾਲਣਾ ਨਾ ਕਰਨ ਦੀ ਸੂਰਤ 'ਚ ਟੈਰਿਫ ਨੂੰ ਹਥਿਆਰ ਬਣਾਉਂਦੇ ਹੋਏ, ਸਿੱਧੀ ਫੌਜੀ ਦਖਲਅੰਦਾਜ਼ੀ ਕਰਨ ਦੀਆਂ ਧਮਕੀਆਂ ਅਤੇ ਫੌਜੀ ਦਖਲਅੰਦਾਜ਼ੀ ਕਰਕੇ ਆਪਣੇ ਹੁਕਮਾਂ ਦੀ ਪਾਲਣਾ ਕਰਵਾ ਰਿਹਾ ਹੈ। ਇਸ ਦੀ ਤਾਜ਼ਾ ਉਦਾਹਰਣ ਗਰੀਨਲੈਂਡ ਦੇ ਮਾਮਲੇ ਵਿੱਚ ਵੇਖੀ ਜਾ ਸਕਦੀ ਹੈ। ਇਸ ਤੋਂ ਅੱਗੇ ਜੰਗ ਅਤੇ ਅਮਨ ਨਾਲ ਜੁੜੇ ਮਸਲਿਆਂ ਨੂੰ ਹੱਲ ਕਰਨ ਲਈ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਦੇ ਮੰਚ ਨੂੰ ਦਰਕਿਨਾਰ ਕਰਦੇ ਹੋਏ ਡੋਨਾਲਡ ਟਰੰਪ 'ਬੋਰਡ ਆਫ ਪੀਸ' ਲਈ ਵੱਖ-ਵੱਖ ਦੇਸ਼ਾਂ ਨੂੰ ਸੱਦਾ ਦੇ ਰਿਹਾ ਹੈ, ਇਹ ਅਮਰੀਕਾ ਦੇ ਕੰਟਰੋਲ ਹੇਠ ਇੱਕ ਅੰਤਰਰਾਸ਼ਟਰੀ ਢਾਂਚਾ ਬਣਾਉਣ ਦੀ ਕੋਸ਼ਿਸ਼ ਹੈ। ਮੋਨਰੋ, ਡੋਨਰੋ ਸਿਧਾਂਤ ਦੀ ਨੀਤੀ ਵਿਸ਼ਵ 'ਚ ਅਸਥਿਰਤਾ ਪੈਦਾ ਕਰਨ ਵਾਲੀ ਹੈ। ਸਾਰੇ ਦੇਸ਼ਾਂ, ਖਾਸ ਤੌਰ 'ਤੇ ਤੀਜੀ ਦੁਨੀਆ ਦੇ ਦੇਸ਼ਾਂ ਨੂੰ ਸਹਿਯੋਗ ਬਣਾ ਕੇ ਇਸ ਵਿਰੁੱਧ ਡਟਣਾ ਚਾਹੀਦਾ ਹੈ।

**# ਸੰਪਰਕ : 96460-01023**

# ਗਦਰੀ ਸ਼ਹੀਦ ਰਹਿਮਤ ਅਲੀ ਵਜੀਦਕੇ ਦਾ ਪਿੰਡ ਸਹੂਲਤਾਂ ਤੋਂ ਵਾਂਝਾ

- ਪ੍ਰਾਇਮਰੀ ਸਕੂਲ ਨੇੜੇ ਗੰਦਾ ਪਾਣੀ ਖੜਨ ਕਰਕੇ ਵਿਦਿਆਰਥੀਆਂ ਨੂੰ ਕਰਨਾ ਪੈ ਰਿਹੈ ਮੁਸ਼ਕਲਾਂ ਦਾ ਸਾਹਮਣਾ
- ਪੰਚਾਇਤੀ ਰਾਜ ਐੱਸ ਡੀ ਓ ਨੇ ਸਥਿਤੀ ਦਾ ਲਿਆ ਜਾਇਜ਼ਾ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ)**-ਦੇਸ਼ ਦੀ ਆਜ਼ਾਦੀ ਦੇ ਸੰਗਰਾਮ 'ਚ ਆਪਾ ਵਾਰ ਗਏ ਗਦਰੀ ਸ਼ਹੀਦ ਰਹਿਮਤ ਅਲੀ ਦੇ ਜੱਦੀ ਪਿੰਡ ਵਜੀਦਕੇ ਕਲਾਂ (ਬਰਨਾਲਾ) ਦੇ ਪਹਿਚਾਣ ਸੁਖਦੀਪ ਸ਼ਹੀਦ ਰਹਿਮਤ ਅਲੀ ਦੇ ਸਰਕਾਰੀ ਪ੍ਰਾਇਮਰੀ ਸਕੂਲ ਦੇ ਨੇੜੇ ਨਾਲੀਆਂ ਦਾ ਗੰਦਾ ਪਾਣੀ ਸੜਕ 'ਚ ਖੜਨ ਨਾਲ ਜਿੱਥੇ ਆਮ ਲੋਕਾਂ ਨੂੰ ਗੁਰਦੁਆਰਾ ਸਾਹਿਬ, ਪੰਜਾਬ ਗ੍ਰਾਮੀਣ ਬੈਂਕ ਜਾਣ ਲਈ ਭਾਰੀ ਮੁਸ਼ਕਲ ਪੇਸ਼ ਆਉਂਦੀ ਹੈ, ਉੱਥੇ ਸਕੂਲ ਜਾਣ ਲਈ ਵਿਦਿਆਰਥੀਆਂ ਨੂੰ ਵੀ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਨਾਲੀਆਂ ਦਾ ਗੰਦਾ ਪਾਣੀ ਖੜਨ ਨਾਲ ਭਾਰੀ ਬਦਬੂ ਮਾਰ ਰਹੀ ਹੈ, ਜਿਸ ਨਾਲ ਡੇਂਗੂ, ਮਲੇਰੀਆ ਵਰਗੀਆਂ ਬਿਮਾਰੀਆਂ ਫੈਲਣ ਦਾ ਡਰ ਬਣਿਆ ਹੋਇਆ ਹੈ।ਜਾਣਕਾਰੀ ਅਨੁਸਾਰ ਇਹ ਨਾਲੀਆਂ ਦਾ ਗੰਦਾ ਪਾਣੀ ਗਉਸ਼ਾਲਾ ਕੋਲ ਛੱਪੜ 'ਚ ਪੈ ਰਿਹਾ ਸੀ।ਛੱਪੜ 'ਚ ਜ਼ਿਆਦਾ ਪਾਣੀ ਭਰਨ ਨਾਲ ਪਾਣੀ ਵਾਪਸ ਮੁੜਨ ਲੱਗ ਪਿਆ ਹੈ।ਅੱਗੋਂ ਪਾਣੀ ਰੁਕ ਜਾਣ ਕਰਕੇ ਹੁਣ ਮੀਂਹ ਤੇ ਗਲੀਆਂ ਨਾਲੀਆਂ ਦਾ ਗੰਦਾ ਪਾਣੀ ਸਰਕਾਰੀ ਪ੍ਰਾਇਮਰੀ ਸਕੂਲ ਦੇ ਕੋਲ ਆ ਕੇ ਖੜ੍ਹ ਗਿਆ।ਇਕੱਠਾ ਹੋਇਆ ਇਹ ਪਾਣੀ ਆਸੇ-ਪਾਸੇ ਦੇ ਘਰਾਂ 'ਚ ਦਾਖਲ ਹੋਣ ਹੋ ਕੇ ਨੀਹਾਂ 'ਚ ਜਾਣ ਨਾਲ ਘਰਾਂ ਦੀਆਂ ਕੰਧਾਂ ਕਿਸੇ ਸਮੇਂ ਹੀ ਡਿੱਗ ਕੇ ਡਿੱਗ ਕੇ ਵੱਡੇ ਹਾਦਸੇ ਦਾ ਕਾਰਨ ਬਣ ਸਕਦੀਆਂ ਹਨ।ਗਦਰੀ ਸ਼ਹੀਦ ਰਹਿਮਤ ਅਲੀ ਦਾ ਬੁੱਤ ਤੇ ਯਾਦਗਾਰੀ ਪਾਰਕ ਵੀ ਗੰਦੇ ਪਾਣੀ ਦੀ ਲਪੇਟ ਵਿੱਚ ਆ ਗਿਆ ਹੈ।ਪੀੜਤ ਲੋਕਾਂ ਦਾ ਕਹਿਣਾ ਹੈ ਕਿ ਲੰਬੇ ਸਮੇਂ ਪਿੰਡ ਦੇ ਗੰਦੇ ਪਾਣੀ ਦੇ ਨਿਕਾਸ ਲਈ ਕੋਈ ਯੋਗ ਪ੍ਰਬੰਧ ਨਹੀਂ ਹੈ।ਪਿੰਡ ਤੋਂ ਥੋੜੀ ਦੂਰੀ ਤੇ ਲੰਘਦੇ ਨਾਲੇ 'ਚ ਪਾਈਪਾਂ ਪਾ ਕੇ ਪਿੰਡ ਦਾ ਗੰਦਾ ਪਾਣੀ ਨਾਲੇ 'ਚ ਪਾਇਆ ਜਾ ਸਕਦਾ ਹੈ। ਪਰ ਇਸ ਗੰਭੀਰ ਮੁਸ਼ਕਲ ਸਬੰਧੀ ਵਾਰ ਵਾਰ ਹਲਕੇ ਦੇ ਆਗੂਆਂ, ਸਬੰਧਤ ਅਧਿਕਾਰੀਆਂ ਨੂੰ ਜਾਣੂੰ ਕਰਵਾਉਣ ਦੇ ਬਾਵਜੂਦ ਪਰਨਾਲਾ ਉੱਥੇ ਦਾ ਉੱਥੇ ਹੀ ਹੈ।

ਪਿੰਡ ਦੇ ਸਰਪੰਚ ਸੁਖਵੀਰ ਕੌਰ, ਸਾਬਕਾ ਸਰਪੰਚ ਸ਼ਿੰਗਾਰਾ ਸਿੰਘ ਵਜੀਦਕੇ, ਡਾਕਿਯੂ ਉਗਰਾਹਾਂ ਦੇ ਕੁਲਜੀਤ ਸਿੰਘ, ਰਾਮ ਸਿੰਘ, ਅਮਰਜੀਤ ਸਿੰਘ ਵਜੀਦਕੇ, ਗੁਰਦੀਪ ਸਿੰਘ, ਪੰਚ ਜਗਰਾਜ ਸਿੰਘ, ਕੁਲਵਿੰਦਰ ਸਿੰਘ ਕਿੰਦਾ, ਮਨਦੀਪ ਸਿੰਘ ਗੋਲੀ, ਜਗਦੀਪ ਸਿੰਘ, ਕੁਲਦੀਪ ਸਿੰਘ, ਹਰਪ੍ਰੀਤ ਸਿੰਘ, ਹਰਵੀਰ ਸਿੰਘ, ਬੂਟਾ ਸਿੰਘ, ਸਰਬਜੀਤ ਸਿੰਘ, ਚਰਨਜੀਤ ਸਿੰਘ, ਮਲਕੀਤ ਸਿੰਘ ਆਦਿ ਆਗੂਆਂ ਦੀ ਅਗਵਾਈ ਹੇਠ ਪਿੰਡ ਵਾਸੀਆਂ ਨੇ ਏ ਡੀ ਸੀ ਬਰਨਾਲਾ ਨੂੰ ਇਕ ਮੰਗ ਪੱਤਰ ਦੇ ਕੇ ਇਸ ਗੰਭੀਰ ਮੁਸ਼ਕਲ ਨੂੰ ਤੁਰੰਤ ਹੱਲ ਕਰਾਉਣ ਦੀ ਮੰਗ ਕੀਤੀ।ਇਸ ਉਪਰੰਤ ਪੰਚਾਇਤੀ ਰਾਜ ਦੇ ਐੱਸ ਡੀ ਓ ਜਸਕਰਨਜੀਤ ਸਿੰਘ ਨੇ ਪਿੰਡ ਵਜੀਦਕੇ ਕਲਾਂ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲੈਂਦਿਆਂ ਇਸ ਮੁਸ਼ਕਲ ਨੂੰ ਹੱਲ ਕਰਾਉਣ ਦਾ ਵਿਸ਼ਵਾਸ ਦੁਆਇਆ।

# ਖੂਨੀ ਚੱਕਰਵਾਲ ਚੌਕ ਟ੍ਰੈਫ਼ਿਕ ਜਾਮਾਂ 'ਚ ਉਲਝਿਆ



**ਧੂਰੀ (ਮਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਮੁੱਖ ਮੰਤਰੀ ਭਗਵੰਤ ਮਾਨ ਦਾ ਚੋਣ ਹਲਕਾ ਹੋਣ ਦੇ ਨਾਤੇ ਪੂਰੇ ਸੂਬੇ ਵਿੱਚ ਵੀਵੀਆਈਪੀ ਦਰਜਾ ਰੱਖਦਾ ਹੈ, ਪਰ ਅਫ਼ਸੋਸ ਕਿ ਇਸ ਹਲਕੇ ਦਾ ਸੰਗਰੂਰ-ਲੁਧਿਆਣਾ ਮੁੱਖ ਮਾਰਗ 'ਤੇ ਸਥਿਤ ਚੱਕਰਵਾਲ ਚੌਕ ਰਾਹਗੀਰਾਂ ਲਈ ਖੂਨੀ ਚੌਕ ਸਾਬਤ ਹੋ ਰਿਹਾ ਹੈ।ਇਸ ਚੌਕ ਵਿੱਚ ਲੱਗਦੇ ਭਿਆਨਕ ਜਾਮ ਕਾਰਨ ਧੂਰੀ ਸ਼ਹਿਰ ਨੂੰ ਪਾਰ ਕਰਨਾ ਆਮ ਜਨਤਾ ਲਈ ਇੱਕ ਵੱਡੀ ਚੁਣੌਤੀ ਬਣ ਗਿਆ ਹੈ।ਇਹ ਸਿਰਫ਼ ਟ੍ਰੈਫਿਕ ਦੀ ਸਮੱਸਿਆ ਨਹੀਂ ਰਹੀ, ਸਗੋਂ ਮੌਤ ਦਾ ਉਹ ਜਾਲ ਬਣ ਚੁੱਕਾ ਹੈ, ਜਿੱਥੇ ਹਰ ਪਲ ਕਿਸੇ ਅਣਸੁਖਾਵੀਂ ਘਟਨਾ ਦਾ ਡਰ ਬਣਿਆ ਰਹਿੰਦਾ ਹੈ।

ਪ੍ਰਸ਼ਾਸਨ ਵੱਲੋਂ ਇਸ ਚੌਕ 'ਤੇ ਵਾਹਨਾਂ ਦੀ ਆਵਾਜਾਈ ਨੂੰ ਨਿਯਮਤ ਕਰਨ ਲਈ ਲੱਖਾਂ ਰੁਪਏ ਖ਼ਰਚ ਕੇ ਆਧੁਨਿਕ ਟ੍ਰੈਫਿਕ ਲਾਈਟਾਂ ਲਾਈਆਂ ਗਈਆਂ ਸਨ। ਲੋਕਾਂ ਨੂੰ ਉਮੀਦ ਸੀ ਕਿ ਸ਼ਾਇਦ ਹੁਣ ਉਨ੍ਹਾਂ ਨੂੰ ਇਸ ਨਰਕ ਭਰੇ ਜਾਮ ਤੋਂ ਨਿਜਾਤ ਮਿਲੇਗੀ, ਪਰ ਜ਼ਮੀਨੀ ਹਕੀਕਤ ਬੇਹੱਦ ਨਿਰਾਸ਼ਾਜਨਕ ਹੈ। ਇਹ ਲਾਈਟਾਂ ਕਈ ਸਾਲਾਂ ਤੋਂ ਸਿਰਫ਼ ਸ਼ੋਅ ਪੀਸ ਬਣ ਕੇ ਰਹਿ ਗਈਆਂ ਹਨ।

ਇਸ ਬਦਇੰਤਜ਼ਾਮੀ ਦਾ ਸਭ ਤੋਂ ਮਾੜਾ ਅਸਰ ਸਕੂਲੀ ਬੱਚਿਆਂ ਤੇ ਮਰੀਜ਼ਾਂ 'ਤੇ ਪੈ ਰਿਹਾ ਹੈ।ਸਵੇਰ ਵੇਲੇ ਜਦੋਂ ਬੱਚੇ ਸਕੂਲ ਲਈ ਨਿਕਲਦੇ ਹਨ ਤਾਂ ਉਹ ਘੰਟਿਆਂਬੱਧੀ ਇਸ ਜਾਮ ਵਿੱਚ ਫਸੇ ਰਹਿੰਦੇ ਹਨ, ਜਿਸ ਨਾਲ ਉਨ੍ਹਾਂ ਦੀ ਪੜ੍ਹਾਈ ਤੇ ਮਾਨਸਿਕ ਸਿਹਤ 'ਤੇ ਬੁਰਾ ਅਸਰ ਪੈ ਰਿਹਾ ਹੈ।ਇਸ ਤੋਂ ਵੀ ਵੱਧ ਚਿੰਤਾਜਨਕ ਸਥਿਤੀ ਉਦੋਂ ਬਣਦੀ ਹੈ, ਜਦੋਂ ਕੋਈ ਐਂਬੂਲੈਂਸ ਇਸ ਜਾਮ ਵਿੱਚ ਫਸ ਜਾਂਦੀ ਹੈ।ਮਰੀਜ਼ ਲਈ ਇੱਕ-ਇੱਕ ਸੈਕਿੰਡ ਕੀਮਤੀ ਹੁੰਦਾ ਹੈ, ਪਰ ਚੱਕਰਵਾਲ ਚੌਕ ਦੀ ਭੀੜ ਕਈ ਵਾਰ ਜ਼ਿੰਦਗੀ ਤੇ ਮੌਤ ਦੇ ਵਿਚਕਾਰ ਕੰਧ ਬਣ ਕੇ ਖੜ ਜਾਂਦੀ ਹੈ।ਇਲਾਕਾ ਨਿਵਾਸੀਆਂ ਤੇ ਸਮਾਜ ਸੇਵੀ ਸੰਸਥਾਵਾਂ ਦਾ ਤਰਕ ਹੈ ਕਿ ਜਿੰਨਾ ਚਿਰ ਰਾਮ ਬਾਗ ਤੋਂ ਸੰਗਰੂਰ ਬਾਈਪਾਸ ਤੱਕ ਇੱਕ ਮਜ਼ਬੂਤ ਤੇ ਲੰਬਾ ਓਵਰਬ੍ਰਿਜ ਨਹੀਂ ਬਣਾਇਆ ਜਾਂਦਾ, ਇਹ ਸਮੱਸਿਆ ਜਿਉਂ ਦੀ ਤਿਉਂ ਬਣੀ ਰਹੇਗੀ।ਮੌਜੂਦਾ ਡਵਾਈਡਰਾਂ ਦੀ ਬਣਤਰ ਵੀ ਤਕਨੀਕੀ ਪੱਖੋਂ ਗ਼ਲਤ ਹੈ, ਜਿਸ ਕਾਰਨ ਵੱਡੇ ਵਾਹਨਾਂ ਨੂੰ ਮੁੜਨ ਵੇਲੇ ਕਾਫੀ ਮੁਸ਼ਕਲ ਆਉਂਦੀ ਹੈ ਤੇ ਛੋਟੇ ਵਾਹਨ ਚਾਲਕ ਹਾਦਸਿਆਂ ਦਾ ਸ਼ਿਕਾਰ ਹੋ ਜਾਂਦੇ ਹਨ।

# ਕਾਰਵਾਂ-ਏ-ਹੁਨਰ ਤਹਿਤ ਕਰਵਾਏ ਮੁਕਾਬਲਿਆਂ 'ਚ ਸਵਾਮੀ ਰੂਪ ਚੰਦ ਜੈਨ ਸਕੂਲ ਦਾ ਸ਼ਾਨਦਾਰ ਪ੍ਰਦਰਸ਼ਨ



**ਜਗਰਾਉਂ (ਸੰਜੀਵ ਅਰੋੜਾ)**-ਸਵਾਮੀ ਰੂਪ ਚੰਦ ਜੈਨ ਸੀਨੀਅਰ ਸੈਕੰਡਰੀ ਸਕੂਲ ਨੇ ਐੱਲ ਆਰ ਐੱਮ ਡੀ.ਏ.ਵੀ. ਕਾਲਜ ਵਿਖੇ ਹੋਏ ਕਾਰਵਾਂ-ਏ-ਹੁਨਰ ਦੌਰਾਨ ਹੋਏ ਵੱਖ-ਵੱਖ ਮੁਕਾਬਲਿਆਂ ਵਿੱਚ ਚੋਟੀ ਦੇ ਸਥਾਨ ਪ੍ਰਾਪਤ ਕਰਕੇ ਸੰਸਥਾ ਤੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ। ਵਿਦਿਆਰਥੀਆਂ ਨੇ ਵੱਖ-ਵੱਖ ਪ੍ਰੋਗਰਾਮਾਂ ਵਿੱਚ ਆਪਣੀ ਸਿਰਜਣਾਤਮਕਤਾ ਤੇ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਪੋਸਟਰ ਮੇਕਿੰਗ ਵਿੱਚ, ਬਾਰਵੀਂ ਜਮਾਤ ਦੀ ਵਿਦਿਆਰਥਣ ਸਿਮਰਨ ਗਰੁੱਪ ਦੀ ਪਹਿਲਾ ਇਨਾਮ, ਨੁਰਪ੍ਰੀਤ ਕੌਰ ਜਮਾਤ ਨੌਵੀਂ ਨੇ ਹਿੰਦੀ ਸੁੰਦਰ ਲਿਖਤ ਵਿੱਚ ਪਹਿਲਾ ਇਨਾਮ, ਬਾਰ੍ਹਵੀਂ ਜਮਾਤ ਦੀ ਵਿਦਿਆਰਥਣ ਜਗਦੀਪ ਕੌਰ ਨੇ ਪੰਜਾਬੀ ਸੁੰਦਰ ਲਿਖਾਈ ਮੁਕਾਬਲੇ ਵਿੱਚ ਪਹਿਲਾ ਇਨਾਮ, ਸਲੋਗਨ ਰਾਈਟਿੰਗ ਵਿੱਚ, ਗਿਆਰਵੀਂ ਜਮਾਤ ਦੀ ਵਿਦਿਆਰਥਣ ਈਸ਼ਾਨਾ ਕੌਰ ਨੇ ਦੂਜਾ ਇਨਾਮ, ਰੰਗੋਲੀ ਵਿੱਚ ਬਾਰਵੀਂ ਕਾਮਰਸ ਗਰੁੱਪ ਦੀ ਵਿਦਿਆਰਥਣ ਸਿਮਰਨਜੋਤ ਕੌਰ ਤੇ ਹਰਮਨਪ੍ਰੀਤ ਜਮਾਤ ਗਿਆਰਵੀਂ ਦੀਆਂ ਵਿਦਿਆਰਥਣਾਂ ਦੇ ਗਰੁੱਪ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਪਹਿਲਾ ਅਤੇ ਅਨੂ ਤੇ ਵਾਵਿਕਾ ਜਮਾਤ ਗਿਆਰਵੀਂ ਕਮਰਸ ਗਰੁੱਪ ਦੀਆਂ ਵਿਦਿਆਰਥਣਾਂ ਨੇ ਰੰਗੋਲੀ ਵਿੱਚ ਦੂਜਾ ਸਥਾਨ ਹਾਸਲ ਕੀਤਾ। ਸਲਾਦ ਡਰੈਸਿੰਗ 'ਚ ਜਮਾਤ ਗਿਆਰਵੀਂ ਆਰਟਸ ਗਰੁੱਪ ਦੀਆਂ ਵਿਦਿਆਰਥਣਾਂ ਤਾਨੀਆ ਤੇ ਰਿਸ਼ੀਤਾ ਨੇ ਪਹਿਲਾ ਇਨਾਮ ਪ੍ਰਾਪਤ ਕੀਤਾ। ਲੋਕ ਗੀਤ ਮੁਕਾਬਲੇ ਵਿੱਚ ਪਰਵਾਨ ਅਖ਼ਤਰ ਜਮਾਤ ਨੌਵੀਂ ਨੇ ਪਹਿਲਾ ਤੇ ਦੀਕਸ਼ਾ ਬਾਰਵੀਂ ਕਾਮਰਸ ਗਰੁੱਪ ਦੀ ਵਿਦਿਆਰਥਣ ਨੇ ਤੀਜਾ ਇਨਾਮ ਪ੍ਰਾਪਤ ਕੀਤਾ। ਸਕੂਲ ਪਹੁੰਚਣ 'ਤੇ ਪ੍ਰਿੰਸੀਪਲ ਰਾਜਪਾਲ ਕੌਰ ਤੇ ਅਧਿਆਪਕਾਂ ਵੱਲੋਂ ਜਿੱਤ ਦੀ ਖ਼ੁਸ਼ੀ ਮਨਾਉਂਦਿਆਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਪ੍ਰਿੰਸੀਪਲ ਤੇ ਸਕੂਲ ਪ੍ਰਬੰਧਕ ਨੇ ਵਿਦਿਆਰਥੀਆਂ ਦੀ ਮਿਹਨਤ ਤੇ ਸਮਰਪਣ ਦੀ ਸ਼ਲਾਘਾ ਕੀਤੀ ਅਤੇ ਜੇਤੂਆਂ ਨੂੰ ਉਨ੍ਹਾਂ ਦੀ ਸ਼ਾਨਦਾਰ ਪ੍ਰਾਪਤੀ ਲਈ ਵਧਾਈ ਦਿੱਤੀ। ਉਨ੍ਹਾਂ ਅਧਿਆਪਕਾਂ ਦੀ ਨਿਰੰਤਰ ਅਗਵਾਈ ਤੇ ਉਤਸ਼ਾਹ ਲਈ ਵੀ ਸ਼ਲਾਘਾ ਕੀਤੀ, ਜਿਨ੍ਹਾਂ ਇਸ ਸਫਲਤਾ ਵਿੱਚ ਮੁੱਖ ਭੂਮਿਕਾ ਨਿਭਾਈ। ਪ੍ਰਿੰਸੀਪਲ ਰਾਜਪਾਲ ਕੌਰ ਵੱਲੋਂ ਪੁਜ਼ੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸ਼ੁਭ ਇੱਛਾਵਾਂ ਦਿੱਤੀਆਂ ਤੇ ਸਾਰੇ ਵਿਦਿਆਰਥੀਆਂ ਨੂੰ ਮੁਕਾਬਲੇਬਾਜ਼ੀ ਦੀਆਂ ਗਤੀਵਿਧੀਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਦੀ ਪ੍ਰੇਰਨਾ ਦਿੱਤੀ।

## ਕਾਤਰਾਂ

### ਨਸ਼ੀਲੀਆਂ ਗੋਲੀਆਂ ਸਮੇਤ ਕਾਬੂ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਪੁਲਸ ਵੱਲੋਂ ਨਸ਼ੀਲੀਆਂ ਗੋਲੀਆਂ ਸਮੇਤ ਇੱਕ ਵਿਅਕਤੀ ਨੂੰ ਕਾਬੂ ਕੀਤਾ ਹੈ। ਮੁਲਜ਼ਮ ਦੀ ਪਹਿਚਾਣ ਸੁਖਪ੍ਰੀਤ ਸਿੰਘ ਵਾਸੀ ਚੱਕੀ ਵਜੋਂ ਹੋਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਹਾਇਕ ਥਾਣੇਦਾਰ ਸੁਖਦੀਪ ਸਿੰਘ ਨੇ ਦੱਸਿਆ ਕਿ ਪੁਲਸ ਵੱਲੋਂ ਮਾਨੇਵਾਲ ਟੀ-ਪੁਆਇੰਟ ਨੇੜੇ ਗਸ਼ਤ ਕੀਤੀ ਜਾ ਰਹੀ ਸੀ ਤਾਂ ਇੱਕ ਵਿਅਕਤੀ, ਜਿਸ ਨੇ ਪੁਲਸ ਪਾਰਟੀ ਨੂੰ ਦੇਖ ਕੇ ਆਪਣੀ ਜੇਬ 'ਚੋਂ ਗੋਲੀਆਂ ਦੇ ਪੱਤੇ ਜ਼ਮੀਨ 'ਤੇ ਸੁੱਟ ਦਿੱਤੇ। ਸ਼ੱਕ ਦੇ ਅਧਾਰ 'ਤੇ ਜਦੋਂ ਇਸ ਨੂੰ ਕਾਬੂ ਕੀਤਾ ਤਾਂ ਇਸ ਨੇ ਆਪਣਾ ਨਾਮ ਸੁਖਪ੍ਰੀਤ ਦੱਸਿਆ। ਉਸ ਵੱਲੋਂ ਸੁੱਟੇ ਪੱਤੇ 'ਚੋਂ 28 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ, ਜਿਸ ਖਿਲਾਫ਼ ਮਾਮਲਾ ਦਰਜ ਕਰ ਲਿਆ ਹੈ।

### ਚਾਇਨਾ ਡੋਰ ਵੇਚਣ ਵਾਲਿਆਂ ਖਿਲਾਫ ਹੋਵੇ ਸਖ਼ਤ ਕਾਰਵਾਈ : ਗਿਰਧਰ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)**- ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਤੇ ਜ਼ਿਲ੍ਹਾ ਕਾਂਗਰਸ ਕਮੇਟੀ ਸ੍ਰੀ ਮੁਕਤਸਰ ਸਾਹਿਬ ਦੇ ਸਾਬਕਾ ਪ੍ਰਧਾਨ ਗੁਰਦਾਸ ਗਿਰਧਰ ਨੇ ਕਿਹਾ ਕਿ ਚਾਇਨਾ ਡੋਰ ਵੇਚਣ ਤੇ ਸਟੋਰ ਕਰਨ ਵਾਲਿਆਂ ਖਿਲਾਫ਼ ਸਖ਼ਤ ਕਾਰਵਾਈ ਹੋਵੇ ਤਾਂ ਜੋ ਇਸ ਨਾਲ ਜਾ ਰਹੀਆਂ ਮਨੁੱਖੀ ਤੇ ਪੰਛੀਆਂ ਦੀਆਂ ਕੀਮਤੀ ਜਾਨਾਂ ਦਾ ਬਚਾਅ ਹੋ ਸਕੇ।ਉਨ੍ਹਾਂ ਕਿਹਾ ਕਿ ਇਹ ਡੋਰ ਐਨੀ ਜ਼ਿਆਦਾ ਖਤਰਨਾਕ ਹੈ ਕਿ ਇਸ ਨਾਲ ਜਿੱਥੇ ਪੰਛੀਆਂ ਤੇ ਜਾਨਵਰਾਂ ਦਾ ਜਾਨੀ ਨੁਕਸਾਨ ਹੁੰਦਾ ਹੈ, ਉੱਥੇ ਹੀ ਮਨੁੱਖਾਂ ਦਾ ਵੀ ਜਾਨੀ ਨੁਕਸਾਨ ਹੋ ਰਿਹਾ ਹੈ, ਅਜੇ ਪਿਛਲੇ ਦਿਨੀਂ ਹੀ ਇੱਕ ਨੌਜਵਾਨ ਦੀ ਚਾਈਨਾ ਡੋਰ ਕਾਰਨ ਮੌਤ ਹੋ ਗਈ।ਉਨ੍ਹਾਂ ਕਿਹਾ ਕਿ ਬਾਜ਼ਾਰਾਂ 'ਚ ਸ਼ਰੇਆਮ ਚਾਈਨਾ ਡੋਰ ਦੀ ਵਿੱਕਰੀ ਹੋ ਰਹੀ ਹੈ, ਪਰ ਪ੍ਰਸ਼ਾਸਨ ਮੂਕ ਦਰਸ਼ਕ ਬਣਿਆ ਹੋਇਆ ਹੈ।ਦੁਕਾਨਦਾਰ ਬੇਖੌਫ਼ ਹੋ ਕੇ ਧੜੱਲੇ ਨਾਲ ਚਾਈਨਾ ਡੋਰ ਵੇਚ ਰਹੇ ਹਨ।ਇਹ ਚਾਈਨਾ ਡੋਰ ਬਾਜ਼ਾਰਾਂ 'ਚ ਕਈ ਵਾਰ ਮੋਟਰਸਾਈਕਲ ਚਾਲਕਾਂ ਦੇ ਗਲ 'ਚ ਫਿਰ ਜਾਂਦੀ ਹੈ, ਜਿਸ ਕਾਰਨ ਲੋਕਾਂ ਦਾ ਜਾਨੀ ਨੁਕਸਾਨ ਹੋ ਜਾਂਦਾ ਹੈ।ਉਨ੍ਹਾਂ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਕਿ ਚਾਈਨਾ ਡੋਰ ਨੂੰ ਸਖ਼ਤੀ ਨਾਲ ਰੋਕਿਆ ਜਾਵੇ।ਦੁਕਾਨਦਾਰਾਂ ਵੱਲੋਂ ਸਟੋਰ ਕੀਤੀ ਚਾਈਨਾ ਡੋਰ ਜ਼ਬਤ ਕਰਕੇ ਇਸ ਨੂੰ ਨਸ਼ਟ ਕੀਤਾ ਜਾਵੇ ਤੇ ਚਾਈਨਾ ਡੋਰ ਵਿਕਰੇਤਾਵਾਂ ਨੂੰ ਵੱਡੇ ਜੁਰਮਾਨੇ ਕੀਤੇ ਜਾਣ।

### ਹਰਜੋਤ ਸਿੰਘ ਦੀ ਕੌਮਾਂਤਰੀ ਤਾਇਕਵਾਂਡੋ ਟੂਰਨਾਮੈਂਟ ਲਈ ਚੋਣ



**ਪਾਤੜਾਂ (ਨਿਸ਼ਾਨ ਸਿੰਘ ਬਟਾਲਾ)**-ਡੀਏਵੀ ਸਕੂਲ ਪਾਤੜਾਂ ਦੇ ਵਿਦਿਆਰਥੀ ਤੇ ਘੱਗਾ ਦੇ ਜੰਮਪਲ ਖਿਡਾਰੀ ਹਰਜੋਤ ਸਿੰਘ ਦੀ ਚੋਣ ਸਾਉਦੀ ਅਰਬ 'ਚ ਹੋਣ ਵਾਲੇ 13ਵੇਂ ਫੁਜੈਰਾ ਓਪਨ ਤਾਇਕਵਾਂਡੋ ਟੂਰਨਾਮੈਂਟ 'ਚ ਦੇਸ਼ ਦੀ ਪ੍ਰਤੀਨਿਧਤਾ ਕਰਨ ਲਈ ਚੋਣ ਹੋਈ ਹੈ।3 ਤੋਂ 5 ਫਰਵਰੀ ਤੱਕ ਹੋਣ ਵਾਲੇ ਇਸ ਟੂਰਨਾਮੈਂਟ ਦੌਰਾਨ ਹਰਜੋਤ ਸਿੰਘ 63 ਕਿੱਲੋ ਭਾਰ ਵਰਗ ਵਿੱਚ ਦੇਸ਼ ਦੀ ਨੁਮਾਇੰਦਗੀ ਕਰੇਗਾ।ਕੋਚ ਜੀਵਨ ਸਿੰਘ ਨੇ ਦੱਸਿਆ ਕਿ ਭਾਰਤੀ ਟੀਮ ਕੋਚ ਹਰਜਿੰਦਰ ਸਿੰਘ ਦੀ ਅਗਵਾਈ 'ਚ ਉਕਤ ਟੂਰਨਾਮੈਂਟ 'ਚ ਹਿੱਸਾ ਲਵੇਗੀ।ਹਰਜੋਤ ਸਿੰਘ ਸਾਬਕਾ ਕਬੱਡੀ ਖਿਡਾਰੀ ਗੁਰਦੀਪ ਸਿੰਘ ਬਿੱਟੀ ਘੱਗਾ ਦਾ ਪੁੱਤਰ ਹੈ।

# ਸੁਖਬੀਰ ਬਾਦਲ ਨੇ ਮਜੀਠੀਆ ਨਾਲ ਜੇਲ੍ਹ 'ਚ ਕੀਤੀ ਮੁਲਾਕਾਤ



**ਨਾਭਾ (ਵਰਿੰਦਰ ਵਰਮਾ)**- ਨਾਭਾ ਦੀ ਨਵੀਂ ਜ਼ਿਲ੍ਹਾ ਜੇਲ੍ਹ ਵਿੱਚ ਬੰਦ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਦੇ ਨਾਲ ਮੁਲਾਕਾਤ ਕਰਨ ਲਈ ਅੱਜ ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਭਾ ਪਹੁੰਚੇ, ਜਿੱਥੇ ਤਕਰੀਬਨ ਉਨ੍ਹਾਂ ਨੇ 40 ਮਿੰਟ ਤੱਕ ਬਿਕਰਮ ਸਿੰਘ ਮਜੀਠੀਆ ਨਾਲ ਮੁਲਾਕਾਤ ਕੀਤੀ।ਜ਼ਿਕਰਯੋਗ ਹੈ ਕਿ ਬੱਬਰ ਖਾਲਸਾ ਵੱਲੋਂ ਵਿਕਰਮ ਮਜੀਠੀਆ ਦੇ ਉੱਪਰ ਜੇਲ੍ਹ ਵਿੱਚ ਹਮਲੇ ਦੀ ਇੰਟੈਲੀਜੈਂਸ ਵੱਲੋਂ ਜਾਰੀ ਕੀਤੀ ਗਈ ਚਿੱਠੀ ਤੋਂ ਬਾਅਦ ਪਹਿਲੀ ਵਾਰ ਸੁਖਬੀਰ ਸਿੰਘ ਬਾਦਲ ਨਾਭਾ ਜੇਲ੍ਹ ਪਹੁੰਚੇ।ਜੇਲ੍ਹ ਤੋਂ ਬਾਹਰ ਆਉਂਦੇ ਹੀ ਸੁਖਬੀਰ ਸਿੰਘ ਬਾਦਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਬਿਕਰਮ ਸਿੰਘ ਮਜੀਠੀਆ ਦੇ ਚੜ੍ਹਦੀ ਕਲਾ ਵਿੱਚ ਹੋਣ ਦਾ ਸੁਨੇਹਾ ਦਿੱਤਾ।ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਵਰਕਰ ਸਰਕਾਰ ਦੀ ਇਸ ਤਰ੍ਹਾਂ ਦੀ ਧੱਕੇਸ਼ਾਹੀ ਤੋਂ ਡਰਨ ਵਾਲੇ ਨਹੀਂ। ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਦੇ ਹੀ ਝੂਠੇ ਮੁਕੱਦਮਿਆਂ ਦੀ ਤੁਰੰਤ ਦੁਬਾਰਾ ਜਾਂਚ ਕਰਵਾਈ ਜਾਵੇਗੀ ਤੇ ਇਸ ਤਰ੍ਹਾਂ ਸਰਕਾਰ ਦਾ ਸਾਥ ਦੇਣ ਵਾਲੇ ਅਧਿਕਾਰੀਆਂ ਖਿਲਾਫ ਕਾਰਵਾਈ ਵੀ ਕੀਤੀ ਜਾਵੇਗੀ।ਐੱਸ ਵਾਈ ਐੱਲ ਦੇ ਮੁੱਦੇ 'ਤੇ ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਦੀ ਆਲੋਚਨਾ ਕਰਦੇ ਹੋਏ ਕਿਹਾ ਕਿ ਮੁੱਖ ਮੰਤਰੀ ਪੰਜਾਬ ਵੱਲੋਂ ਹਰਿਆਣਾ ਦੇ ਮੁੱਖ ਮੰਤਰੀ ਨਾਲ ਕੀਤੀ ਗਈ ਮੀਟਿੰਗ ਹੀ ਮੁੱਦਾਹੀਣ ਹੈ, ਕਿਉਂਕਿ ਪੰਜਾਬ ਕੋਲ ਨਾ ਤਾਂ ਵਾਧੂ ਪਾਣੀ ਹੈ ਅਤੇ ਨਾ ਹੀ ਇਹ ਜ਼ਮੀਨ ਹੁਣ ਸਰਕਾਰ ਦੀ ਰਹੀ ਹੈ। ਉਨ੍ਹਾਂ ਕਿਹਾ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਪੰਜਾਬ ਦੇ ਪਾਣੀਆਂ 'ਤੇ ਸਪੱਸ਼ਟ ਸਟੈਂਡ ਲਿਆ ਗਿਆ ਸੀ, ਇਸ ਤਰ੍ਹਾਂ ਦਾ ਹੀ ਸਟੈਂਡ ਮੌਜੂਦਾ ਮੁੱਖ ਮੰਤਰੀ ਭਗਵੰਤ ਮਾਨ ਨੂੰ ਲੈਣਾ ਪਵੇਗਾ।ਪੰਜਾਬ ਵਿੱਚ ਗੈਂਗਵਾਰ ਦੀ ਘਟਨਾਵਾਂ ਦੇ ਸਵਾਲ 'ਤੇ ਉਨ੍ਹਾਂ ਕਿਹਾ ਕਿ ਜਦੋਂ ਪੰਜਾਬ ਦਾ ਗ੍ਰਹਿ ਵਿਭਾਗ ਉਨ੍ਹਾਂ ਕੋਲ ਸੀ ਤਾਂ ਭਗਵੰਤ ਮਾਨ ਵੱਲੋਂ ਉਨ੍ਹਾਂ ਉੱਪਰ ਕਈ ਵਾਰ ਉਂਗਲ ਚੁੱਕੀ ਗਈ ਸੀ ਤੇ ਹੁਣ ਪੰਜਾਬ ਵਿੱਚ ਰੋਜ਼ਾਨਾ ਕਈ ਗੈਂਗਵਾਰ ਦੀ ਘਟਨਾਵਾਂ ਵਾਪਰ ਰਹੀਆਂ ਹਨ, ਇਸ ਦੀ ਜ਼ਿੰਮੇਵਾਰੀ ਵੀ ਮੁੱਖ ਮੰਤਰੀ ਭਗਵੰਤ ਮਾਨ ਦੀ ਹੈ।ਸੁਖਬੀਰ ਸਿੰਘ ਬਾਦਲ ਦੀ ਨਾਭਾ ਮੁਲਾਕਾਤ ਦੌਰਾਨ ਜੇਲ੍ਹ ਦੇ ਬਾਹਰ ਹਲਕਾ ਇੰਚਾਰਜ ਮੱਖਣ ਸਿੰਘ ਲਾਲਕਾ, ਸ਼੍ਰੋਮਣੀ ਅਕਾਲੀ ਦਲ ਸ਼ਹਿਰੀ ਪ੍ਰਧਾਨ ਗੁਰਸੇਵਕ ਸਿੰਘ ਗੋਲੂ, ਵਰੁਣ ਜੈਨ ਸਮੇਤ ਅਕਾਲੀ ਦਲ ਦੇ ਹੋਰ ਆਗੂ ਮੌਜੂਦ ਸਨ ।

# ਅਕਾਸ਼ਦੀਪ ਸਿੰਘ 'ਤੇ ਜਾਨਲੇਵਾ ਹਮਲੇ ਖਿਲਾਫ ਐੱਸ ਐੱਚ ਓ ਨੂੰ ਸੌਂਪੀ ਦਰਖਾਸਤ



**ਮੋਗਾ (ਇਕਬਾਲ ਸਿੰਘ ਖਹਿਰਾ)**-ਪਿੰਡ ਪੰਜਗਰਾਈਂ ਖੁਰਦ ਵਿਖੇ ਕਈ ਦਿਨ ਪਹਿਲਾਂ ਅਕਾਸ਼ਦੀਪ ਸਿੰਘ ਉੱਪਰ ਜਾਨਲੇਵਾ ਹਮਲਾ ਕਰਕੇ ਗੰਭੀਰ ਰੂਪ ਵਿੱਚ ਜ਼ਖਮੀਂ ਕਰਨ ਵਾਲੇ ਮੁਲਜ਼ਮਾਂ ਖਿਲਾਫ ਦੋ ਹਫਤੇ ਬਾਅਦ ਵੀ ਬਣਦੀ ਕਾਨੂੰਨੀ ਕਾਰਵਾਈ ਨਾ ਹੋਣ 'ਤੇ ਨੌਜਵਾਨ ਭਾਰਤ ਸਭਾ ਦੀ ਅਗਵਾਈ ਹੇਠ ਪਿੰਡ ਵਾਸੀਆਂ ਨੇ ਥਾਣਾ ਸਮਾਲਸਰ ਵਿਖੇ ਐੱਸ ਐੱਚ ਓ ਸਮਾਲਸਰ ਦੇ ਨਾਮ ਮੌਜੂਦ ਪੁਲਸ ਅਧਿਕਾਰੀਆਂ ਨੂੰ ਦਰਖਾਸਤ ਸੌਂਪੀ ਤੇ ਮੰਗ ਕੀਤੀ ਕਿ ਦੋਸ਼ੀਆਂ ਖਿਲਾਫ ਇਰਾਦਾ ਕਤਲ ਦਾ ਪਰਚਾ ਦਰਜ ਕਰਕੇ ਗ੍ਰਿਫਤਾਰ ਕੀਤਾ ਜਾਵੇ।ਨੌਜਵਾਨ ਭਾਰਤ ਸਭਾ ਦੇ ਸੂਬਾ ਮੀਤ ਪ੍ਰਧਾਨ ਕਰਮਜੀਤ ਮਾਣੂੰਕੇ, ਇਲਾਕਾ ਬਾਘਾ ਪੁਰਾਣਾ ਦੇ ਪ੍ਰਧਾਨ ਜਗਦੀਪ ਸਿੰਘ ਲੰਗੇਆਣਾ, ਜੱਸਾ ਲੰਗੇਆਣਾ ਨੇ ਦੱਸਿਆ ਕਿ ਅਕਾਸ਼ਦੀਪ, ਜਿਸ ਦੇ ਸਿਰ ਵਿੱਚ ਮੁਲਜ਼ਮਾਂ ਨੇ ਤੇਜ਼ਧਾਰ ਹਥਿਆਰ ਨਾਲ ਜਾਨਲੇਵਾ ਹਮਲਾ ਕੀਤਾ, ਉਨ੍ਹਾਂ ਖਿਲਾਫ ਸਿਰਫ 23 ਦੀ ਰਪਟ ਹੀ ਕੀਤੀ ਹੈ ਤੇ ਮੁਲਜ਼ਮਾਂ ਨੂੰ ਥਾਣੇ ਤੱਕ ਵੀ ਨਹੀਂ ਬੁਲਾਇਆ ਗਿਆ।ਅਕਾਸ਼ਦੀਪ ਨੂੰ ਹਾਲਤ ਗੰਭੀਰ ਹੋਣ ਕਰਕੇ ਸਿਵਲ ਹਸਪਤਾਲ ਮੋਗਾ ਤੋਂ ਮੈਡੀਕਲ ਫਰੀਦਕੋਟ ਤੇ ਉਥੋਂ ਏਮਜ ਬਠਿੰਡਾ ਰੈਫਰ ਕੀਤਾ ਗਿਆ, ਜੋ ਹਾਲੇ ਵੀ ਏਮਜ ਬਠਿੰਡਾ ਵਿਖੇ ਜ਼ੇਰੇ ਇਲਾਜ ਹੈ।ਪੁਲਸ ਨੇ ਹਾਲੇ ਤੱਕ ਡਾਕਟਰਾਂ ਤੋਂ ਰਾਏ ਲੈ ਕੇ ਮੁਕੱਦਮੇ ਵਿੱਚ ਵਾਧਾ ਨਹੀਂ ਕੀਤਾ।ਉਨ੍ਹਾਂ ਕਿਹਾ ਕਿ ਥਾਣਾ ਸਮਾਲਸਰ ਦੇ ਪੁਲਸ ਮੁਲਾਜ਼ਮ ਰਾਜੇਸ਼ ਕੁਮਾਰ, ਜੋ ਇਸ ਮਸਲੇ ਨੂੰ ਦੇਖ ਰਿਹਾ ਹੈ, ਉਸ ਦਾ ਪਰਿਵਾਰ ਨਾਲ ਰਵੱਈਆ ਠੀਕ ਨਹੀਂ ਹੈ।ਉਸ ਦੀ ਵੀ ਸ਼ਿਕਾਇਤ ਦਰਜ ਕਰਵਾਈ ਹੈ।ਜੇਕਰ ਇਨਸਾਫ ਨਾ ਮਿਲਿਆ ਤਾਂ ਅਗਲੀ ਵਿਉਂਤਬੰਦੀ ਕੀਤੀ ਜਾਵੇਗੀ।

# ਮੈਡੀਕਲ ਸਟੋਰ ਤੋਂ 4600 ਤੋਂ ਵੱਧ ਨਸ਼ੀਲੀਆਂ ਗੋਲੀਆਂ ਤੇ ਕੈਪਸੂਲ ਬਰਾਮਦ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪੁਲਸ ਨੂੰ ਵੀਰਵਾਰ ਉਸ ਸਮੇਂ ਵੱਡੀ ਸਫ਼ਲਤਾ ਮਿਲੀ ਜਦੋਂ ਬੱਸ ਸਟੈਂਡ ਰੋਡ 'ਤੇ ਸਥਿਤ ਇੱਕ ਮੈਡੀਕਲ ਸਟੋਰ ਤੋਂ ਛਾਪੇਮਾਰੀ ਦੌਰਾਨ 4600 ਤੋਂ ਵੱਧ ਨਸ਼ੀਲੀਆਂ ਗੋਲੀਆਂ ਤੇ ਕੈਪਸੂਲ ਬਰਾਮਦ ਹੋਏ। ਪੁਲਸ ਨੇ ਇਸ ਸਬੰਧੀ ਸੁਖਦੇਵ ਸਿੰਘ ਤੇ ਦੁਕਾਨ 'ਤੇ ਕੰਮ ਕਰਨ ਵਾਲੇ ਨੌਕਰ ਨੂੰ ਹਿਰਾਸਤ ਵਿੱਚ ਲੈ ਲਿਆ ਹੈ। ਇਸ ਸਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਡੀ.ਐੱਸ.ਪੀ. ਸਮਰਾਲਾ ਤਰਲੋਚਨ ਸਿੰਘ ਨੇ ਦੱਸਿਆ ਕਿ ਥਾਣਾ ਸਮਰਾਲਾ ਦੇ ਮੁਖੀ ਹਰਵਿੰਦਰ ਸਿੰਘ ਨੂੰ ਇੱਕ ਗੁਪਤ ਸੂਚਨਾ ਮਿਲੀ ਸੀ ਕਿ ਇੱਥੇ ਇੱਕ ਮੈਡੀਕਲ ਸਟੋਰ 'ਤੇ ਨਸ਼ੀਲੀਆਂ ਦਵਾਈਆਂ ਵਿਕ ਰਹੀਆਂ ਹਨ, ਜਿਸ 'ਤੇ ਕਾਰਵਾਈ ਕਰਦਿਆਂ ਉੱਥੋਂ 2000 ਨਸ਼ੀਲੀਆਂ ਗੋਲੀਆਂ ਤੇ ਕੈਪਸੂਲ ਬਰਾਮਦ ਹੋਏ।

ਇਸ ਜਾਂਚ ਨੂੰ ਅੱਗੇ ਵਧਾਇਆ ਗਿਆ ਤਾਂ ਪਤਾ ਲੱਗਾ ਕਿ ਮਾਛੀਵਾੜਾ ਵਿੱਚ ਵੀ ਇੱਕ ਮੈਡੀਕਲ ਸਟੋਰ 'ਤੇ ਨਸ਼ੀਲੀਆਂ ਗੋਲੀਆਂ ਤੇ ਕੈਪਸੂਲ ਸਪਲਾਈ ਹੁੰਦੇ ਹਨ, ਜਿਸ 'ਤੇ ਅੱਜ ਸਮਰਾਲਾ ਪੁਲਸ, ਸੀ.ਆਈ.ਏ. ਸਟਾਫ਼ ਖੰਨਾ ਦੇ ਇੰਚਾਰਜ ਅਕਾਸ਼ ਦੱਤ, ਡਰੱਗ ਇੰਸਪੈਕਟਰ ਅਮਰਜੀਤ ਸਿੰਘ ਵੱਲੋਂ ਇੱਕ ਸਾਂਝਾ ਆਪ੍ਰੇਸ਼ਨ ਚਲਾ ਕੇ ਛਾਪੇਮਾਰੀ ਕੀਤੀ ਗਈ। ਮਾਛੀਵਾੜਾ ਦੇ ਮੈਡੀਕਲ ਸਟੋਰ ਤੋਂ ਛਾਪੇਮਾਰੀ ਦੌਰਾਨ 2695 ਕੈਪਸੂਲ ਤੇ 2000 ਗੋਲੀਆਂ ਮਿਲੀਆਂ, ਜੋ ਕਿ ਨਸ਼ੇ ਦੇ ਤੌਰ 'ਤੇ ਵਰਤੀਆਂ ਜਾਂਦੀਆਂ ਹਨ। ਪੁਲਸ ਵੱਲੋਂ ਇਸ ਮੈਡੀਕਲ ਸਟੋਰ 'ਤੇ ਬੈਠੇ ਵਿਅਕਤੀ ਸੁਖਦੇਵ ਸਿੰਘ ਤੇ ਦੁਕਾਨ 'ਤੇ ਕੰਮ ਕਰਨ ਵਾਲੇ ਵਿਅਕਤੀ ਨੂੰ ਪੁੱਛਗਿੱਛ ਲਈ ਹਿਰਾਸਤ ਵਿੱਚ ਲੈ ਲਿਆ ਹੈ। ਡੀ.ਐੱਸ.ਪੀ. ਸਮਰਾਲਾ ਨੇ ਦੱਸਿਆ ਕਿ ਇਹ ਮੈਡੀਕਲ ਸਟੋਰ ਕਿਸ ਦੇ ਨਾਮ 'ਤੇ ਚੱਲਦਾ ਹੈ, ਇਸ ਦੀ ਵੀ ਜਾਂਚ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਹੁਣ ਇਸ ਜਾਂਚ ਨੂੰ ਅੱਗੇ ਵਧਾਇਆ ਜਾਵੇਗਾ ਤਾਂ ਜੋ ਪਤਾ ਲੱਗ ਸਕੇ ਕਿ ਇਹ ਮੈਡੀਕਲ ਨਸ਼ਾ ਕਿੱਥੋਂ ਆ ਰਿਹਾ ਹੈ।

# ਦਸ ਲੱਖ ਸਿਹਤ ਬੀਮਾ ਯੋਜਨਾ ਦੇਣਾ ਮਾਨ ਸਰਕਾਰ ਦਾ ਸ਼ਲਾਘਾਯੋਗ ਕਦਮ : ਪੱਤੋ, ਮਾਛੀਕੇ



**ਬੱਧਨੀ ਕਲਾਂ (ਨਛੱਤਰ ਸੰਧੂ)**-ਅੱਜ ਤੋਂ ਪੰਜਾਬ ਸਰਕਾਰ ਦੁਆਰਾ ਮੁਫ਼ਤ ਸਿਹਤ ਯੋਜਨਾ ਸ਼ੁਰੂ ਕਰ ਦਿੱਤਾ ਗਿਆ ਹੈ, ਜਿਸ ਬਾਰੇ ਪ੍ਰੈੱਸ ਨਾਲ ਗੱਲਬਾਤ ਕਰਨ ਸਮੇਂ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਤੇ ਸੰਮਤੀ ਮੈਂਬਰ ਡਾ. ਕੁਲਵੰਤ ਸਿੰਘ ਗਰੇਵਾਲ ਤੇ ਡਾ. ਜਗਦੇਵ ਸਿੰਘ ਬੱਬੂ ਮਾਛੀਕੇ ਸੋਸ਼ਲ ਮੀਡੀਆ ਹਲਕਾ ਇੰਚਾਰਜ ਨੇ ਕਿਹਾ ਕਿ ਇਸ ਸਹੂਲਤ ਨਾਲ ਕੋਈ ਵੀ ਗਰੀਬ ਇਲਾਜ ਖੁਣੋਂ ਨਹੀਂ ਰਹੇਗਾ ਤੇ ਪੰਜਾਬ ਦੇ ਬਹੁਤ ਵਧੀਆ ਨਿੱਜੀ ਹਸਪਤਾਲਾਂ ਵਿੱਚ ਇਹ ਕਾਰਡ ਚੱਲੇਗਾ। ਹਰ ਇੱਕ ਨਾਗਰਿਕ ਆਪਣਾ ਇਲਾਜ ਕਰਵਾ ਸਕੇਗਾ ਤੇ ਨਾਲ ਹੀ ਉਨ੍ਹਾਂ ਕਿਹਾ ਇਹ ਕਾਰਡ ਆਮ ਆਦਮੀ ਪਾਰਟੀ ਦੀ ਯੂਥ ਕਲੱਬ ਤੇ ਆਮ ਆਦਮੀ ਪਾਰਟੀ ਦੀ ਟੀਮ ਘਰ ਘਰ ਜਾ ਕੇ ਬਣਾ ਕੇ ਆਵੇਗੀ। ਉਨ੍ਹਾਂ ਕਿਹਾ ਕਿ ਸ੍ਰ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦਾ ਕਹਿਣਾ ਹੈ ਕਿ ਕੋਈ ਵੀ ਵਿਅਕਤੀ ਇਸ ਸਕੀਮ ਤੋਂ ਵਾਂਝਾ ਨਹੀਂ ਰਹਿਣਾ ਚਾਹੀਦਾ ਤੇ ਨਾਲ ਹੀ ਉਨ੍ਹਾਂ ਕਿਹਾ ਕਿ ਹਲਕਾ ਨਿਹਾਲ ਸਿੰਘ ਵਾਲਾ ਵਿੱਚ ਵੀ ਸ੍ਰ. ਮਨਜੀਤ ਸਿੰਘ ਬਿਲਾਸਪੁਰ ਵਿਧਾਇਕ ਨਿਹਾਲ ਸਿੰਘ ਵਾਲਾ ਦੀ ਅਗਵਾਈ ਵਿੱਚ ਯੂਥ ਕਲੱਬਾਂ ਹਰ ਪਿੰਡ ਵਿੱਚ ਘਰ ਘਰ ਜਾ ਕੇ ਬਣਾ ਰਹੇ ਹਨ, ਸਾਰੇ ਲੋਕਾਂ ਨੂੰ ਅਪੀਲ ਕੀਤੀ ਸਾਰੇ ਇਸ ਸਕੀਮ ਤਹਿਤ ਆਪਣੇ ਕਾਰਡ ਬਣਾਉਣ।

# ਮੈਡਮ ਖੁਸ਼ਬੂ ਸਵਨਾ ਨੇ ਬਾਬਾ ਰਾਮਦੇਵ ਮੰਦਰ 'ਚ ਮੱਥਾ ਟੇਕਿਆ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਵਿਧਾਇਕ ਫਾਜ਼ਿਲਕਾ ਸ੍ਰੀ ਨਰਿੰਦਰ ਪਾਲ ਸਿੰਘ ਸਵਨਾ ਦੀ ਧਰਮ ਪਤਨੀ ਮੈਡਮ ਖੁਸ਼ਬੂ ਸਵਨਾ ਨੇ ਵਣ ਵਾਲਾ ਵਿਖੇ ਬਾਬਾ ਰਾਮਦੇਵ ਮੰਦਰ ਫਾਜ਼ਿਲਕਾ ਵਿਖੇ ਮੱਥਾ ਟੇਕਿਆ ਤੇ ਫਾਜ਼ਿਲਕਾ ਵਾਸੀਆਂ ਦੇ ਭਲੇ ਦੀ ਅਰਦਾਸ ਕੀਤੀ। ਮੈਡਮ ਖੁਸ਼ਬੂ ਸਵਨਾ ਨੇ ਕਿਹਾ ਕਿ ਹਰ ਸਾਲ ਬਾਬਾ ਰਾਮਦੇਵ ਜੀ ਦੇ ਮੰਦਰ ਵਿਖੇ ਇਹ ਮੇਲਾ ਲਗਦਾ ਹੈ ਤੇ ਫਾਜ਼ਿਲਕਾ ਵਾਸੀ ਵਡੀ ਗਿਣਤੀ ਵਿਚ ਪਹੁੰਚਦੇ ਹਨ। ਉਨ੍ਹਾਂ ਕਿਹਾ ਕਿ ਲੋਕਾਂ ਦੀ ਬਾਬਾ ਜੀ ਪ੍ਰਤੀ ਬਹੁਤ ਸ਼ਰਧਾ ਤੇ ਆਸਥਾ ਹੈ ਤੇ ਬਾਬਾ ਜੀ ਨੇ ਆਪਣੇ ਭਗਤਾਂ ਦੀਆਂ ਸਦਾ ਮਨੋਕਾਮਨਾਵਾਂ ਪੂਰੀਆਂ ਕੀਤੀਆਂ ਹਨ। ਉਨ੍ਹਾਂ ਬਾਬਾ ਜੀ ਅੱਗੇ ਅਰਦਾਸ ਕੀਤੀ ਕਿ ਫਾਜ਼ਿਲਕਾ ਵਾਸੀ ਇਸੇ ਤਰ੍ਹਾਂ ਖੁਸ਼ ਰਹਿਣ ਤੇ ਪ੍ਰਗਤੀ ਕਰਦੇ ਰਹਿਣ।

# ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਵਿਗਿਆਨਕ ਵੱਲੋਂ ਨਵੇਂ ਸਾਲ ਦਾ ਕੈਲੰਡਰ ਜਾਰੀ



**ਜਲਾਲਾਬਾਦ (ਜੀਤ ਕੁਮਾਰ)**- ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਵਿਗਿਆਨਕ ਦੇ ਵੱਡੀ ਗਿਣਤੀ ਵਿੱਚ ਇਕੱਤਰ ਅਧਿਆਪਕਾਂ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹਾਦਤ ਵਰ੍ਹੇ ਨੂੰ ਸਮਰਪਤ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਵਿਗਿਆਨਕ ਦਾ ਨਵੇਂ ਸਾਲ 2026 ਦਾ ਕੈਲੰਡਰ ਜਾਰੀ ਕੀਤਾ ਗਿਆ। ਇਸ ਮੌਕੇ ਸੂਬਾ ਜਨਰਲ ਸਕੱਤਰ ਸੁਰਿੰਦਰ ਕੰਬੋਜ ਤੇ ਮੁਲਾਜ਼ਮ ਆਗੂ ਹਰਭਜਨ ਸਿੰਘ ਖੁੰਗਰ ਨੇ ਜ਼ਿਲ੍ਹੇ ਦੇ ਸਮੂਹ ਮੁਲਾਜ਼ਮਾਂ ਨੂੰ ਭਵਿੱਖ ਦੇ ਸੰਘਰਸ਼ੀ ਪ੍ਰੋਗਰਾਮਾਂ ਵਿੱਚ ਕੁੱਦਣ ਦਾ ਸੱਦਾ ਦਿੱਤਾ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਜਿਸ ਤਰ੍ਹਾਂ ਚਾਰ ਸਾਲ ਤੋਂ ਪੰਜਾਬ ਸਰਕਾਰ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਦੇ ਲਾਰੇ ਲਗਾ ਰਹੀ ਹੈ। 37 ਤਰ੍ਹਾਂ ਦੇ ਭੱਤੇ ਬੰਦ ਕੀਤੇ ਹੋਏ ਹਨ, ਛੇਵੇਂ ਪੇ ਕਮਿਸ਼ਨ ਦੇ ਪੂਰੇ ਲਾਭ ਨਹੀਂ ਦਿੱਤੇ ਗਏ, ਡੀਏ ਦੇ ਬਕਾਏ ਜਿਉਂ ਦੇ ਤਿਉਂ ਖੜੇ ਹਨ, ਜਦੋਂ ਕਿ ਕੇਂਦਰ ਸਰਕਾਰ ਨੇ ਅੱਠਵਾਂ ਪੇ ਕਮਿਸ਼ਨ ਵੀ ਨਵੀਆਂ ਤਨਖਾਹਾਂ ਫਿਕਸ ਕਰਨ ਲਈ ਬਣਾ ਦਿੱਤਾ ਹੈ। ਪੰਜਾਬ ਦੇ ਮੁਲਾਜ਼ਮ ਆਰਥਿਕ ਪੱਖੋਂ ਪਛਾਖੜੀ ਰਹਿ ਗਏ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਗੰਭੀਰ ਮੁੱਦਿਆਂ 'ਤੇ ਆਉਣ ਵਾਲੀ 12 ਫਰਵਰੀ 2026 ਨੂੰ ਕੇਂਦਰ ਦੀਆਂ ਟਰੇਡ ਯੂਨੀਅਨ ਦੁਆਰਾ ਦਿੱਤੇ ਗਏ ਹੜਤਾਲ ਦੇ ਪ੍ਰੋਗਰਾਮ ਵਿੱਚ ਸਮੂਹ ਮੁਲਾਜ਼ਮ ਵਰਗ ਡੱਟ ਕੇ ਹਿੱਸਾ ਲਵੇ। ਅਧਿਆਪਕ ਆਗੂਆਂ ਮੇਜਰ ਸਿੰਘ, ਰੇਸ਼ਮ ਸਿੰਘ, ਕਪਲ ਕਪੂਰ, ਰਾਜੀਵ ਕੁਮਾਰ, ਅਸ਼ੋਕ ਕੁਮਾਰ, ਬਲਜਿੰਦਰ ਕੁਮਾਰ, ਪ੍ਰੇਮ ਸਿੰਘ, ਰੋਤਾਸ ਕੁਮਾਰ, ਇੱਕਬਾਲ ਚੰਦ, ਪ੍ਰੇਮ ਚੰਦ, ਸੁਖਵਿੰਦਰ ਸਿੰਘ ਤੇ ਹੋਰ ਆਗੂਆਂ ਨੇ 5 ਫਰਵਰੀ ਨੂੰ ਸਕੂਲ ਟੀਚਰਜ਼ ਫੈਡਰੇਸ਼ਨ ਆਫ ਇੰਡੀਆ ਵੱਲੋਂ ਨਵੀਂ ਦਿੱਲੀ ਵਿੱਚ ਕੀਤੇ ਜਾ ਰਹੇ ਪਾਰਲੀਮੈਂਟ ਮਾਰਚ ਵਿੱਚ ਗੌਰਮਿੰਟ ਟੀਚਰਜ਼ ਯੂਨੀਅਨ ਵਿਗਿਆਨਕ ਵੱਲੋਂ ਪੰਜਾਬ ਦੇ ਅਧਿਆਪਕ ਵੱਡੀ ਗਿਣਤੀ ਵਿੱਚ ਪਹੁੰਚਣ ਦੀ ਅਪੀਲ ਕੀਤੀ। ਇਸ ਮੌਕੇ ਸੁਭਾਸ਼ ਚੰਦਰ, ਜਤਿੰਦਰ ਨਾਗਪਾਲ, ਰਾਜੇਸ਼ ਮਿੱਢਾ, ਸੰਜੀਵ ਕੁਮਾਰ, ਓਮ ਪ੍ਰਕਾਸ਼, ਗੁਰਿੰਦਰ ਸਿੰਘ, ਹਰੀਸ਼ ਕੁਮਾਰ, ਰਾਜ ਕੁਮਾਰ, ਰਜਨੀਸ਼ ਕੁਮਾਰ, ਮਨਜੀਤ ਪਾਲ, ਰਵਿੰਦਰ ਕੁਮਾਰ, ਗਗਨਦੀਪ, ਅਰੁਣ ਕੁਮਾਰ ਲੂਣਾ, ਤਰਸੇਮ ਪਾਲ, ਹਰਭਜਨ ਲਾਲ, ਪਰਮਜੀਤ ਆਦਿ ਅਧਿਆਪਕ ਆਗੂ ਸ਼ਾਮਲ ਸਨ।

# ਹੌਲਦਾਰ ਕਤਲ ਮਾਮਲੇ 'ਚ 7 ਦੋਸ਼ੀ 36 ਘੰਟਿਆਂ 'ਚ ਗ੍ਰਿਫ਼ਤਾਰ

## ਖਾਣ-ਪੀਣ ਦੇ ਸਾਮਾਨ ਦੀ ਅਦਾਇਗੀ ਕਾਰਨ ਹੋਇਆ ਸੀ ਝਗੜਾ



**ਨਾਭਾ (ਵਰਿੰਦਰ ਵਰਮਾ)**-ਨਾਭਾ ਵਿਖੇ ਪਿਛਲੇ ਦਿਨੀਂ ਅਮਨਦੀਪ ਸਿੰਘ ਹੌਲਦਾਰ ਕਤਲ ਕੇਸ ਵਿੱਚ ਪੁਲਸ ਨੇ 36 ਘੰਟਿਆਂ ਦੇ ਅੰਦਰ ਅੰਦਰ ਸਾਰੇ ਸੱਤ ਮੁਲਜ਼ਮਾਂ ਨੂੰ ਵੱਖ ਵੱਖ ਥਾਵਾਂ ਤੋਂ ਗ੍ਰਿਫ਼ਤਾਰ ਕਰ ਲਿਆ ਹੈ।ਐੱਸ ਐੱਸ ਪੀ ਪਟਿਆਲਾ ਸ੍ਰੀ ਵਰੁਣ ਸ਼ਰਮਾ ਵੱਲੋਂ ਕੀਤੀ ਪ੍ਰੈੱਸ ਵਾਰਤਾ ਅਨੁਸਾਰ ਦੱਸਿਆ ਗਿਆ ਕਿ ਖਾਣ-ਪੀਣ ਦੇ ਸਾਮਾਨ ਦੀ ਅਦਾਇਗੀ ਕਾਰਨ ਝਗੜੇ ਵਿੱਚ ਹੌਲਦਾਰ ਅਮਨਦੀਪ ਸਿੰਘ ਦੀ ਮੌਤ ਹੋ ਗਈ ਸੀ ਤੇ ਉਸ ਦਾ ਭਰਾ ਨਵਦੀਪ ਸਿੰਘ ਵੀ ਜ਼ਖ਼ਮੀ ਹੋ ਗਿਆ।ਪੁਲਸ ਅਨੁਸਾਰ ਮੈਹਸ ਗੇਟ ਬਾਜ਼ਾਰ ਵਿੱਚ ਮ੍ਰਿਤਕ ਤੇ ਉਸ ਦੇ ਭਰਾ ਵੱਲੋਂ ਦੁਕਾਨ 'ਤੇ ਬਰਗਰ ਤੇ ਸੈਂਡਵਿੱਚ ਖਾਣ ਮਗਰੋਂ ਉਨ੍ਹਾਂ ਦੇ ਪੈਸੇ ਦੇਣ ਤੋਂ ਪਹਿਲਾਂ ਹੀ ਨੇੜੇ ਖੜੇ ਗਾਹਕ ਨੇ ਉਨ੍ਹਾਂ ਨੂੰ ਪੈਸੇ ਦੇਣ ਨੂੰ ਕਿਹਾ।ਇਸ ਗੱਲ ਤੋਂ ਦੋਹਾਂ ਧਿਰਾਂ ਵਿੱਚ ਬਹਿਸ ਹੋ ਗਈ ਤੇ ਦੂਜੇ ਗਾਹਕ ਨੇ ਆਪਣੇ ਸਾਥੀ ਬੁਲਾ ਲਏ, ਜਿਨ੍ਹਾਂ ਨੇ ਅਮਨਦੀਪ ਦੇ ਢਿੱਡ 'ਚ ਕਥਿਤ ਕਿਰਚ ਮਾਰ ਕੇ ਉਸ ਦਾ ਕਤਲ ਕਰ ਦਿੱਤਾ।ਵਾਰਦਾਤ ਮੌਕੇ ਅਮਨਦੀਪ ਪੁਲਸ ਵਰਦੀ ਵਿੱਚ ਨਹੀਂ ਸੀ।ਇਸ ਲੜਾਈ ਦੌਰਾਨ ਨਵਦੀਪ ਦੇ ਵੀ ਸਿਰ 'ਤੇ ਸੱਟ ਵੱਜੀ ਤੇ ਉਹ ਇਲਾਜ ਅਧੀਨ ਹੈ।ਪੁਲਸ ਨੇ ਦੱਸਿਆ ਕਿ ਦੁਕਾਨਦਾਰ ਤੇ ਮ੍ਰਿਤਕਾਂ ਵਿਚਾਲੇ ਕੋਈ ਦੁਸ਼ਮਣੀ ਨਹੀਂ ਸੀ।ਵਾਰਦਾਤ ਤੋਂ ਕੁਝ ਹੀ ਘੰਟਿਆਂ ਵਿੱਚ ਪੁਲਸ ਨੇ ਦੋ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਸੀ।ਐੱਸਐੱਸਪੀ ਪਟਿਆਲਾ ਨੇ ਦੱਸਿਆ ਕਿ ਕੁਝ ਮੁਲਜ਼ਮ ਹੋਰ ਸੂਬਿਆਂ ਵਿੱਚ ਫ਼ਰਾਰ ਹੋ ਗਏ ਸਨ ਅਤੇ ਤੁਰੰਤ ਟੀਮਾਂ ਕਾਇਮ ਕਰਕੇ ਉਨ੍ਹਾਂ ਨੂੰ ਉਥੋਂ ਲਿਆਂਦਾ ਗਿਆ ਹੈ।ਉਨ੍ਹਾਂ ਦਾ ਕਹਿਣਾ ਹੈ ਕਿ ਜ਼ਿਆਦਾਤਰ ਦੋਸ਼ੀ ਬੌੜਾਂ ਗੇਟ ਨਜ਼ਦੀਕ ਬਸਤੀ ਦੇ ਵਸਨੀਕ ਹਨ ਤੇ ਇੱਕ ਘੁਮਿਆਰਾ ਵਾਲੇ ਮੁਹੱਲੇ ਦਾ ਹੈ।ਐੱਸ ਐੱਸ ਪੀ ਵਰੁਣ ਸ਼ਰਮਾ ਨੇ ਕਿਹਾ ਕਿ ਮੁਲਜ਼ਮਾਂ ਨੂੰ ਸਖ਼ਤ ਸਜ਼ਾ ਦਿਵਾਈ ਜਾਵੇਗੀ।ਇਸ ਮੌਕੇ ਉਨ੍ਹਾਂ ਕ੍ਰਾਈਮ ਕਰਨ ਵਾਲੇ ਅਨਸਰਾਂ ਨੂੰ ਸਖਤ ਤਾੜਨਾ ਕਰਦਿਆਂ ਕਿਹਾ ਕਿ ਕੋਈ ਵੀ ਗੈਰ-ਕਾਨੂੰਨੀ ਕੰਮ ਕਰਨ ਵਾਲਾ ਵਿਅਕਤੀ ਪਟਿਆਲਾ ਪੁਲਸ ਦੀ ਗ੍ਰਿਫ਼ਤ ਵਿੱਚੋਂ ਨਹੀਂ ਬਚ ਸਕੇਗਾ।

# ਮਜ਼ਦੂਰ ਜਥੇਬੰਦੀਆਂ ਵੱਲੋਂ ਲਾਲਾ ਲਾਜਪਤ ਰਾਏ ਨੂੰ ਸ਼ਰਧਾਂਜਲੀ ਭੇਟ



**ਮੋਗਾ (ਇਕਬਾਲ ਸਿੰਘ ਖਹਿਰਾ)**-ਮਾਲਵੇ ਦੇ ਉੱਘੇ ਮਜ਼ਦੂਰ ਆਗੂ ਵਿਜੇ ਧੀਰ ਐਡਵੋਕੇਟ ਨਾਲ ਸੰਬੰਧਤ ਮਜ਼ਦੂਰ ਜਥੇਬੰਦੀਆਂ ਨੇ ਇਥੇ ਈ ਰਿਕਸ਼ਾ ਮਜ਼ਦੂਰ ਸੰਘ ਦੇ ਦਫ਼ਤਰ ਦੇ ਅਹਾਤੇ ਵਿੱਚ ਪ੍ਰਧਾਨ ਵਿਜੇ ਧੀਰ ਐਡਵੋਕੇਟ ਦੀ ਅਗਵਾਈ ਵਿੱਚ ਭਾਰਤ ਦੀ ਆਜ਼ਾਦੀ ਅੰਦੋਲਨ ਦੇ ਮਹਾਂਨਾਇਕ ਪੰਜਾਬ ਕੇਸਰੀ ਲਾਲਾ ਲਾਜਪਤ ਰਾਏ ਦਾ 162ਵਾਂ ਜਨਮ ਦਿਹਾੜਾ ਬੜੀ ਸ਼ਰਧਾ ਨਾਲ ਮਨਾਇਆ।ਇਸ ਮੌਕੇ ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਪ੍ਰਵੀਨ ਕੁਮਾਰ ਸ਼ਰਮਾ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਸ ਮੌਕੇ ਮਜ਼ਦੂਰ ਆਗੂਆਂ ਤੇ ਵਰਕਰਾਂ ਨੇ ਲਾਲਾ ਲਾਜਪਤ ਰਾਏ ਦੇ ਚਿੱਤਰ 'ਤੇ ਫੁੱਲ ਮਾਲਾਵਾਂ ਅਰਪਿਤ ਕੀਤੀਆਂ ਤੇ ਉਨ੍ਹਾਂ ਦੀ ਕੁਰਬਾਨੀ ਨੂੰ ਯਾਦ ਕੀਤਾ ਅਤੇ ਉਨ੍ਹਾਂ ਵੱਲੋਂ ਦਰਸਾਏ ਦੇਸ਼ ਭਗਤੀ ਦੇ ਰਸਤੇ 'ਤੇ ਚੱਲਣ ਦਾ ਸੰਕਲਪ ਲਿਆ।ਇਸ ਮੌਕੇ ਪੰਜਾਬ ਕੇਸਰੀ ਲਾਲਾ ਲਾਜਪਤ ਰਾਏ ਨੂੰ ਆਪਣੀ ਨਿੱਘੀ ਸ਼ਰਧਾਂਜਲੀ ਦਿੰਦਿਆਂ ਪ੍ਰਧਾਨ ਵਿਜੇ ਧੀਰ ਐਡਵੋਕੇਟ ਨੇ ਕਿਹਾ ਕਿ ਦੇਸ਼ ਦੇ ਮਜ਼ਦੂਰ ਵਰਗ ਨੂੰ ਫ਼ਖ਼ਰ ਹੈ ਕਿ ਲਾਲਾ ਲਾਜਪਤ ਰਾਏ ਨੇ ਦੇਸ਼ ਦੇ ਮਜ਼ਦੂਰ ਵਰਗ ਨੂੰ ਇੱਕ ਪਲੇਟਫਾਰਮ 'ਤੇ ਸੰਗਠਿਤ ਹੋਣ ਲਈ ਸਾਲ 1920 ਵਿੱਚ ਦੇਸ਼ ਦੇ ਪਹਿਲੇ ਮਜ਼ਦੂਰ ਸੰਗਠਨ ਆਲ ਇੰਡੀਆ ਟ੍ਰੇਡ ਯੂਨੀਅਨ ਕਾਂਗਰਸ (ਏਟਕ) ਦੀ ਸਥਾਪਨਾ ਕੀਤੀ ਤੇ ਦੇਸ਼ ਦੇ ਇਸ ਪਹਿਲੇ ਮਜ਼ਦੂਰ ਸੰਗਠਨ ਦੇ ਪਹਿਲੇ ਪ੍ਰਧਾਨ ਬਣੇ।ਧੀਰ ਨੇ ਕਿਹਾ ਕਿ 1920 ਵਿੱਚ ਲਾਲਾ ਲਾਜਪਤ ਰਾਏ ਆਲ ਇੰਡੀਆ ਕਾਂਗਰਸ ਕਮੇਟੀ ਦੇ ਵੀ ਪ੍ਰਧਾਨ ਸਨ। ਧੀਰ ਨੇ ਇਸ ਮੌਕੇ ਖੁਲਾਸਾ ਕੀਤਾ ਕਿ ਸਾਲ 1919 ਵਿੱਚ ਇੰਟਰਨੈਸ਼ਨਲ ਲੇਬਰ ਸੰਗਠਨ (ਆਈ ਐੱਲ ਓ) ਹੋਂਦ ਵਿੱਚ ਆਇਆ ਸੀ ਤੇ ਆਈ ਐੱਲ ਓ ਦਾ ਪਹਿਲਾ ਇਜਲਾਸ 1920 ਵਿੱਚ ਹੋਇਆ ਸੀ ਅਤੇ ਲਾਲਾ ਲਾਜਪਤ ਰਾਏ ਇਸ ਇਜਲਾਸ ਵਿੱਚ ਭਾਰਤ ਦੇ ਮਜ਼ਦੂਰਾਂ ਦੇ ਪ੍ਰਤੀਨਿਧ ਦੇ ਤੌਰ 'ਤੇ ਸ਼ਾਮਲ ਹੋਏ ਸਨ।ਇਸ ਮੌਕੇ ਹੋਰਨਾਂ ਤੋਂ ਇਲਾਵਾ ਈ ਰਿਕਸ਼ਾ ਮਜ਼ਦੂਰ ਸੰਘ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਮਹਿਮੇ ਵਾਲਾ, ਮੇਜ਼ਰ ਸਿੰਘ ਲੰਡੇ ਕੇ, ਜਸਵੰਤ ਸਿੰਘ ਜੱਸਾ, ਗੁਰਬੁੱਧ ਸਿੰਘ, ਬਲਵਿੰਦਰ ਸਿੰਘ, ਜਸਵੀਰ ਸਿੰਘ, ਤਰਸੇਮ ਸਿੰਘ, ਮਦਨ ਲਾਲ, ਭੋਲਾ ਸਿੰਘ, ਦੇਵਾਂ, ਗੁਰਪ੍ਰੀਤ ਸਿੰਘ, ਰਿੰਕੂ, ਧਰਮਿੰਦਰ ਸਿੰਘ, ਜੁਗਰਾਜ ਸਿੰਘ, ਕਸ਼ਮੀਰ ਸਿੰਘ, ਮੁਕੇਸ਼ ਕੁਮਾਰ, ਦਲੀਪ ਸਿੰਘ, ਜਸਵੰਤ ਸਿੰਘ, ਰਿੱਕੀ, ਬੁੱਧ ਸਿੰਘ, ਕਮਲਜੀਤ ਸਿੰਘ, ਦਲੀਪ ਸਿੰਘ, ਸੋਨੂੰ ਸਿੰਘ, ਹਰਜੀਤ ਸਿੰਘ, ਗਗਨ ਕੁਮਾਰ, ਬੂਟਾ ਸਿੰਘ, ਸ਼ਿੰਦਰ ਸਿੰਘ, ਸੋਨੂੰ, ਸੰਤੋਖ ਚੰਦ, ਸੁਖਦੇਵ ਸਿੰਘ, ਅਵਤਾਰ ਸਿੰਘ, ਰਾਜੂ, ਜੁਗਰਾਜ ਸਿੰਘ, ਮੰਗਲ ਸਿੰਘ, ਮਨੋਹਰ ਲਾਲ ਗੁਰਚਰਨ ਸਿੰਘ ਪ੍ਰਧਾਨ ਤੇ ਕਰਨ ਪਾਲ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਲੰਘੇਆਣਾ ਡਰੇਨ ਪੁਲ ਦੀ ਜਲਦ ਹੋਵੇਗੀ ਨਵੀਂ ਉਸਾਰੀ : ਸੇਖੋਂ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)**-ਫ਼ਰੀਦਕੋਟ ਦੇ ਹਲਕਾ ਵਿਧਾਇਕ ਸ੍ਰ. ਗੁਰਦਿੱਤ ਸਿੰਘ ਸੇਖੋਂ ਨੇ ਇਲਾਕਾ ਨਿਵਾਸੀਆਂ ਨੂੰ ਵੱਡੀ ਸਹੂਲਤ ਦਿੰਦਿਆਂ ਐਲਾਨ ਕੀਤਾ ਹੈ ਕਿ ਫ਼ਰੀਦਕੋਟ-ਕੋਟਕਪੂਰਾ ਰੋਡ ਸਥਿਤ ਦਿੱਲੀ ਇੰਟਰਨੈਸ਼ਨਲ ਸਕੂਲ ਨੇੜੇ ਲੰਘੇਆਣਾ ਡ੍ਰੇਨ 'ਤੇ ਬਣੇ ਪੁਰਾਣੇ ਪੁਲ ਦੀ ਥਾਂ ਨਵੇਂ ਪੁਲ ਦੀ ਉਸਾਰੀ ਕੀਤੀ ਜਾਵੇਗੀ।ਇਸ ਪ੍ਰੋਜੈਕਟ 'ਤੇ ਲਗਭਗ 1.77 ਕਰੋੜ ਰੁਪਏ ਦੀ ਲਾਗਤ ਆਵੇਗੀ।ਵਿਧਾਇਕ ਸੇਖੋਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਵਾਂ ਪੁਲ ਕਰੀਬ 16 ਮੀਟਰ (53 ਫੁੱਟ) ਚੌੜਾ ਹੋਵੇਗਾ, ਜਿਸ ਨਾਲ ਆਵਾਜਾਈ ਸੁਖਾਲੀ ਹੋਵੇਗੀ।ਇਹ ਕੰਮ ਨੈਸ਼ਨਲ ਹਾਈਵੇ ਡਵੀਜ਼ਨ, ਲੋਕ ਨਿਰਮਾਣ ਵਿਭਾਗ ਫ਼ਰੀਦਕੋਟ ਦੀ ਨਿਗਰਾਨੀ ਹੇਠ ਹੋਵੇਗਾ।ਇਸ ਕੰਮ ਨੂੰ ਪੂਰਾ ਕਰਨ ਲਈ 9 ਮਹੀਨੇ ਦਾ ਸਮਾਂ ਨਿਰਧਾਰਤ ਕੀਤਾ ਗਿਆ ਹੈ ਤੇ ਇਸ ਦੇ ਟੈਂਡਰ ਅਲਾਟ ਕੀਤੇ ਜਾ ਚੁੱਕੇ ਹਨ।ਵਿਧਾਇਕ ਨੇ ਕਿਹਾ ਕਿ ਇਹ ਪੁਲ ਕਾਫੀ ਭੀੜਾ ਹੋਣ ਕਾਰਨ ਇੱਥੇ ਅਕਸਰ ਜਾਮ ਲੱਗਿਆ ਰਹਿੰਦਾ ਸੀ ਤੇ ਵੱਡੇ ਵਾਹਨਾਂ ਨੂੰ ਲੰਘਣ ਵਿੱਚ ਦਿੱਕਤ ਆਉਂਦੀ ਸੀ।ਪਿਛਲੇ ਸਮੇਂ ਦੌਰਾਨ ਇੱਥੇ ਕਈ ਮੰਦਭਾਗੇ ਸੜਕ ਹਾਦਸੇ ਵੀ ਵਾਪਰ ਚੁੱਕੇ ਹਨ।ਲੋਕਾਂ ਦੀ ਇਸ ਚਿਰੋਕਣੀ ਮੰਗ ਨੂੰ ਮੁੱਖ ਰੱਖਦਿਆਂ ਸਰਕਾਰ ਨੇ ਇਹ ਫੈਸਲਾ ਲਿਆ ਹੈ, ਜਿਸ ਨਾਲ ਹੁਣ ਆਵਾਜਾਈ ਸੁਚਾਰੂ ਹੋਵੇਗੀ।ਸ੍ਰ. ਸੇਖੋਂ ਨੇ ਇਸ ਪ੍ਰੋਜੈਕਟ ਲਈ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਸੂਬਾ ਸਰਕਾਰ ਕੋਲ ਵਿਕਾਸ ਕਾਰਜਾਂ ਲਈ ਫੰਡਾਂ ਦੀ ਕੋਈ ਕਮੀ ਨਹੀਂ ਹੈ।ਉਨ੍ਹਾਂ ਭਰੋਸਾ ਦਿੱਤਾ ਕਿ ਹਲਕੇ ਦੇ ਹੋਰ ਅਧੂਰੇ ਪਏ ਵਿਕਾਸ ਕਾਰਜਾਂ ਨੂੰ ਵੀ ਮਿੱਥੇ ਸਮੇਂ ਅੰਦਰ ਨੇਪਰੇ ਚਾੜ੍ਹਿਆ ਜਾਵੇਗਾ ਤਾਂ ਜੋ ਆਮ ਲੋਕਾਂ ਨੂੰ ਕਿਸੇ ਕਿਸਮ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ।

# ਸਕਿੱਲ ਭਾਰਤ ਐਸੋਸੀਏਸ਼ਨ ਵੱਲੋਂ ਅਧਿਆਪਕਾਂ ਦਾ ਸਨਮਾਨ

## ਜਿੱਥੇ ਹੁਨਰ ਹੈ, ਉੱਥੇ ਮੌਕਾ ਹੈ; ਜਿੱਥੇ ਮੌਕਾ ਹੈ, ਉੱਥੇ ਵਿਕਾਸ ਹੈ : ਪ੍ਰਿੰ. ਜਿੰਦਲ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**-ਦੇਸ਼ ਭਗਤ ਗਲੋਬਲ ਸਕੂਲ ਸ੍ਰੀ ਮੁਕਤਸਰ ਸਾਹਿਬ ਵੱਲੋਂ ਦੇਸ਼ ਭਗਤ ਗਰੁੱਪ ਸ੍ਰੀ ਮੁਕਤਸਰ ਸਾਹਿਬ ਦੇ ਚੇਅਰਮੈਨ ਤੇ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾਕਟਰ ਜ਼ੋਰਾ ਸਿੰਘ ਤੇ ਪ੍ਰੋ. ਚਾਂਸਲਰ ਡਾਕਟਰ ਤੇਜਿੰਦਰ ਕੌਰ ਦੀ ਸਰਪ੍ਰਸਤੀ ਹੇਠ ਸਕੂਲ ਦੇ ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਦੀ ਯੋਗ ਅਗਵਾਈ ਹੇਠ ਚਲ ਰਹੇ ਦੇਸ਼ ਭਗਤ ਗਲੋਬਲ ਸਕੂਲ ਵਿਖੇ ਸਕੂਲ ਪਰਿਵਾਰ ਪੁਰਸਕਾਰ 2026 ਆਯੋਜਿਤ ਕੀਤਾ ਗਿਆ। ਵਿਕਸਿਤ ਭਾਰਤ ਮਿਸ਼ਨ ਦੇ ਤਹਿਤ ਸਕਿੱਲ ਭਾਰਤ ਐਸੋਸੀਏਸ਼ਨ ਵੱਲੋਂ ਅਧਿਆਪਕ ਵਰਗ ਦਾ ਸਨਮਾਨ ਕੀਤਾ ਗਿਆ।ਇਸ ਪਹਿਲਕਦਮੀ ਦਾ ਮੁੱਖ ਉਦੇਸ਼ ਸਿੱਖਿਆ ਖੇਤਰ ਵਿੱਚ ਅਧਿਆਪਕਾਂ ਦੇ ਅਹਿਮ ਯੋਗਦਾਨ ਨੂੰ ਮਾਨਤਾ ਦੇਣਾ ਤੇ ਉਨ੍ਹਾਂ ਨੂੰ ਸਮਾਜ ਵਿੱਚ ਯੋਗ ਸਨਮਾਨ ਪ੍ਰਦਾਨ ਕਰਨਾ ਸੀ।ਇਸ ਮੌਕੇ ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਨੇ ਸਕੂਲ ਦੇ 'ਵਿਕਸਿਤ ਭਾਰਤ ਮਿਸ਼ਨ' ਦੇ ਮੈਂਬਰ ਬਣਨ 'ਤੇ ਖ਼ੁਸ਼ੀ ਜ਼ਾਹਰ ਕੀਤੀ।

ਇਸ ਮੌਕੇ ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਨੇ ਅਧਿਆਪਕਾਂ ਲਈ ਸਕਿੱਲ ਡਿਵੈਲਪਮੈਂਟ, ਡਿਜੀਟਲ ਸਿੱਖਿਆ ਤੇ ਨਵੀਂ ਸਿੱਖਿਆ ਨੀਤੀ ਨਾਲ ਸੰਬੰਧਤ ਜਾਣਕਾਰੀ ਵੀ ਸਾਂਝੀ ਕੀਤੀ। ਵਾਈਸ ਪ੍ਰਿੰਸੀਪਲ ਡਾਕਟਰ ਪਰਮਪ੍ਰੀਤ ਕੌਰ ਨੇ ਕਿਹਾ ਕਿ 'ਵਿਕਸਿਤ ਭਾਰਤ ਮਿਸ਼ਨ' ਦੇ ਤਹਿਤ ਸਕਿੱਲ ਭਾਰਤ ਐਸੋਸੀਏਸ਼ਨ ਵੱਲੋਂ ਅਧਿਆਪਕ ਵਰਗ ਦਾ ਵੱਖ-ਵੱਖ ਖੇਤਰਾਂ ਵਿੱਚ ਸਨਮਾਨ ਕਰਨਾ ਸਿੱਖਿਆ ਦੇ ਮਿਆਰ ਨੂੰ ਹੋਰ ਉੱਚਾ ਚੁੱਕਣ ਵੱਲ ਇੱਕ ਮਹੱਤਵਪੂਰਨ ਕਦਮ ਹੈ।ਪ੍ਰਿੰਸੀਪਲ ਡਾਕਟਰ ਜਿੰਦਲ ਨੇ ਸਕਿੱਲ ਭਾਰਤ ਐਸੋਸੀਏਸ਼ਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਯਤਨ ਵਿਕਸਿਤ ਤੇ ਆਤਮਨਿਰਭਰ ਭਾਰਤ ਦੀ ਰਚਨਾ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣਗੇ।

ਇਸ ਮੌਕੇ ਸਕੂਲ ਦੇ ਪ੍ਰਿੰਸੀਪਲ, ਵਾਈਸ ਪ੍ਰਿੰਸੀਪਲ, ਮਾਤਾ ਜਰਨੈਲ ਕੌਰ ਮੈਮੋਰੀਅਲ ਇੰਸਟੀਚਿਊਟ ਆਫ਼ ਨਰਸਿੰਗ ਦੇ ਪ੍ਰਿੰਸੀਪਲ ਰੁਪਿੰਦਰ ਬੁੱਟਰ, ਵਾਇਸ ਪ੍ਰਿੰਸੀਪਲ, ਮਨਜਿੰਦਰ ਕੌਰ, ਮਾਤਾ ਜਰਨੈਲ ਕੌਰ ਮੈਮੋਰੀਅਲ ਕਾਲਜ ਆਫ਼ ਫਾਰਮੇਸੀ ਦੇ ਪ੍ਰਿੰਸੀਪਲ ਮਨੀਸ਼ ਜੋਸ਼ੀ, ਆਈ ਟੀ ਕੈਂਪਸ ਦੇ ਡੀ ਜੀ ਐੱਮ ਵਰਿੰਦਰ ਮਦਾਨ, ਸੁਪ੍ਰਿੰਟੈਂਡੈਂਟ ਤੇ ਮੀਡੀਆ ਕੋਆਰਡੀਨੇਟਰ, ਦੇਸ਼ ਭਗਤ ਕੈਂਪਸ ਮੇਜਰ ਮਹਿਤਾ, ਅਕਾਊਂਟੈਂਟ ਦੇਸ਼ ਭਗਤ ਕੈਂਪਸ ਨਵਦੀਪ ਸਿੰਘ, ਸੁਪਰਵਾਈਜ਼ਰ ਦੇਸ਼ ਭਗਤ ਕੈਂਪਸ ਦਿਲਬਾਗ ਸਿੰਘ ਬਾਗੀ ਤੇ ਸਮੂਹ ਸਟਾਫ ਮੌਜੂਦ ਸੀ।

ਮੈਂ, ਗੁਰਿੰਦਰ ਕੌਰ ਪਤਨੀ ਮਨਜਿੰਦਰ ਸਿੰਘ ਵਾਸੀ ਪਿੰਡ ਬਹਾਦੁਰ ਹੁਸੈਨ ਕਲਾਂ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਚਰਨਦੀਪ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

ਮੈਂ, ਨਿਰਮਲ ਸਿੰਘ ਪੁੱਤਰ ਸ੍ਰੀ ਜਗਤ ਸਿੰਘ ਵਾ ਗੁਰਬਕਸ਼ ਕੌਰ ਪਤਨੀ ਸ. ਨਿਰਮਲ ਸਿੰਘ ਵਾਸੀਆਨ ਪਿੰਡ ਤੇ ਡਾਕ: ਡਿੰਗਰੀਆਂ, ਜ਼ਿਲ੍ਹਾ ਜਲੰਧਰ, ਪੰਜਾਬ-144102 ਬਿਆਨ ਕਰਦੇ ਹਾਂ ਕਿ ਸਾਡੀ ਲੜਕੀ ਕਮਲੇਸ਼ ਕੁਮਾਰੀ ਵਾ ਉਸਦਾ ਪਤੀ ਹਰਵਿੰਦਰ ਸਿੰਘ ਅਤੇ ਇਨ੍ਹਾਂ ਦੇ ਦੋਵੇਂ ਲੜਕੇ ਜਸਪ੍ਰੀਤ ਸਿੰਘ ਅਤੇ ਸੁਖਪ੍ਰੀਤ ਸਿੰਘ (ਮੇਰੇ ਦੋਹਤੇ) ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਜਸਵਿੰਦਰ ਕੌਰ ਪਤਨੀ ਜਗਜੀਤ ਸਿੰਘ ਵਾਸੀ ਪਿੰਡ ਰੜਾਂ, ਡਾਕਖਾਨਾ ਸਲੇਮਪੁਰ, ਤਹਿਸੀਲ ਟਾਂਡਾ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦੀ ਹਾਂ ਕਿ ਮੇਰਾ ਪੁੱਤਰ ਅੰਮ੍ਰਿਤਪਾਲ ਸਿੰਘ, ਨੂੰਹ ਕੁਲਜੀਤ ਕੌਰ ਤੇ ਪੋਤਰਾ ਸਾਹਿਬ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰਕ ਕਿਸੇ ਵੀ ਮੈਂਬਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਸੁਖਵਿੰਦਰ ਸਿੰਘ ਪੁੱਤਰ ਸੁਰਜੀਤ ਸਿੰਘ, ਵਾਸੀ ਧਰਮਪੁਰਾ ਮੁਹੱਲਾ, ਧੂਰੀ (ਸੰਗਰੂਰ) ਆਪਣੀ ਲੜਕੀ ਸੁਖਵੀਰ ਕੌਰ ਦੇ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣਦੇਣ ਕਰਨ ਅਤੇ ਸੰਬੰਧ ਰੱਖਣ ਵਾਲੇ ਖੁਦ ਜ਼ਿੰਮੇਵਾਰ ਹੋਣਗੇ।

## ਬੇਦਖਲੀ ਨੋਟਿਸ

ਮੈਂ, ਸੁਰਿੰਦਰ ਸਿੰਘ ਪੁੱਤਰ ਪ੍ਰਕਾਸ਼ ਚੰਦ ਵਾਸੀ ਪਿੰਡ ਅੱਚਲਪੁਰ, ਡਾਕਖਾਨਾ ਭਵਾਨੀਪੁਰ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ ਸੂਚਿਤ ਕਰਦਾ ਹਾਂ ਕਿ ਮੇਰੀ ਪਤਨੀ ਪੂਜਾ, ਮੇਰੀ ਪੁੱਤਰੀ ਨਵਜੋਤ ਕੁਮਾਰੀ, ਮੇਰਾ ਪੁੱਤਰ ਮੋਹਿਤ ਕੁਮਾਰ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਕੋਈ ਵੀ ਇਨ੍ਹਾਂ ਨਾਲ ਕਿਸੇ ਵੀ ਤਰ੍ਹਾ ਦਾ ਲੈਣ ਦੇਣ ਕਰੇਗਾ, ਉਹ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ ਕਿਰਪਾਲ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਮਕਾਨ ਨੰਬਰ 603, ਹਰਗੋਬਿੰਦ ਐਵੀਨਿਊ, ਟਾਵਰ ਵਾਲੀ ਗਲੀ, ਛੇਹਰਟਾ ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਆਪਣੀ ਲੜਕੀ ਬਿਮਲ ਕੌਰ ਜੋ ਕਿ ਸ਼ਾਦੀਸ਼ੁਦਾ ਹੈ, ਜੋ ਮੇਰੇ ਕਹਿਣੇ ਵਿੱਚ ਨਹੀ ਹੈ , ਮੇਰੀ ਕੋਈ ਗੱਲ ਨਹੀਂ ਮੰਨਦੀ, ਆਪਣੀ ਮਰਜੀ ਕਰਦੀ ਹੈ ਨੂੰ ਪਰਿਵਾਰ ਸਮੇਤ ਆਪਣੀ ਚੱਲ ਅਚੱਲ, ਭੁੱਕਵੀ ਅਣਭੁਕਵੀ ਜਾਇਦਾਦ ਤੋ ਬੇਦਖਲ ਕਰਦਾ ਹਾਂ। ਉਸਦੇ ਦੇ ਕਿਸੇ ਵੀ ਮਾੜੇ ਚੰਗੇ ਕੰਮ ਨਫ਼ੇ ਨੁਕਸਾਨ, ਲੈਣ ਦੇਣ, ਲੜਾਈ ਝਗੜੇ ਦੇ ਲਈ ਮੈਂ ਅਤੇ ਮੇਰੇ ਪਰਿਵਾਰ ਦਾ ਕੋਈ ਮੈਂਬਰ ਜ਼ਿੰਮੇਵਾਰ ਨਹੀ ਹੋਵੇਗਾ। ਮੇਰਾ ਬਿਮਲ ਕੌਰ ਅਤੇ ਉਸਦੇ ਪਰਿਵਾਰ ਨਾਲ ਕੋਈ ਸਬੰਧ ਨਹੀ ਹੈ।

ਮੈਂ, ਰਣਜੀਤ ਸਿੰਘ ਪੁੱਤਰ ਸ੍ਰੀ ਲਾਭ ਸਿੰਘ ਵਾਸੀ ਪਿੰਡ ਗੀਗਨਵਾਲ ਡਾਕਖਾਨਾ ਬਹਿਰਾਮ ਸਰਿਸ਼ਤਾ ਤਹਿਸੀਲ ਆਦਮਪੁਰ ਭੋਗਪੁਰ ਜਿਲ੍ਹਾਂ ਜਲੰਧਰ, ਪੰਜਾਬ ਬਿਆਨੀ ਹਾਂ ਕਿ ਮੇਰਾ ਪੋਤਾ ਬਲਜੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਉਸ ਆਪਣੀਂ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਉਸਨੂੰ ਨਾਲ ਲੈਣ ਦੇਣ ਕਰਨ ਵਾਲਾ ਖੁੱਦ ਜਿੰਮੇਵਾਰ ਹੋਵੇਗਾ।

ਮੈਂ ਸੀਤਾ ਰਾਣੀ ਪਤਨੀ ਇੰਦਰਜੀਤ ਵਾਸੀ ਪਿੰਡ ਅੰਬਗੜ੍ਹ ਡਾਕਖਾਨਾ ਕਰਤਾਰਪੁਰ ਜਲੰਧਰ ਦੀ ਹਾਂ ਮੇਰੇ ਦੋਨੋਂ ਲੜਕੇ ਬਲਵਿੰਦਰ ਪਾਲ ਅਤੇ ਉਤਮਜੀਤ ਅਤੇ ਇਹਨਾਂ ਦੀਆਂ ਪਤਨੀਆਂ ਅਤੇ ਬੱਚੇ ਮੇਰੇ ਕਹਿਣੇ ਤੋਂ ਬਾਹਰ ਹਨ ਇਸ ਲਈ ਮੈਂ ਇਹਨਾਂ ਸਾਰਿਆਂ ਨੂੰ ਆਪਣੀ ਚੱਲ ਅਚਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ ਅਗਾਂਹ ਤੋਂ ਇਹਨਾਂ ਨਾਲ ਲੈਣ ਦੇਣ ਰੱਖਣ ਵਾਲਾ ਖੁਦ ਜਿੰਮੇਵਾਰ ਹੋਵੇਗਾ ਸੰਬੰਧਤ ਨੋਟ ਕਰਨ।

ਮੈਂ, ਸਰਬਜੀਤ ਸਿੰਘ ਪੁੱਤਰ ਸਰਦਾਰੀ ਲਾਲ ਵਾਸੀ ਮਕਾਨ ਨੰ: 175, ਵਾਰਡ ਨੰ: 4, ਗੁਰੂ ਨਾਨਕ ਨਗਰ, ਭੋਗਪੁਰ ਜਲੰਧਰ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਮੀਨੂੰ ਪਤਨੀ ਪਰਗਟ ਸਿੰਘ ਵਾਸੀ ਪਿੰਡ ਮਹਿਮੂਦਪੁਰ, ਜ਼ਿਲ੍ਹਾ ਨਵਾਂਸ਼ਹਿਰ ਅਤੇ ਉਸ ਦਾ ਪਤੀ ਪਰਗਟ ਸਿੰਘ, ਜੋ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਵਾਰ ਦਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ। ਸੰਬੰਧਤ ਨੋਟ ਕਰਨ।

ਮੈਂ, ਬੋਧ ਪ੍ਰਕਾਸ਼ ਪੁੱਤਰ ਲੇਟ ਗੋਬਿੰਦ ਰਾਮ ਵਾਸੀ ਮਕਾਨ ਨੰ. 889, ਅਰਜੁਣ ਨਗਰ, ਐਸ. ਡੀ. ਕਾਲਜ ਰੋਡ, ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਮੁਕਤਾ ਸੋਨੀ ਪਤਨੀ ਕੇਸ਼ਵ ਸੋਨੀ ਅਤੇ ਉਹਨਾਂ ਦੇ ਬੱਚੇ ਆਦਿਤਯਾ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਸਾਰਿਆਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਸਾਰਿਆਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਹਨਾ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ ਰਾਮ ਪਾਲ ਪੁੱਤਰ ਸ੍ਰੀ ਠਾਕਰ ਦਾਸ ਵਾਸੀ ਪਿੰਡ ਨੰਗਲਸ਼ਾਮਾ, ਡਾਕਖਾਨਾ ਲੱਧੇਵਾਲੀ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਬੇਟਾ ਰਾਕੇਸ਼ ਕੁਮਾਰ ਅਤੇ ਇਸ ਦੀ ਪਤਨੀ ਸੁਰਿੰਦਰ ਕੌਰ ਅਤੇ ਇਹਨਾਂ ਦੇ ਬੱਚੇ ਸਪਨਾ ਦੇਵੀ , ਖੁਸਮਨਪ੍ਰੀਤ , ਸਮਰ ਸਹੋਤਾ ਮੇਰੇ ਅਤੇ ਮੇਰੇ ਪਰਿਵਾਰ ਦੇ ਕਹਿਣੇ ਤੋਂ ਬਾਹਰ ਹਨ। ਜਿਸ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਵਿੱਚੋ ਬੇਦਖ਼ਲ ਕਰਦਾ ਹਾਂ। ਜੋ ਕੋਈ ਵੀ ਇਨ੍ਹਾਂ ਦੇ ਨਾਲ ਕਿਸੇ ਤਰਾਂ ਦਾ ਕੋਈ ਲੈਣ-ਦੇਣ ਕਰਦਾ ਹੈ ਤਾਂ ਉਸਦੀ ਜਿੰਮੇਵਾਰੀ ਖੁਦ ਦੀ ਹੋਵੇਗੀ । ਸੰਬੰਧਤ ਨੋਟ ਕਰਨ।

ਮੈਂ ਸੁਖਦੇਵ ਕੌਰ ਵਿਧਵਾ ਗੁਰਨੰਦ ਸਿੰਘ ਵਾਸੀ ਸੰਗਤਪੁਰਾ ਤਹਿਸੀਲ ਲਹਿਰਾ (ਸੰਗਰੂਰ) ਹਲਫ਼ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਮੇਰਾ ਲੜਕਾ ਕੁਲਦੀਪ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਜਿਸ ਨੂੰ ਮੈਂ ਆਪਣੀ ਚੱਲ-ਅਚੱਲ ਜ਼ਾਇਦਾਦ ਤੋਂ ਬੇਦਖਲ ਕਰਦੀ ਹਾਂ, ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।ਮੇਰਾ ਅਤੇ ਮੇਰੇ ਪਰਿਵਾਰ ਦਾ ਅੱਜ ਤੋਂ ਬਾਅਦ ਇਸ ਨਾਲ ਕੋਈ ਤਾਲੁਕਵਾਸਤਾ ਨਹੀਂ ਹੈ।

## ਨਾਂਅ ਦੀ ਬਦਲੀ

ਮੈਂ, ਕਿਰਨ ਕੌਰ ਪਤਨੀ ਗੁਰਪ੍ਰੀਤ ਸਿੰਘ, ਨਿਵਾਸੀ ਮਕਾਨ ਨੰਬਰ 1512/10, ਗਲੀ ਨੰਬਰ 2, ਸ਼ਰੀਫ਼ਪੁਰਾ, ਅੰਮ੍ਰਿਤਸਰ, ਇਹ ਘੋਸ਼ਣਾ ਕਰਦੀ ਹਾਂ ਕਿ ਮੇਰੀ ਐਲ.ਆਈ.ਸੀ. ਪਾਲਿਸੀ ਨੰਬਰ 132057973 ਵਿੱਚ ਮੇਰਾ ਨਾਮ ਇੰਦਰ ਪਾਲ ਦਰਜ ਹੈ, ਪਰ ਵਿਆਹ ਤੋਂ ਬਾਅਦ ਮੇਰਾ ਨਾਮ ਇੰਦਰ ਪਾਲ ਤੋਂ ਬਦਲ ਕੇ ਕਿਰਨ ਕੌਰ ਹੋ ਗਿਆ ਹੈ।

ਮੈਂ, ਮਨਜੀਤ ਸਿੰਘ ਮਾਨ ਪੁੱਤਰ ਤਰਲੋਕ ਸਿੰਘ, ਨਿਵਾਸੀ ਮਕਾਨ ਨੰਬਰ 182, ਨੰਗਲ ਸ਼ਾਮਾ, ਜਲੰਧਰ-99, ਲਾਧੇਵਾਲੀ, ਜਲੰਧਰ (ਪੰਜਾਬ), ਨੇ ਆਪਣਾ ਨਾਮ ਬਦਲ ਕੇ ਮਨਜੀਤ ਸਿੰਘ ਰੱਖ ਲਿਆ ਹੈ।

ਮੈਂ, ਤਰਲੋਕ ਸਿੰਘ ਮਾਨ ਪੁੱਤਰ ਰਤਨ ਸਿੰਘ, ਨਿਵਾਸੀ ਮਕਾਨ ਨੰਬਰ 182, ਨੰਗਲ ਸ਼ਾਮਾ, ਜਲੰਧਰ-99, ਲਾਧੇਵਾਲੀ, ਜਲੰਧਰ (ਪੰਜਾਬ), ਨੇ ਆਪਣਾ ਨਾਮ ਬਦਲ ਕੇ ਤਰਲੋਕ ਸਿੰਘ ਰੱਖ ਲਿਆ ਹੈ।

ਮੈਂ, ਪਿੰਕੀ ਪਤਨੀ ਲਵਦੀਪ ਸਿੰਘ, ਵਾਸੀ ਧਾਰੀਵਾਲ ਕਲੇਰ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ ਨੇ ਆਪਣਾ ਨਾਂਅ ਬਦਲ ਕੇ ਪਿੰਕੀ ਤੋਂ ਅਵਲੀਨ ਕੌਰ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਮੈਂ ਸਪਨਾ ਸਪੋਲੀਆ ਪਤਨੀ ਸਵ: ਰਾਕੇਸ਼ ਚੰਦਰ , ਵਾਸੀ ਮਕਾਨ ਨੰਬਰ 6-462/10 , ਟੈਗੋਰ ਨਗਰ , ਜਲੰਧਰ ਇਹ ਬਿਆਨ ਕਰਦੀ ਹਾਂ ਕਿ ਸਪਨਾ ਸਪੋਲੀਆ ਅਤੇ ਸਵੀਟੀ ਸ਼ਰਮਾ ਦੋਨੋ ਮੇਰੇ ਹੀ ਨਾਮ ਹਨ । ਸੰਬੰਧਤ ਨੋਟ ਕਰਨ.

ਮੈਂ ਹੁਰੇਵ ਸਹੋਤਾ ਪੁੱਤਰ ਲੁਕਸ ਸਹੋਤਾ ਵਾਸੀ ਪਿੰਡ ਤੇ ਡਾਕਖਾਨਾ ਚਿੱਟੀ, ਜਲੰਧਰ ਨੇ ਆਪਣਾ ਨਾਮ ਹੁਰੇਵ ਸਹੋਤਾ ਤੋਂ ਬਦਲ ਕੇ ਹੁਰੇਬ ਸਹੋਤਾ ਰੱਖ ਲਿਆ ਹੈ।

ਮੈਂ, ਗੁਰਦੀਪ ਕੁਮਾਰ ਪੁੱਤਰ ਲੈਂਬਰ ਰਾਮ ਨਾਹਰ ਵਾਸੀ ਪਿੰਡ ਸਲਾਰਪੁਰ, ਡਾਕਖਾਨਾ ਰਾਇਪੁਰ ਫਰਾਲਾ, ਜ਼ਿਲ੍ਹਾ ਜਲੰਧਰ ਨੇ ਆਪਣਾ ਨਾਮ ਗੁਰਦੀਪ ਕੁਮਾਰ ਤੋਂ ਬਦਲ ਕੇ ਗੁਰਦੀਪ ਕੁਮਾਰ ਨਾਹਰ ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ।

ਮੈਂ, ਸੁਰਜੀਤ ਕੌਰ (Surjit Kaur) ਪਤਨੀ ਸੁਰਿੰਦਰ ਸਿੰਘ ਕਾਲਰਾ, ਵਾਸੀ ਮਕਾਨ ਨੰਬਰ 6 ਆਰ, ਬੈਂਕ ਕਾਲੋਨੀ, ਜਮਾਲਪੁਰ, ਫੋਕਲ ਪੁਆਇੰਟ, ਲੁਧਿਆਣਾ, ਪੰਜਾਬ-141010 ਨੇ ਆਪਣਾ ਨਾਂਅ ਬਦਲ ਕੇ ਸੁਰਜੀਤ ਕੌਰ ਤੋਂ ਸੁਰਜੀਤ ਕੌਰ (Surjeet Kaur) ਰੱਖ ਲਿਆ ਹੈ।

## PUBLIC NOTICE

Notice is hereby given that the Special Power of Attorney executed on 05.10.2024 at Birmingham, England by Palvinder Singh Bangar S/o Sh. Chanan Singh R/o 184, Bramingham Road, Luton, Bedfordshire, LU3 2DA, England, UK regarding his property in India, in favor of Pavitar Singh S/o Balwant Singh R/o H. No. 255, Dhaliwal, District Jalandhar, is hereby cancelled and revoked. Any person dealing with Pavitar Singh regarding this matter will do so at their own risk.

Notice is hereby given that the two Special Power of Attorneys executed on 28.01.2020 at Jalandhar and secondly on 09.04.2024 at Birmingham, UK by Ranjit Singh Bangar s/o Chanan Singh R/o VPO Jandu Singha, District Jalandhar in favor of Pavitar Singh S/o Balwant Singh R/o H. No. 255, Dhaliwal, District Jalandhar, regarding his property and civil suit is hereby cancelled and revoked. Any person dealing with Pavitar Singh regarding this matter will do so at their own risk.

I, Naresh Bala W/o Late Sh. Rajinder Kumar R/o H.No. 109, Arora Colony, New Kartar Nagar, Jalandhar, Punjab declare that my son Lalit Kumar (born on 06.11.1988) is out of my control. I disinherit him from my moveable and immovable properties. I and my family shall not be held responsible for any of his acts, deeds and things. All please note.

I, Lovepreet Singh S/o Jasbir Singh R/o Village Heer, PO. Langha Jattan, Distt. Gurdaspur, Punjab, India declare that my given name as Lovepreet and My Surname as Singh.

I, Simrat Kaur D/o Pardeep Singh R/o Village Chak Khasa, Distt. Gurdaspur, Punjab, India. Declare that my given name as Simrat and my surname as Kaur.

## ਆਮ ਸੂਚਨਾ

ਮੈਂ, ਬਲਜੀਤ ਸਿੰਘ ਪੁੱਤਰ ਬਲਬੀਰ ਸਿੰਘ, ਪਿੰਡ ਭਸੌੜ (ਸੰਗਰੂਰ) ਨੇ 3 ਜੁਲਾਈ 2025 ਦੇ ਨਵਾਂ ਜਮਾਨਾ ਅਤੇ ਯੁੱਗ ਮਾਰਗ ਅਖ਼ਬਾਰਾਂ ਰਾਹੀਂ ਆਪਣੇ ਲੜਕੇ ਨਰਪਿੰਦਰਜੀਤ ਸਿੰਘ ਅਤੇ ਨੂੰਹ ਰੁਪਿੰਦਰ ਕੌਰ ਨੂੰ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕੀਤਾ ਸੀ। ਮੈਂ ਹੁਣ ਆਪਣੀ ਬੇਦਖਲੀ ਰੱਦ ਕਰਦਾ ਹਾਂ। ਇਹ ਮੇਰੀ ਚੱਲ ਅਚੱਲ ਜਾਇਦਾਦ ਦੇ ਹੱਕਦਾਰ ਹੋਣਗੇ।

ਮੈਂ, ਕੁੰਨਣ ਸਿੰਘ ਪੁੱਤਰ ਬਚਨ ਸਿੰਘ, ਵਾਸੀ ਪਿੰਡ/ਡਾਕਖਾਨਾ ਸੋਹਲ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੇਰੀ ਭਤੀਜੀ ਗੁਰਪ੍ਰੀਤ ਕੌਰ, ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੇਰਾ ਆਪਣੀ ਭਤੀਜੀ ਨਾਲ ਕੋਈ ਤਲਕ-ਵਾਸਤਾ ਨਹੀਂ ਰਿਹਾ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਉਪ ਮੰਡਲ ਦਫਤਰ ਪੰਡੋਰੀ ਮਹੰਤਾਂ ਵਿਖੇ ਏ ਪੀ 51-0782 ਕੇ ਟਿਊਬਵੈੱਲ ਕੁਨੈਕਸ਼ਨ ਜੋ ਪਹਿਲਾਂ ਸ੍ਰੀ ਰਘਬੀਰ ਸਿੰਘ ਪੁੱਤਰ ਪਸ਼ੌਰਾ ਸਿੰਘ ਪਿੰਡ ਭੱਟੀਆਂ ਵਿਖੇ ਚੱਲ ਰਿਹਾ ਹੈ। ਹੁਣ ਇਹ ਕੁਨੈਕਸ਼ਨ ਦਾ ਨਾਂਅ ਬਦਲ ਕੇ ਅੰਮ੍ਰਿਤਜੋਤ ਸਿੰਘ ਨਾਗਰਾ ਪੁੱਤਰ ਮਨਪ੍ਰੀਤ ਸਿੰਘ ਨਾਗਰਾ, ਪਿੰਡ ਭੱਟੀਆਂ ਦੇ ਨਾਂਅ ਬਦਲੀ ਕਰਨ ਦੀ ਦਰਖ਼ਾਸਤ ਪ੍ਰਾਪਤ ਹੋਈ ਹੈ ।ਇਸ ਟਿਊਬਵੈੱਲ ਦੇ ਨਾਂਅ ਬਦਲੀ ਦੇ ਸੰਬੰਧ ਵਿੱਚ ਜੇਕਰ ਕਿਸੇ ਨੂੰ ਕਿਸੇ ਤਰ੍ਹਾਂ ਦਾ ਇਤਰਾਜ਼ ਹੋਵੇ ਤਾਂ ਆਪਣਾ ਇਤਰਾਜ਼ 15 ਦਿਨਾਂ ਦੇ ਵਿੱਚ ਨਿਮਨਹਸਤਾਖਰ ਦੇ ਦਫਤਰ ਵਿਖੇ ਪੇਸ਼ ਕਰ ਸਕਦਾ ਹੈ। ਇਸ ਮਿੱਥੇ ਸਮੇਂ ਦੇ ਬਾਅਦ ਕੋਈ ਵੀ ਇਤਰਾਜ਼ ਮੰਨਣਯੋਗ ਨਹੀਂ ਹੋਵੇਗਾ ।

ਉਪ ਮੰਡਲ ਦਫਤਰ ਪੰਡੋਰੀ ਮਹੰਤਾਂ ਵਿਖੇ ਏ ਪੀ 51-0479 ਐੱਚ ਟਿਊਬਵੈੱਲ ਕੁਨੈਕਸ਼ਨ ਜੋ ਪਹਿਲਾਂ ਸ੍ਰੀ ਰਘਬੀਰ ਸਿੰਘ ਪੁੱਤਰ ਪਸ਼ੌਰਾ ਸਿੰਘ ਪਿੰਡ ਭੱਟੀਆਂ ਵਿਖੇ ਚੱਲ ਰਿਹਾ ਹੈ। ਹੁਣ ਇਹ ਕੁਨੈਕਸ਼ਨ ਦਾ ਨਾਂਅ ਬਦਲ ਕੇ ਅੰਮ੍ਰਿਤਜੋਤ ਸਿੰਘ ਨਾਗਰਾ ਪੁੱਤਰ ਮਨਪ੍ਰੀਤ ਸਿੰਘ ਨਾਗਰਾ ਪਿੰਡ ਭੱਟੀਆਂ ਦੇ ਨਾਂਅ ਬਦਲੀ ਕਰਨ ਦੀ ਦਰਖ਼ਾਸਤ ਪ੍ਰਾਪਤ ਹੋਈ ਹੈ ।ਇਸ ਟਿਊਬਵੈੱਲ ਦੇ ਨਾਂਅ ਬਦਲੀ ਦੇ ਸੰਬੰਧ ਵਿੱਚ ਜੇਕਰ ਕਿਸੇ ਨੂੰ ਕਿਸੇ ਤਰ੍ਹਾਂ ਦਾ ਇਤਰਾਜ਼ ਹੋਵੇ ਤਾਂ ਆਪਣਾ ਇਤਰਾਜ਼ 15 ਦਿਨਾਂ ਦੇ ਵਿੱਚ ਨਿਮਨਹਸਤਾਖਰ ਦੇ ਦਫਤਰ ਵਿਖੇ ਪੇਸ਼ ਕਰ ਸਕਦਾ ਹੈ । ਇਸ ਮਿੱਥੇ ਸਮੇਂ ਦੇ ਬਾਅਦ ਕੋਈ ਵੀ ਇਤਰਾਜ਼ ਮੰਨਣਯੋਗ ਨਹੀਂ ਹੋਵੇਗਾ ।

ਉਪ ਮੰਡਲ ਦਫਤਰ ਪੰਡੋਰੀ ਮਹੰਤਾਂ ਵਿਖੇ ਏ ਪੀ 51-0749 ਟਿਊਬਵੈੱਲ ਕੁਨੈਕਸ਼ਨ ਜੋ ਪਹਿਲਾਂ ਸ੍ਰੀ ਰਘਬੀਰ ਸਿੰਘ ਪੁੱਤਰ ਪਸ਼ੌਰਾ ਸਿੰਘ ਪਿੰਡ ਭੱਟੀਆਂ ਵਿਖੇ ਚੱਲ ਰਿਹਾ ਹੈ। ਹੁਣ ਇਹ ਕੁਨੈਕਸ਼ਨ ਦਾ ਨਾਂਅ ਬਦਲ ਕੇ ਅੰਮ੍ਰਿਤਜੋਤ ਸਿੰਘ ਨਾਗਰਾ ਪੁੱਤਰ ਮਨਪ੍ਰੀਤ ਸਿੰਘ ਨਾਗਰਾ ਪਿੰਡ ਭੱਟੀਆਂ ਦੇ ਨਾਂਅ ਬਦਲੀ ਕਰਨ ਦੀ ਦਰਖ਼ਾਸਤ ਪ੍ਰਾਪਤ ਹੋਈ ਹੈ। ਇਸ ਟਿਊਬਵੈੱਲ ਦੇ ਨਾਂਅ ਬਦਲੀ ਦੇ ਸੰਬੰਧ ਵਿੱਚ ਜੇਕਰ ਕਿਸੇ ਨੂੰ ਕਿਸੇ ਤਰ੍ਹਾਂ ਦਾ ਇਤਰਾਜ਼ ਹੋਵੇ ਤਾਂ ਆਪਣਾ ਇਤਰਾਜ਼ 15 ਦਿਨਾਂ ਦੇ ਵਿੱਚ ਨਿਮਨਹਸਤਾਖਰ ਦੇ ਦਫਤਰ ਵਿਖੇ ਪੇਸ਼ ਕਰ ਸਕਦਾ ਹੈ । ਇਸ ਮਿੱਥੇ ਸਮੇਂ ਦੇ ਬਾਅਦ ਕੋਈ ਵੀ ਇਤਰਾਜ਼ ਮੰਨਣਯੋਗ ਨਹੀਂ ਹੋਵੇਗਾ।

ਉਪ ਮੰਡਲ ਦਫਤਰ ਪੰਡੋਰੀ ਮਹੰਤਾਂ ਵਿਖੇ ਏ ਪੀ 51-0748 ਕੇ ਟਿਊਬਵੈੱਲ ਕੁਨੈਕਸ਼ਨ ਜੋ ਪਹਿਲਾਂ ਸ੍ਰੀ ਰਘਬੀਰ ਸਿੰਘ ਪੁੱਤਰ ਪਸ਼ੌਰਾ ਸਿੰਘ ਪਿੰਡ ਭੱਟੀਆਂ ਵਿਖੇ ਚੱਲ ਰਿਹਾ ਹੈ । ਹੁਣ ਇਹ ਕੁਨੈਕਸ਼ਨ ਦਾ ਨਾਂਅ ਬਦਲ ਕੇ ਸਤ ਕ੍ਰਿਪਾਲ ਸਿੰਘ ਨਾਗਰਾ ਪੁੱਤਰ ਰਘਬੀਰ ਸਿੰਘ ਨਾਗਰਾ ਪਿੰਡ ਭੱਟੀਆਂ ਦੇ ਨਾਂਅ ਬਦਲੀ ਕਰਨ ਦੀ ਦਰਖਾਸਤ ਪ੍ਰਾਪਤ ਹੋਈ ਹੈ। ਇਸ ਟਿਊਬਵੈੱਲ ਦੇ ਨਾਂਅ ਬਦਲੀ ਦੇ ਸੰਬੰਧ ਵਿੱਚ ਜੇਕਰ ਕਿਸੇ ਨੂੰ ਕਿਸੇ ਤਰ੍ਹਾਂ ਦਾ ਇਤਰਾਜ਼ ਹੋਵੇ ਤਾਂ ਆਪਣਾ ਇਤਰਾਜ਼ 15 ਦਿਨਾਂ ਦੇ ਵਿੱਚ ਨਿਮਨਹਸਤਾਖਰ ਦੇ ਦਫਤਰ ਵਿਖੇ ਪੇਸ਼ ਕਰ ਸਕਦਾ ਹੈ । ਇਸ ਮਿੱਥੇ ਸਮੇਂ ਦੇ ਬਾਅਦ ਕੋਈ ਵੀ ਇਤਰਾਜ਼ ਮੰਨਣਯੋਗ ਨਹੀਂ ਹੋਵੇਗਾ ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਪਬਲਿਕ ਨੋਟਿਸ

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਹ ਪ੍ਰੋਪਰਟੀ (ਵਪਾਰਕ) ਦਫਤਰ ਨਗਰ ਪੰਚਾਇਤ ਲੋਹੀਆਂ ਖਾਸ ਦੇ ਪ੍ਰੋਪਰਟੀ ਟੈਕਸ ਰਿਕਾਰਡ ਵਿੱਚ ਸ੍ਰੀਮਤੀ ਸੁਰਿੰਦਰ ਕੌਰ ਪਤਨੀ ਅਵਤਾਰ ਸਿੰਘ ਪੁੱਤਰ ਅਮਰੀਕ ਸਿੰਘ ਵਾਸੀ ਫੁੱਲ ਘੁੱਦਵਾਲ ਹਾਲ ਲੋਹੀਆਂ ਖਾਸ 'ਤੇ ਦਰਜ ਹੈ। ਜਿਸ ਦਾ ਪੀ.ਟੀ. ਨੰਬਰ ਪੀ ਟੀ -1007- 650017 ਹੈ। ਜਿਸ ਦਾ ਰਕਬਾ ਕਰੀਬ 00 ਕਨਾਲ 00 ਮਰਲਾ 6.5 ਸ (ਕਵਰਡ ਏਰੀਆ 200 ਫੁੱਟ ) ਹੈ।ਇਹ ਪ੍ਰੋਪਰਟੀ ਵਾਰਡ ਨੰ. 03 ਪਾਲਕਾ ਬਾਜ਼ਾਰ ਹੈ, ਜਿਸ ਦੀਆਂ ਹੱਦਾਂ ਚੜ੍ਹਦੇ ਹਿਮਾਨੀ, ਲਹਿੰਦੇ ਨਰਿੰਦਰ ਕੌਰ, ਪਹਾੜ ਰਸਤਾ, ਦੱਖਣ ਦਲੀਪ ਸਿੰਘ, ਦੁਕਾਨ ਬਣੀ ਸਣੇ ਸ਼ਟਰ, ਛੱਤ ਜ਼ਮੀਨ ਤੋਂ ਆਸਮਾਨ ਤੱਕ, ਮਲਬਾ ਲੋਹੀਆਂ ਖਾਸ ਹੈ। ਸ੍ਰੀਮਤੀ ਸੁਰਿੰਦਰ ਕੌਰ ਪਤਨੀ ਅਵਤਾਰ ਸਿੰਘ ਪੁੱਤਰ ਅਮਰੀਕ ਸਿੰਘ ਵਾਸੀ ਫੁੱਲ ਘੁੱਦਵਾਲ ਹਾਲ ਲੋਹੀਆਂ ਖਾਸ ਵੱਲੋਂ ਇਹ ਪ੍ਰੋਪਰਟੀ ਸ੍ਰੀਮਤੀ ਮੰਜੂ ਬਾਲਾ ਪਤਨੀ ਅਸ਼ੋਕ ਕੁਮਾਰ ਜੈਨ ਪੁੱਤਰ ਮਦਨ ਲਾਲ ਜੈਨ ਵਾਸੀ ਸੁਲਤਾਨਪੁਰ ਲੋਧੀ ਹਾਲ ਲੋਹੀਆਂ ਖਾਸ ਦਸਤਾਵੇਜ਼ ਨੰਬਰ 166 ਮਿਤੀ 24.08.2020 ਰਜਿਸਟਰੀ ਕਰਵਾਈ ਗਈ ਹੈ।ਇਹ ਪ੍ਰੋਪਰਟੀ ਦਾ ਪ੍ਰੋਪਰਟੀ ਟੈਕਸ ਕਲੀਅਰ ਹੈ। ਸ੍ਰੀਮਤੀ ਮੰਜੂ ਬਾਲਾ ਪਤਨੀ ਅਸ਼ੋਕ ਕੁਮਾਰ ਜੈਨ ਪੁੱਤਰ ਮਦਨ ਲਾਲ ਜੈਨ ਵਾਸੀ ਸੁਲਤਾਨਪੁਰ ਲੋਧੀ ਹਾਲ ਲੋਹੀਆਂ ਖਾਸ ਵੱਲੋਂ ਇਹ ਸਵੈ-ਘੋਸ਼ਣਾ ਪੱਤਰ ਦਿੱਤਾ ਗਿਆ ਹੈ ਕਿ ਇਸ ਪ੍ਰੋਪਰਟੀ ਦਾ ਕੋਈ ਪਰਵਾਰਕ ਝਗੜਾ ਨਹੀਂ ਹੈ ਅਤੇ ਨਾ ਹੀ ਕੋਈ ਅਦਾਲਤੀ ਕੇਸ ਚੱਲਦਾ ਹੈ।ਇਸ ਲਈ ਇਹ ਪ੍ਰੋਪਰਟੀ (ਵਪਾਰਕ) ਸਿਰਫ ਪ੍ਰੋਪਰਟੀ ਟੈਕਸ ਭਰਨ ਦੇ ਮੰਤਵ ਲਈ ਪ੍ਰੋਪਰਟੀ ਸ੍ਰੀਮਤੀ ਮੰਜੂ ਬਾਲਾ ਪਤਨੀ ਅਸ਼ੋਕ ਕੁਮਾਰ ਜੈਨ ਪੁੱਤਰ ਮਦਨ ਲਾਲ ਜੈਨ ਵਾਸੀ ਸੁਲਤਾਨਪੁਰ ਲੋਧੀ ਹਾਲ ਲੋਹੀਆਂ ਖਾਸ ਦੇ ਨਾਂਅ ਤਬਦੀਲ ਕਰ ਦਿੱਤੀ ਜਾਵੇ।ਇਸ ਇਸ਼ਤਿਹਾਰ ਦੇ ਛਪਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣਾ ਇਤਰਾਜ਼ ਦਫਤਰ ਨਗਰ ਪੰਚਾਇਤ ਲੋਹੀਆਂ ਖਾਸ ਵਿਖੇ ਦਰਜ ਕਰਵਾ ਸਕਦਾ ਹੈ, 30 ਦਿਨ ਦਾ ਸਮਾਂ ਖਤਮ ਹੋਣ ਤੋਂ ਬਾਅਦ ਇਹ ਪ੍ਰੋਪਰਟੀ ਸ੍ਰੀਮਤੀ ਮੰਜੂ ਬਾਲਾ ਪਤਨੀ ਅਸ਼ੋਕ ਕੁਮਾਰ ਜੈਨ ਪੁੱਤਰ ਮਦਨ ਲਾਲ ਜੈਨ ਵਾਸੀ ਸੁਲਤਾਨਪੁਰ ਲੋਧੀ ਹਾਲ ਲੋਹੀਆਂ ਖਾਸ ਦੇ ਨਾਂਅ ਤਬਦੀਲ ਕਰ ਦਿੱਤੀ ਜਾਵੇਗੀ। ਸਮਾਂ ਖਤਮ ਹੋਣ ਤੋਂ ਬਾਅਦ ਵਿੱਚ ਕਿਸੇ ਦਾ ਕੋਈ ਉਜ਼ਰ ਜਾਂ ਸੁਝਾਅ ਨਹੀਂ ਸੁਣਿਆ ਜਾਵੇਗਾ।

ਸਹੀ/-ਕਾਰਜ ਸਾਧਕ ਅਫਸਰ, ਨਗਰ ਪੰਚਾਇਤ, ਲੋਹੀਆਂ ਖਾਸ।

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਸ੍ਰੀ ਨਵਦੀਪ ਸਿੰਘ ਭੋਗਲ, ਜ਼ਿਲ੍ਹਾ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ
ਫਾਸਟ ਟਰੈਕ ਕੋਰਟ ਫਾਰ ਐਨ ਆਰ ਆਈਜ਼ ਜਲੰਧਰ

ਲਖਵੀਰ ਕੌਰ ਪਤਨੀ ਜਸਵੰਤ ਸਿੰਘ 32 Jeremy Road, Goldthorn Park Wolverhampron, WV4 5BZ England UK ਰਾਹੀਂ ਮੁਖਤਿਆਰ ਖਾਸ (ਨੰਬਰ 2025-26/186/4/984) ਗੁਰਵਿੰਦਰ ਸਿੰਘ (ਆਧਾਰ ਕਾਰਡ ਨੰਬਰ 1409 6124107) ਪੁੱਤਰ ਸਤਨਾਮ ਸਿੰਘ ਵਾਸੀ ਪਿੰਡ ਖਜੂਰਲਾ, ਤਹਿਸੀਲ ਫਗਵਾੜਾ, ਜ਼ਿਲ੍ਹਾ ਕਪੂਰਥਲਾ। ...ਫਰੀਕ ਅੱਵਲ

ਨੋਟਿਸ ਬਨਾਮ

1. ਏ. ਆਈ ਜੀ ਇਨਫਰਾ ਲਿ. ਐਸ ਸੀ ਓ 1-5 ਅਰਬਾਨਾ ਜਲੰਧਰ ਹਾਈਟਸ-2 ਫੋਲੜੀਵਾਲ 66 ਫੁੱਟੀ ਰੋਡ ਜਲੰਧਰ ਰਾਹੀਂ ਅਸ਼ਵਨੀ ਕਾਂਤ ਅਗਰਵਾਲ, 2. ਹਰਬੀਰ ਸਿੰਘ ਪੁੱਤਰ ਹਰਬਿੰਦਰਜੀਤ ਸਿੰਘ ਰਾਹੀਂ ਮੁਖਤਿਆਰ ਆਮ, 3. ਮਨਦੀਪ ਕੌਰ ਪਤਨੀ ਹਰਬਿੰਦਰਜੀਤ ਸਿੰਘ ਪੁੱਤਰ ਮਹਿਤਾਬ ਸਿੰਘ, 4. ਨੂਰ ਕੌਰ ਪਤਨੀ ਹਰਬੀਰ ਸਿੰਘ ਪੁੱਤਰ ਹਰਬਿੰਦਰਜੀਤ ਸਿੰਘ ਰਾਹੀਂ ਮੁਖਤਿਆਰ ਆਮ ਹਰਬੀਰ ਸਿੰਘ, 5. ਸੂਬਾ ਸਿੰਘ ਪੁੱਤਰ ਪ੍ਰੀਤਮ ਸਿੰਘ, 6. ਬਲਿਹਾਰ ਸਿੰਘ ਪੁੱਤਰ ਹੁਕਮ ਸਿੰਘ ਪੁੱਤਰ ਲਾਭ ਸਿੰਘ, 7. ਗੁਰਦੇਵ ਸਿੰਘ ਪੁੱਤਰ ਹੁਕਮ ਸਿੰਘ ਪੁੱਤਰ ਲਾਭ ਸਿੰਘ, 8. ਸਤਨਾਮ ਸਿੰਘ ਪੁੱਤਰ ਗੁਰਦੇਵ ਸਿੰਘ ਪੁੱਤਰ ਹੁਕਮ ਸਿੰਘ, 9. ਹਰਜਿੰਦਰ ਸਿੰਘ ਪੁੱਤਰ ਹਰਭਜਨ ਸਿੰਘ ਪੁੱਤਰ ਰੁਲਾ ਸਿੰਘ, 10. ਪਰਵਿੰਦਰ ਸਿੰਘ ਪੁੱਤਰ ਹਰਭਜਨ ਸਿੰਘ ਪੁੱਤਰ ਰਲਾ ਸਿੰਘ, ਵਾਸੀਆਨ ਪਿੰਡ ਪਰਾਗਪੁਰ, ਤਹਿਸੀਲ ਵਾ ਜ਼ਿਲ੍ਹਾ ਜਲੰਧਰ

ਬਾਬਤ ਤਕਸੀਮ ਕੇਸ ਪਿੰਡ ਪਰਾਗਪੁਰ, ਤਹਿਸੀਲ ਜਲੰਧਰ-1 ਦਰਖਾਸਤ ਜ਼ੇਰੇ ਧਾਰਾ 123 ਪੰਜਾਬ ਲੈਂਡ ਰੈਵੀਨਿਊ ਐਕਟ, 1887 ਬਰਾਏ ਤਕਸੀਮ ਅਰਾਜੀ ਖਸਰਾ 332/2 (1-6), 333/2 (3-14), 352/2 (3-7), 355/1 (0-1), 355/2, (4-15), 356/1 (0-9), 356/2 (2-5), 357/1 (0-1), 358 (2-15), 359 (4-2), 360 (1-7), 361 (6-3), 362 (3-0), 363 (3-4), 364 (1-16), 365 (9-13), 366 (2-11), 367 (1-14), 368/2 (0-3), 368/3 (1-2), 369/1 (5-7) ਕੁਲ ਰਕਬਾ 63 ਕਨਾਲ 17 ਮਰਲੇ ਸਾਲਮ ਵਾ ਨੰਬਰ ਖਸਰਾ 334(1-13) ਦਾ 5/6 ਹਿੱਸਾ ਬਕਦਰ (1-7) ਵਾ 357/2 (0-6) ਦਾ 1/6 ਹਿੱਸਾ ਬਕਦਰ (0-1) ਵਾ 350/1 (0-3), 351/2 (0-9) ਕੁਲ 0-12 ਵਾ 1543/3192 ਹਿੱਸਾ ਬਕਦਰ 0-6 ਵਾਕਿਆ ਰਕਬਾ ਪਿੰਡ ਕੋਟ ਕਲਾਂ ਅਤੇ ਨੰਬਰ ਖਸਰਾ 809 (8-9), 810 (6-18), 811 (2-4), 812 (3-4), 812 (1-0) 838 (4-0), 839 (6-18), 902 (2-8), 903 (7-12) 905 (8-0), 906 (9-7), 908 (2-8), 806 (2-2) 808 (3-17) 71 ਕਨਾਲ 4 ਮਰਲੇ ਵਾਕਿਆ ਰਕਬਾ ਪਿੰਡ ਪਰਾਗਪੁਰ, ਤਹਿਸੀਲ ਵਾ ਜ਼ਿਲ੍ਹਾ ਜਲੰਧਰ

ਉਕਤ ਮੁਕੱਦਮੇ ਵਿਚ ਅਦਾਲਤ ਨੂੰ ਪੂਰਾ ਯਕੀਨ ਹੋ ਚੁੱਕਾ ਹੈ ਕਿ ਮਾਮੂਲੀ ਤਰੀਕੇ ਨਾਲ ਸੰਮਨ ਤੇ ਤਾਮੀਲ ਹੋਣੀ ਮੁਸ਼ਕਿਲ ਹੈ। ਇਸ ਲਈ ਜੇਕਰ ਕਿਸੇ ਵਿਅਕਤੀ ਨੂੰ ਉਕਤ ਤਕਸੀਮ ਕੇਸ ਦਾ ਫੈਸਲਾ ਹੋਣ ਵਿਚ ਕੋਈ ਇਤਰਾਜ਼ ਹੈ ਤਾਂ ਉਹ ਆਪਣਾ ਇਤਰਾਜ਼ ਖੁਦ ਜਾਂ ਆਪਣੇ ਵਕੀਲ ਰਾਹੀਂ ਨਿਮਨ ਹਸਤਾਖਰ ਦੀ ਅਦਾਲਤ ਵਿੱਚ ਮਿਤੀ 10.02.2026 ਨੂੰ ਪੇਸ਼ ਕਰ ਸਕਦਾ ਹੈ। ਇਤਰਾਜ਼ ਪ੍ਰਾਪਤ ਨਾ ਹੋਣ ਦੀ ਸੂਰਤ ਵਿੱਚ ਕਾਰਵਾਈ ਯਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਇਸ ਕੇਸ ਦਾ ਫੈਸਲਾ ਤੁਹਾਡੀ ਹਾਜ਼ਰੀ ਦੇ ਬਗੈਰ ਕਰ ਦਿੱਤਾ ਜਾਵੇਗਾ।

ਅੱਜ ਮਿਤੀ 15/1/2026 ਨੂੰ ਮੇਰੇ ਹਸਤਾਖਰ ਅਤੇ ਮੋਹਰ ਅਦਾਲਤ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।
ਸਹੀ/-ਜ਼ਿਲ੍ਹਾ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ ਫਾਸਟ ਟਰੈਕ ਕੋਰਟ ਫਾਰ ਐੱਨ ਆਰ ਆਈਜ਼ ਜਲੰਧਰ।

## AXIS BANK LTD.

ਐਕਸਿਸ ਬੈਂਕ ਲਿਮਟਿਡ, ਰਿਟੇਲ ਐਸੱਟ ਸੈਂਟਰ, ਦੂਜੀ ਮੰਜ਼ਲ, ਜਾਇਦਾਦ # 7-ਈ, ਮਿਊਂਸਪਲ 3903/1142/16, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001
ਰਜਿਸਟਰਡ ਦਫਤਰ : 'ਤ੍ਰਿਸ਼ੂਲ', ਤੀਜੀ ਮੰਜ਼ਲ, ਸਾਹਮਣੇ ਸਮਰਥੇਸ਼ਵਰ ਮੰਦਰ, ਲਾਅ ਗਾਰਡਨ, ਐਲਿਸਬ੍ਰਿਜ ਅਹਿਮਦਾਬਾਦ-380006

### ਅੰਤਿਕਾ IV [ਹਵਾਲਾ ਰੂਲ-8 (1)] ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)

ਜਦੋਂ ਕਿ ਨਿਮਨਹਸਤਾਖਰੀ ਨੇ ਐਕਸਿਸ ਬੈਂਕ ਲਿਮਟਿਡ ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਕਟ 2002 ਅਤੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ 24 ਜੁਲਾਈ 2025 ਨੂੰ ਡਿਮਾਂਡ ਨੋਟਿਸ ਜਾਰੀ ਕਰਦਿਆਂ ਮੈਸਰਜ਼ ਜੈ ਮਾਂ ਪਲਾਸਟਿਕ ਰਾਹੀਂ ਇਸ ਦੇ ਮਾਲਕ ਸ੍ਰੀ ਮੋਹਿਤ ਗੁਪਤਾ ਨੂੰ 18 ਜੂਨ 2025 ਨੂੰ ਨੋਟਿਸ 'ਚ ਦਰਸਾਈ ਬਕਾਇਆ ਰਕਮ ਰੁਪਏ 46,30,855/- (ਛਿਆਲੀ ਲੱਖ ਤੀਹ ਹਜ਼ਾਰ ਅੱਠ ਸੌ ਪਚਵੰਜਾ ਰੁਪਏ ਕੇਵਲ) ਰਕਮ ਦੀ ਅਦਾਇਗੀ ਦੀ ਮਿਤੀ ਤੱਕ, ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਦਾ ਸੱਦਾ ਦਿੱਤਾ ਸੀ। ਕਰਜ਼ਦਾਰ ਰਕਮ ਵਾਪਸ ਮੋੜਨ 'ਚ ਅਸਫਲ ਰਿਹਾ ਹੈ। ਕਰਜ਼ਦਾਰ/ਸਹਿ-ਕਰਜ਼ਦਾਰ/ ਰਹਿਣਕਾਰ/ ਗਰੰਟਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਗਿਆ ਹੈ ਕਿ ਨਿਮਨਹਸਤਾਖਰੀ ਨੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ 28 ਜਨਵਰੀ 2026 ਨੂੰ ਕਬਜ਼ਾ ਹਾਸਲ ਕਰ ਲਿਆ ਹੈ। ਕਰਜ਼ਦਾਰ/ਸਹਿ-ਕਰਜ਼ਦਾਰ/ਰਹਿਣਕਾਰ/ਗਰੰਟਰ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਸੌਦੇਬਾਜ਼ੀ ਨਾ ਕਰਨ ਲਈ ਸੁਚੇਤ ਕੀਤਾ ਜਾਂਦਾ ਹੈ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਐਕਸਿਸ ਬੈਂਕ ਲਿਮਟਿਡ ਨੂੰ ਰੁਪਏ 46,30,855/- (ਛਿਆਲੀ ਲੱਖ ਤੀਹ ਹਜ਼ਾਰ ਅੱਠ ਸੌ ਪਚਵੰਜਾ ਰੁਪਏ ਕੇਵਲ) ਸਮੇਤ ਇਸ 'ਤੇ ਹੋਰ ਵਿਆਜ ਅਦਾਇਗੀ ਦੀ ਮਿਤੀ ਤੱਕ ਵਿਆਜ 'ਤੇ ਠੇਕਾ ਦਰ 'ਤੇ ਖਰਚੇ ਦੀ ਵਸੂਲੀ ਹੇਠ ਹੋਵੇਗੀ।
ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ/ਸਹਿ-ਕਰਜ਼ਦਾਰ/ਰਹਿਣਕਾਰ/ਗਰੰਟਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

### ਅਚੱਲ ਜਾਇਦਾਦ ਦਾ ਵੇਰਵਾ

ਬੈਨਾਮਾ ਵਸੀਕਾ ਨੰ. 2267 ਮਿਤੀ 30.01.2006 ਅਨੁਸਾਰ ਸੰਜੂ ਗੁਪਤਾ ਪਤਨੀ ਮੁੰਨਾ ਗੁਪਤਾ ਦੇ ਪੱਖ 'ਚ ਵਪਾਰਕ ਜਾਇਦਾਦ ਵਾਰਡ ਨੰ. 5 'ਚ ਸਥਿਤ ਭੁਰਾਰੇ ਰੋਡ ਚਮਕੌਰ ਸਾਹਿਬ, ਸਬ-ਤਹਿਸੀਲ ਚਮਕੌਰ ਸਾਹਿਬ, ਜ਼ਿਲ੍ਹਾ ਰੂਪਨਗਰ, ਜਮ੍ਹਾਂਬੰਦੀ ਸਾਲ 2002-03, ਖੇਵਟ/ਖੱਤਾ ਨੰ. 507/528, ਖਸਰਾ ਨੰ. 80//10 (7-4) ਕੁੱਲ ਖੇਤਰ ਰਕਬਾ 7 ਕਨਾਲ 4 ਮਰਲੇ 'ਚੋਂ ਹਿੱਸਾ 14/144, ਜੋ ਕਿ ਖੇਤਰ ਰਕਬਾ 0 ਕਨਾਲ 7 ਮਰਲੇ ਅਤੇ 49/1008 ਹਿੱਸਾ, ਜੋ ਕਿ 0 ਕਨਾਲ 14 ਮਰਲੇ ਨਾਲ ਸੰਬੰਧਤ ਸਭ ਕੁੱਝ। ਹੱਦਾਂ ਇਸ ਤਰ੍ਹਾਂ ਹਨ : ਪੂਰਬ : ਐਨ/ਏ, ਪੱਛਮ : ਐੱਨ/ਏ, ਉੱਤਰ : ਐੱਨ/ਏ, ਦੱਖਣ : ਐੱਨ/ਏ

ਮਿਤੀ : 30 ਜਨਵਰੀ 2026 ਸਹੀ/- ਅਧਿਕਾਰਤ ਅਫਸਰ
ਸਥਾਨ : ਚਮਕੌਰ ਸਾਹਿਬ ਐਕਸਿਸ ਬੈਂਕ ਲਿਮਟਿਡ

## COURT NOTICE

(U/o 5 Rule 20 CPC)
In the Court of
Ms. Geetanshu
Civil Judge (Junior Division) -IV, Barnala
CNR No. PBBR02-001926-2025
Next Date: 26-02-2026
Kewal Krishan
Vs.
Sampuran Singh
alias Sampuran Singh
Recovery 1,94,300/-
Publication Issued To:
Sampuran Singh alias Sampuran Singh
Father: Mahinder Singh Son of Chanan Singh Ghunas Teh. Taapa, Distt. Barnala

In above titled case, the defendant(s)/ respondent(s) could not be served. It is ordered that defendant(s)/respondent(s) should appear in person or through counsel on 26-02-2026 at 10:00 a.m.

For details logon to https://highcourtchd.gov.in/?mod=district_notice&district=barnala

Civil Judge (Junior Division) -IV, Barnala
Dated, this day of 28-01-2026

## COURT NOTICE

(U/O 5 Rule 20 Cpc)
In The Court of
Ms. Aesha Duvedi
Civil Judge Junior Division-15, Patiala
CNR No. PBPT02-000054-2025
Next Date:- 25-02-2026
State Bank Of India
Vs.
Tejasv Gautam
Publication Issued To:
Tejasv Gautam
Father : Pardeep Gautam
H.No. 107-B New Officer Colony Patiala

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 25-02-2026 at 10:00 a.m.

For details logon to https://highcourtchd.gov.in/?mod=district_notice&district=patiala

Civil Judge Division-15) Patiala
Dated this day of 28-01-2026

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਹਰਿੰਦਰਜੀਤ ਸਿੰਘ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਆਦਮਪੁਰ, ਤਹਿਸੀਲ ਆਦਮਪੁਰ, ਜ਼ਿਲ੍ਹਾ ਜਲੰਧਰ
ਕੇਸ ਅਨੁਵਾਨ: ਨਿਰਮਲ ਸਿੰਘ ਬਨਾਮ ਸੁੱਚਾ ਸਿੰਘ ਵਗੈਰਾ
ਵਾਕਿਆ ਪਿੰਡ : ਅਰਜਨਵਾਲ, ਤਹਿਸੀਲ ਆਦਮਪੁਰ, ਜ਼ਿਲ੍ਹਾ ਜਲੰਧਰ ਕੇਸ ਨੰਬਰ : other case/1/2025
ਇਹ ਇਸ਼ਤਿਹਾਰ/ਨੋਟਿਸ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ:

ਨੋਟਿਸ ਬਨਾਮ

1. ਸੁੱਚਾ ਸਿੰਘ ਪੁੱਤਰ ਜਗਤ ਸਿੰਘ, 2. ਦਵਿੰਦਰ ਸਿੰਘ ਪੁੱਤਰ ਮਲੂਕ ਸਿੰਘ, 3. ਏਕਮ ਸਿੰਘ ਪੁੱਤਰ ਮਲੂਕ ਸਿੰਘ 4. ਕੁਲਵਿੰਦਰ ਕੌਰ ਵਿਧਵਾ ਗੁਲਸ਼ਿੰਦਰ ਸਿੰਘ, 5. ਪਰਮਵੀਰ ਕੌਰ ਡੀ ਓ ਗੁਲਸ਼ਿੰਦਰ ਸਿੰਘ, 6. ਚਰਨਜੀਤ ਕੌਰ ਪੁੱਤਰੀ ਬਲਵੀਰ ਸਿੰਘ, 7. ਮਨਜੀਤ ਸਿੰਘ ਪੁੱਤਰ ਗੁਰਮੇਲ ਸਿੰਘ, 8. ਸੁਖਦੇਵ ਕੌਰ ਵਿਧਵਾ ਅਵਤਾਰ ਸਿੰਘ, 9. ਮਨਜਿੰਦਰ ਗਰੇਵਾਲ ਪੁੱਤਰ ਅਵਤਾਰ ਸਿੰਘ, 10. ਹਰਿੰਦਰਜੀਤ ਕੌਰ ਪੁੱਤਰੀ ਅਵਤਾਰ ਸਿੰਘ, 11. ਰਾਜਵਿੰਦਰ ਕੌਰ ਪੁੱਤਰੀ ਅਵਤਾਰ ਸਿੰਘ, 12. ਭਗਤਾ ਪੁੱਤਰ ਅਮਰ ਸਿੰਘ, 13. ਪ੍ਰੇਮ ਸਿੰਘ ਪੁੱਤਰ ਜਗਤ ਸਿੰਘ, 14. ਬੰਤਾ ਸਿੰਘ ਪੁੱਤਰ ਚੰਦਾ ਸਿੰਘ, 15. ਹਰਭਜਨ ਸਿੰਘ ਪੁੱਤਰ ਕਰਤਾਰ ਸਿੰਘ, 16. ਸੁਖਦੇਵ ਸਿੰਘ ਪੁੱਤਰ ਕਰਤਾਰ ਸਿੰਘ, 17. ਸੰਤੋਖ ਸਿੰਘ ਪੁੱਤਰ ਕਰਤਾਰ ਸਿੰਘ, 18. ਅਮਰੀਕ ਸਿੰਘ ਪੁੱਤਰ ਰੇਸ਼ਮ ਸਿੰਘ, 19. ਹਰਬੰਸ ਕੌਰ ਵਿਧਵਾ ਅਵਤਾਰ ਸਿੰਘ, 20. ਕੁਲਵਿੰਦਰ ਸਿੰਘ ਪੁੱਤਰ ਅਵਤਾਰ ਸਿੰਘ, 21. ਇੰਦਰਜੀਤ ਕੌਰ ਡੀਓ ਅਵਤਾਰ ਸਿੰਘ, 22. ਕੁਲਵਿੰਦਰ ਕੌਰ ਵਿਧਵਾ ਗੁਲਸ਼ਿੰਦਰ ਸਿੰਘ, 23. ਪਰਮਵੀਰ ਕੌਰ ਡੀਓ ਗੁਲਸ਼ਿੰਦਰ ਸਿੰਘ, 24. ਕਰਨੈਲ ਸਿੰਘ ਪੁੱਤਰ ਸੁੱਚਾ ਸਿੰਘ, 25. ਲਵਲੀ ਪੁੱਤਰ ਗੁਰਦੇਵ ਸਿੰਘ, 26. ਬਰਜਿੰਦਰ ਕੌਰ ਡੀਓ ਗੁਰਦੇਵ ਸਿੰਘ, 27. ਕੁਲਦੀਪ ਕੌਰ ਡੀਓ ਗੁਰਦੇਵ ਸਿੰਘ, 28. ਰਾਜਵਿੰਦਰ ਕੌਰ ਡੀਓ ਗੁਰਦੇਵ ਸਿੰਘ, 29. ਕ੍ਰਿਸ਼ਨ ਸਿੰਘ ਪੁੱਤਰ ਦੀਵਾਨ ਸਿੰਘ, 30. ਨਰੰਜਨ ਸਿੰਘ ਪੁੱਤਰ ਦੀਵਾਨ ਸਿੰਘ, 31. ਅਜੈ ਕੁਮਾਰ ਪੁੱਤਰ ਰਾਮ ਜੀ, 31. ਏਕਮ ਸਿੰਘ ਪੁੱਤਰ ਬਾਵਾ ਸਿੰਘ, 32. ਬਸੰਤ ਸਿੰਘ ਪੁੱਤਰ ਸੁੱਚਾ ਸਿੰਘ, 33. ਦੀਦਾਰ ਸਿੰਘ ਪੁੱਤਰ ਗੁਰਬੰਸ ਸਿੰਘ, ਸਾਰੇ ਵਾਸੀ ਪਿੰਡ ਅਰਜਨਵਾਲ, ਤਹਿਸੀਲ ਆਦਮਪੁਰ, ਜ਼ਿਲ੍ਹਾ ਜਲੰਧਰ, 34. ਮਦਨ ਕੋਆਪ. ਐਗਰੀ ਸੋਸਾਇਟੀ, ਪਿੰਡ ਮਦਨ ਸ਼ਾਖਾ।

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਪਰੋਕਤ ਤਕਸੀਮ ਕੇਸ ਵਿੱਚ ਉੱਤਰਵਾਦੀਆਂ ਦੀ ਇਤਲਾਹ ਆਮ ਤਰੀਕੇ ਨਾਲ ਨਹੀਂ ਹੋ ਸਕਦੀ। ਇਸ ਤਕਸੀਮ ਕੇਸ 'ਤੇ ਜੇਕਰ ਕਿਸੇ ਵੀ ਧਿਰ ਨੂੰ ਕੋਈ ਇਤਰਾਜ਼ ਹੈ ਤਾਂ ਉਹ ਆਪਣੇ ਇਤਰਾਜ਼ ਮਿਤੀ 19/02/2026 ਨੂੰ ਬਾਅਦ ਦੁਪਹਿਰ 2:30 ਵਜੇ ਅਦਾਲਤ ਵਿੱਚ ਹਾਜ਼ਰ ਆਵੇ ਤੱਕ ਖੁਦ ਪੇਸ਼ ਹੋ ਕੇ/ਮੁਖਤਾਰ ਰਾਹੀਂ/ਅਸਾਲਤਨ ਜਾਂ ਵਕਾਲਤਨ ਰਾਹੀਂ ਪੇਸ਼ ਹੋ ਕੇ ਇਤਰਾਜ਼ ਦੇ ਸਕਦੇ ਹਨ। ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਕਾਰਵਾਈ ਇਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਜਾਵੇਗੀ।

1108 ਨੰਬਰ/ਰੀਡਰ ਮਿਤੀ 28.01.26 ਨੂੰ ਮੇਰੇ ਦਸਖਤਾਂ ਤੇ ਮੋਹਰ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।
ਸਹੀ/-ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਆਦਮਪੁਰ, ਜਲੰਧਰ।

## YES BANK

Registered and Corporate Office: YES BANK House, Off Western Express Highway, Santacruz East, Mumbai – 400055 India. Website: www.yesbank.in
Email: comminications@yesbank.in CIN: L65190MH2003PLC143249
Regional Office At: 4th Floor, Max Tower, Sector 16B, Noida, U.P.- 201301

### ਅਚੱਲ ਜਾਇਦਾਦ ਦੀ ਵਿੱਕਰੀ ਲਈ ਨੋਟਿਸ

ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (6) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ, 2002 ਤਹਿਤ ਅਚੱਲ ਐੱਸਟਸ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ।

ਆਮ ਜਨਤਾ ਅਤੇ ਖਾਸ ਕਰਕੇ ਕਰਜ਼ਦਾਰ (ਕਰਜ਼ਦਾਰਾਂ) ਅਤੇ ਗਰੰਟਰ (ਗਰੰਟਰਾਂ) ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਸਕਿਉਰਡ ਕ੍ਰੈਡਿਟਰ ਕੋਲ ਰਹਿਣ/ਚਾਰਜਡ ਹੇਠਾਂ ਦਰਸਾਈ ਅਚੱਲ ਜਾਇਦਾਦ, ਜਿਸ ਦਾ ਯੈੱਸ ਬੈਂਕ ਲਿਮਟਿਡ ਦੇ ਅਧਿਕਾਰਤ ਅਫਸਰ ਅਰਥਾਤ ਸਕਿਓਰਡ ਕ੍ਰੈਡੀਟਰ ਵੱਲੋਂ ਭੌਤਿਕ ਕਬਜ਼ਾ ਪ੍ਰਾਪਤ ਕੀਤਾ ਜਾ ਚੁੱਕਾ ਹੈ ਕਿ ਸਕਿਉਰਡ ਕ੍ਰੈਡਿਟਰ ਵੱਲੋਂ (1) ਓਮ ਪ੍ਰਕਾਸ਼ ਪੁੱਤਰ ਰਾਮ ਗੁਲਾਮ (ਕਰਜ਼ਦਾਰ) (2) ਪੁਸ਼ਪਾ ਮਾਰਫਤ ਓਮ ਪ੍ਰਕਾਸ਼ (ਸਹਿ-ਕਰਜ਼ਦਾਰ, ਰਹਿਣਕਾਰ ਅਤੇ ਗਰੰਟਰ) ਤੋਂ ਠੇਕਾ ਦਰ ਅਤੇ ਹੋਰ ਵਿਆਜ ਅਤੇ ਚਾਰਜਿਜ਼ ਸਮੇਤ ਮਿਤੀ 21 ਫਰਵਰੀ 24 ਨੂੰ ਬਕਾਇਆ ਨਿਕਲਦੀ ਰਕਮ ਰੁਪਏ 42,90,534.64/- (ਬਤਾਲੀ ਲੱਖ ਨੱਬੇ ਹਜ਼ਾਰ ਪੰਜ ਸੌ ਚੌਤੀ ਰੁਪਏ ਅਤੇ ਚੌਂਹਠ ਪੈਸੇ ਕੇਵਲ) ਦੀ ਵਸੂਲੀ ਲਈ ਮਿਤੀ 20 ਫਰਵਰੀ 2026 ਨੂੰ "ਜਿਵੇਂ ਹੈ ਜਿੱਥੇ ਹੈ", "ਜੋ ਵੀ ਹੈ ਜਿਵੇਂ ਹੈ" ਦੇ ਅਧਾਰ 'ਤੇ ਵਿਕਰੀ ਕੀਤੀ ਜਾਵੇਗੀ।

ਰਾਖਵੀਂ ਕੀਮਤ ਰੁਪਏ 38,62,080/- (ਅਠੱਤੀ ਲੱਖ ਬਾਹਟ ਹਜ਼ਾਰ ਅੱਸੀ ਰੁਪਏ ਕੇਵਲ) ਹੋਵੇਗੀ ਅਤੇ ਬਿਆਨਾ ਰਕਮ ਜਮ੍ਹਾਂ ਰੁਪਏ 3,86,208/- (ਤਿੰਨ ਲੱਖ ਛਿਆਸੀ ਹਜ਼ਾਰ ਦੋ ਸੌ ਅੱਠ ਰੁਪਏ ਕੇਵਲ) ਹੋਵੇਗੀ।

### ਜਾਇਦਾਦ ਦਾ ਵੇਰਵਾ

ਰਹਿਣ ਕੀਤੀ ਜਾਇਦਾਦ ਦਾ ਵੇਰਵਾ : ਗੈਰ-ਖੇਤੀਬਾੜੀ ਜਾਇਦਾਦ ਜੋ ਕਿ ਮਕਾਨ ਨੰ. 279-280 ਰਕਬਾ 04 ਮਰਲਾ 172 ਵਰਗ ਫੁੱਟ, ਗਰੋਵਰ ਕਲੋਨੀ ਵਿਖੇ, ਦਿਲਬਾਗ ਨਗਰ, ਐਕਸਟੈਨਸ਼ਨ, ਹੱਦਬਸਤ ਨੰ. 312, ਖੱਤਾ ਖਤੌਨੀ ਨੰ. 208/225, 209/226, ਖਸਰਾ ਨੰ. 834, 835, 836, 1951/877, 878, 1417/879, 1418/879, 1419/879, 880, 868, 869, 870, 1370/881, 1371/881, 1372/881, 882, 883, 1652/913-915, 914, 916, 917, 919, 921, 922, 923, 910, 911, 912, 1651/913-915, 918, 920, 837 ਵਾਕਿਆ ਅਬਾਦੀ ਜਲੰਧਰ, ਤਹਿਸੀਲ ਤੇ ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁਝ। ਹੱਦਾਂ : (ਸਾਈਟ ਅਨੁਸਾਰ) ਪੱਛਮ : ਮਕਾਨ ਨੰ. 281, ਉੱਤਰ : ਸੜਕ, ਪੂਰਬ : ਪਲਾਟ ਨੰ. 279, ਦੱਖਣ : ਹੋਰ। ਰਹਿਣਕਾਰ : ਪੁਸ਼ਪਾ ਮਾਰਫਤ ਓਮ ਪ੍ਰਕਾਸ਼
ਈ-ਨਿਲਾਮੀ ਦੀ ਮਿਤੀ ਤੇ ਸਮਾਂ : 20 ਫਰਵਰੀ 2026 ਸਵੇਰੇ 11.00 ਵਜੇ ਤੋਂ 2.00 ਵਜੇ ਬਾਅਦ ਦੁਪਹਿਰ 5 ਮਿੰਟਾਂ ਦੇ ਹਰੇਕ ਵਾਧੇ ਨਾਲ
ਬੋਲੀ ਜਮ੍ਹਾਂ ਕਰਵਾਉਣ ਦੀ ਅੰਤਮ ਮਿਤੀ : 18 ਫਰਵਰੀ 2026 ਸ਼ਾਮ ਦੇ 5.00 ਵਜੇ ਤੱਕ ।
ਜਾਇਦਾਦ ਦੇ ਨਿਰੀਖਣ ਦੀ ਮਿਤੀ ਤੇ ਸਮਾਂ : 16 ਫਰਵਰੀ 2026, ਸਵੇਰੇ 11.00 ਵਜੇ ਤੋਂ ਸ਼ਾਮ 2 ਵਜੇ ਤੱਕ।

ਵਿਕਰੀ ਦੀਆਂ ਵਿਸਥਾਰਤ ਸ਼ਰਤਾਂ ਅਤੇ ਨਿਯਮਾਂ ਬਾਰੇ ਕ੍ਰਿਪਾ ਕਰਕੇ http://10.0.49.5/about-us/media/auction-property ਸਕਿਉਰਡ ਕ੍ਰੈਡਿਟਰ ਦੀ ਵੈੱਬਸਾਈਟ ਅਰਥਾਤ www.yesbank.in 'ਤੇ ਮੁਹੱਈਆ ਲਿੰਕ ਦਾ ਹਵਾਲਾ ਲਿਆ ਜਾਵੇ।
ਟੈਂਡਰ ਦਸਤਾਵੇਜ਼/ਈ-ਬੋਲੀ ਕੈਟਾਲਾਗ ਜਾਂ ਅਚੱਲ ਜਾਇਦਾਦਾਂ/ਸਕਿਉਰਡ ਐੱਸਟਸ ਹਾਸਲ ਕਰਨ 'ਚ ਕਿਸੇ ਮੁਸ਼ਕਲ ਅਤੇ ਪੁੱਛਗਿੱਛ ਲਈ ਕ੍ਰਿਪਾ ਕਰਕੇ ਯੈੱਸ ਬੈਂਕ ਲਿਮਟਿਡ ਦੇ ਸੰਬੰਧਤ ਅਧਿਕਾਰੀਆਂ : ਸ੍ਰੀ ਅਮਿੱਤ ਸ਼ਰਮਾ ਨੂੰ 9996467419 ਜਾਂ ਈ-ਮੇਲ Amit.Sharma62@yesbank ਅਤੇ ਮੈਸ. ਈ-ਪ੍ਰੋਕਿਉਰਮੈਂਟ ਟੈਕਨਾਲੋਜੀਜ਼ ਲਿਮਟਿਡ (ਆਕਸ਼ਨ ਟਾਈਗਰ) ਅਹਿਮਦਾਬਾਦ ਦੇ ਅਧਿਕਾਰੀਆਂ, ਵੈੱਬ ਪੋਰਟਲ ਪਤਾ https://sarfaesi.auctiontiger.net ਬੋਲੀਕਰਤਾ ਦੇ ਸਹਾਇਕ ਨੰਬਰਾਂ +91 9265562821/18 ਅਤੇ 9978591888, 079-68136880/68136837 ਈ ਮੇਲ : support@auctiontiger.net ਅਤੇ rampasad@auctiontiger.net ਨਾਲ ਸੰਪਰਕ ਕੀਤਾ ਜਾਵੇ, ਸੰਪਰਕ ਵਿਅਕਤੀ ਸ੍ਰੀ ਰਾਮ ਸ਼ਰਮਾ-9978591888
ਸਾਰੇ ਬਕਾਏ ਸਮੇਤ ਸਾਡੇ ਵੱਲੋਂ ਸਹਿਣ ਕੀਤੀਆਂ ਗਈਆਂ ਲਾਗਤਾਂ, ਚਾਰਜਿਜ਼ ਅਤੇ ਖਰਚੇ ਵਿਕਰੀ ਜਾਂ ਤਬਾਦਲੇ ਲਈ ਨਿਰਧਾਰਤ ਕੀਤੀ ਗਈ ਮਿਤੀ ਤੋਂ ਪਹਿਲਾਂ ਕਿਸੇ ਸਮੇਂ ਵੀ ਅਦਾ ਕੀਤੇ ਜਾਣ ਦੇ ਮਾਮਲੇ 'ਚ ਐਕਟ ਦੇ ਸੈਕਸ਼ਨ 13 (8) ਤਹਿਤ ਵਿਚਾਰ ਕੀਤੀ ਜਾ ਸਕਦੀ ਹੈ ਅਤੇ ਸਕਿਉਰਡ ਐੱਸਟ ਦੀ ਸਾਡੇ ਵੱਲੋਂ ਵਿਕਰੀ ਜਾਂ ਤਬਾਦਲਾ ਕਰਨ ਸੰਬੰਧੀ ਕੋਈ ਕਦਮ ਨਹੀਂ ਉਠਾਇਆ ਜਾਵੇਗਾ।

### ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਲਈ ਵਿੱਕਰੀ ਨੋਟਿਸ

ਉਪਰੋਕਤ, ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (6) ਨਾਲ ਪੜ੍ਹੇ ਜਾਂਦੇ ਰੂਲ 9 (1) ਤਹਿਤ, ਜ਼ਿੰਮੇਵਾਰਾਂ ਲਈ ਪ੍ਰਕਾਸ਼ਨਾ ਮਿਤੀ ਤੋਂ 15 ਦਿਨਾਂ ਅੰਦਰ ਅਦਾਇਗੀ ਦਾ ਨੋਟਿਸ ਸਮਝਿਆ ਜਾਵੇ।

ਮਿਤੀ : 30.01.2026 ਸਹੀ/- (ਅਧਿਕਾਰਤ ਅਫਸਰ)
ਸਥਾਨ : ਜਲੰਧਰ ਯੈੱਸ ਬੈਂਕ ਲਿਮਟਿਡ

# ਭੱਠਲ ਦੇ ਖੁਲਾਸੇ ਨੇ ਕਾਂਗਰਸ ਦਾ ਅਸਲੀ ਚਿਹਰਾ ਕੀਤਾ ਬੇਨਕਾਬ : ਬਲਤੇਜ ਪੰਨੂ

**ਚੰਡੀਗੜ੍ਹ (ਗੁਰਜੀਤ ਬਿੱਲਾ)** ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਸੂਬਾ ਜਨਰਲ ਸਕੱਤਰ ਅਤੇ ਮੀਡੀਆ ਇੰਚਾਰਜ ਬਲਤੇਜ ਸਿੰਘ ਪੰਨੂ ਨੇ ਸਾਬਕਾ ਮੁੱਖ ਮੰਤਰੀ ਅਤੇ ਸੀਨੀਅਰ ਕਾਂਗਰਸੀ ਆਗੂ ਬੀਬੀ ਰਜਿੰਦਰ ਕੌਰ ਭੱਠਲ ਦੀ ਇੱਕ ਇੰਟਰਵਿਊ ਦਾ ਹਵਾਲਾ ਦਿੰਦਿਆਂ ਗੰਭੀਰ ਸਵਾਲ ਖੜ੍ਹੇ ਕੀਤੇ ਹਨ। ਉਨ੍ਹਾਂ ਕਿਹਾ ਕਿ ਇਸ ਖੁਲਾਸੇ ਨੇ ਰਵਾਇਤੀ ਪਾਰਟੀਆਂ ਦਾ ਅਸਲੀ ਚਿਹਰਾ ਲੋਕਾਂ ਸਾਹਮਣੇ ਲਿਆ ਦਿੱਤਾ ਹੈ।ਬਲਤੇਜ ਸਿੰਘ ਪੰਨੂ ਨੇ ਦੱਸਿਆ ਕਿ ਉਹ ਬੀਬੀ ਭੱਠਲ ਦੀ ਇੱਕ ਇੰਟਰਵਿਊ ਸੁਣ ਰਹੇ ਸਨ ਜਿਸ ਵਿੱਚ ਭੱਠਲ ਨੇ ਖੁਦ ਮੰਨਿਆ ਕਿ ਜਦੋਂ ਉਹ ਮੁੱਖ ਮੰਤਰੀ ਸਨ ਅਤੇ ਚੋਣਾਂ ਆਈਆਂ ਤਾਂ ਉਨ੍ਹਾਂ ਨੂੰ ਪਾਰਟੀ ਦੇ ਕੁਝ ਸਲਾਹਕਾਰਾਂ ਅਤੇ ਨੇਤਾਵਾਂ ਨੇ ਸਲਾਹ ਦਿੱਤੀ ਕਿ ਬੱਸਾਂ ਅਤੇ ਜਨਤਕ ਥਾਵਾਂ 'ਤੇ ਬੰਬ ਧਮਾਕੇ ਕਰਵਾ ਦਿੱਤੇ ਜਾਣ ਤਾਂ ਜੋ ਸਰਕਾਰ ਦੁਬਾਰਾ ਬਣ ਸਕੇ।ਪੰਨੂ ਨੇ ਕਿਹਾ ਕਿ ਇਹ ਬਹੁਤ ਹੀ ਸੰਗੀਨ ਅਤੇ ਹੈਰਾਨ ਕਰਨ ਵਾਲਾ ਖੁਲਾਸਾ ਹੈ। ਉਨ੍ਹਾਂ ਮੰਗ ਕੀਤੀ ਕਿ ਬੀਬੀ ਭੱਠਲ ਨੂੰ ਤੁਰੰਤ ਦੱਸਣਾ ਚਾਹੀਦਾ ਹੈ ਕਿ ਕਾਂਗਰਸ ਦੇ ਉਹ ਕਿਹੜੇ ਨੇਤਾ ਅਤੇ ਸਲਾਹਕਾਰ ਸਨ ਜਿਨ੍ਹਾਂ ਨੇ ਅਜਿਹੀ ਘਿਨਾਉਣੀ ਸਲਾਹ ਦਿੱਤੀ ਸੀ। ਆਪ ਆਗੂ ਨੇ ਕਿਹਾ ਕਿ ਇਹ ਬਿਆਨ ਸਾਫ਼ ਕਰਦਾ ਹੈ ਕਿ ਪਿਛਲੇ ਸਮੇਂ ਵਿੱਚ ਰਵਾਇਤੀ ਪਾਰਟੀਆਂ ਕਿਸ ਤਰ੍ਹਾਂ ਆਮ ਲੋਕਾਂ ਦੀਆਂ ਜਾਨਾਂ ਦਾਅ 'ਤੇ ਲਾ ਕੇ ਆਪਣੀਆਂ ਸਰਕਾਰਾਂ ਬਣਾਉਂਦੀਆਂ ਰਹੀਆਂ ਹਨ। ਇਹ ਪੰਜਾਬ ਦੇ ਲੋਕਾਂ ਨਾਲ ਧੋਖਾ ਹੈ।



# ਮਜ਼ਦੂਰ ਮਾਰੂ ਨੀਤੀਆਂ ਵਿਰੁੱਧ ਜਲੰਧਰ ਵਿਖੇ ਹੋਵੇਗੀ ਸੂਬਾ ਪੱਧਰੀ ਰੈਲੀ : ਨਾਹਰ, ਦਾਊਦ

**ਜਲੰਧਰ (ਰਾਜੇਸ਼ ਥਾਪਾ)**- ਦਿਹਾਤੀ ਮਜ਼ਦੂਰ ਸਭਾ ਦੀ ਕਾਰਜਕਾਰਨੀ ਦੀ ਮੀਟਿੰਗ ਸੂਬਾ ਪ੍ਰਧਾਨ ਦਰਸ਼ਨ ਨਾਹਰ ਦੀ ਪ੍ਰਧਾਨਗੀ ਹੇਠ ਜਲੰਧਰ ਵਿਖੇ ਹੋਈ। ਸੂਬਾਈ ਜਨਰਲ ਸਕੱਤਰ ਗੁਰਨਾਮ ਸਿੰਘ ਦਾਊਦ ਨੇ ਦੇਸ਼ ਦੇ ਮੌਜੂਦਾ ਹਾਲਾਤ 'ਤੇ ਚਾਨਣਾ ਪਾਇਆ।ਮੀਟਿੰਗ ਦੇ ਫੈਸਲੇ ਨੂੰ ਪ੍ਰੈੱਸ ਲਈਏ ਜਾਰੀ ਕਰਦਿਆਂ



ਸੂਬਾ ਪ੍ਰੈੱਸ ਸਕੱਤਰ ਬਲਦੇਵ ਸਿੰਘ ਨੂਰਪੁਰੀ ਨੇ ਦੱਸਿਆ ਕਿ ਜਥੇਬੰਦੀ ਵੱਲੋਂ ਕੇਂਦਰ ਤੇ ਪੰਜਾਬ ਸਰਕਾਰ ਦੀਆਂ ਮਜ਼ਦੂਰ ਵਿਰੋਧੀ ਨੀਤੀਆਂ ਮਨਰੇਗਾ ਕਾਨੂੰਨ ਨੂੰ ਖ਼ਤਮ ਕਰਕੇ ਵਿਕਸਤ ਭਾਰਤ ਜੀ ਰਾਮ ਜੀ ਕਾਨੂੰਨ ਬਣਾਉਣ, ਪ੍ਰਸਤਾਵਤ ਬਿਜਲੀ ਸੋਧ ਬਿੱਲ 2025 ਲਿਆਉਣ,ਕਿਰਤ ਕਾਨੂੰਨਾਂ ਵਿੱਚ ਸੋਧਾਂ ਕਰਕੇ ਚਾਰ ਕੋਡ ਬਣਾਉਣ, ਪਬਲਿਕ ਸੈਕਟਰ ਦੇ ਅਦਾਰਿਆਂ ਦੇ ਨਿੱਜੀਕਰਨ ਵਿਰੁੱਧ ਅਤੇ ਹੱਕੀ ਤੇ ਜਾਇਜ਼ ਮੰਗਾਂ ਬੁਢਾਪਾ, ਵਿਧਵਾ ਅਤੇ ਅੰਗਹੀਣ ਪੈਨਸ਼ਨਾਂ ਪੰਜ ਹਜ਼ਾਰ ਰੁਪਏ ਕਰਨ, ਔਰਤਾਂ ਲਈ ਐਲਾਨ ਕੀਤਾ ਇੱਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣ, ਬੇਘਰਿਆਂ ਨੂੰ 10 -10 ਮਰਲੇ ਦੇ ਪਲਾਟ ਤੇ ਮਕਾਨ ਬਣਾਉਣ ਲਈ 5 ਲੱਖ ਰੁਪਏ ਦੀ ਗਰਾਂਟ ਦੇਣ, ਮਜ਼ਦੂਰਾਂ ਸਿਰ ਚੜ੍ਹਿਆ ਸਰਕਾਰੀ ਤੇ ਗੈਰ ਸਰਕਾਰੀ ਕਰਜ਼ਾ ਮੁਆਫ਼ ਕਰਨ,ਜਨਤਕ ਵੰਡ ਪ੍ਰਣਾਲੀ ਰਾਹੀਂ ਸਰਕਾਰੀ ਡਿਪੂਆਂ ਤੋਂ ਰਸੋਈ ਵਿੱਚ ਵਰਤੀਆਂ ਜਾਣ ਵਾਲੀਆਂ ਵਸਤਾਂ ਸਸਤੇ ਭਾਅ ਤੇ ਮੁਹੱਈਆਂ ਕਰਵਾਉਣ ਅਤੇ ਲੋੜਵੰਦਾਂ ਦੇ ਕੱਟੇ ਰਾਸ਼ਨ ਕਾਰਡ ਬਹਾਲ ਕੀਤੇ, ਪੀਣ ਵਾਲੇ ਸਾਫ ਸੁਥਰੇ ਪਾਣੀ ਦਾ ਪ੍ਰਬੰਧ ਕਰਨ, ਸੰਘਰਸ਼ਾਂ ਦੌਰਾਨ ਮਜ਼ਦੂਰਾਂ ਕਿਸਾਨਾਂ ਤੇ ਬਣਾਏ ਸਾਰੇ ਕੇਸ ਖਤਮ ਕਰਨ, ਭੂਮੀ ਸੁਧਾਰ ਕਾਨੂੰਨ ਲਾਗੂ ਕਰਕੇ ਵਾਧੂ ਜ਼ਮੀਨ ਬੇਜ਼ਮੀਨੇ ਕਿਰਤੀਆਂ ਵਿੱਚ ਵੰਡਣ ,ਪੰਚਾਇਤੀ ਜ਼ਮੀਨ ਵਿਚੋਂ ਤੀਸਰਾ ਹਿੱਸਾ ਸਮੁੱਚੇ ਐੱਸ. ਸੀ. ਭਾਈਚਾਰੇ ਨੂੰ ਘੱਟ ਰੇਟ 'ਤੇ ਦੇਣਾ ਯਕੀਨੀ ਬਣਾਉਣ ਆਦਿ ਦੀ ਪ੍ਰਾਪਤੀ ਲਈ 8 ਅਪਰੈਲ ਨੂੰ ਜਲੰਧਰ ਵਿੱਚ ਸੂਬਾ ਪੱਧਰੀ ਰੈਲੀ ਕੀਤੀ ਜਾਵੇਗੀ ਜਿਸ ਦੀ ਤਿਆਰੀ ਲਈ 11 ਤੋਂ 23 ਫਰਵਰੀ ਤੱਕ ਜ਼ਿਲਿਆਂ ਵਿਚ ਜਨਰਲ ਬਾਡੀ ਮੀਟਿੰਗਾਂ ਕਰਕੇ ਤਿਆਰੀਆਂ ਕਰਨ ਲਈ ਮੁਹਿੰਮ ਤੇਜ਼ ਕਰਨ ਦਾ ਸੱਦਾ ਦਿੱਤਾ ਅਤੇ 12 ਫਰਵਰੀ ਦੀ ਦੇਸ਼ ਵਿਆਪੀ ਹੜਤਾਲ ਵਿੱਚ ਦਿਹਾਤੀ ਮਜ਼ਦੂਰ ਸਭਾ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰੇਗੀ।

# ਰੋਟਰੀ ਆਈ ਬੈਂਕ ਤੇ ਕਾਰਨੀਅਲ ਟ੍ਰਾਂਸਪਲਾਂਟੇਸ਼ਨ ਸੋਸਾਇਟੀ ਸਨਮਾਨਤ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਗਣਤੰਤਰ ਦਿਵਸ ਮੌਕੇ ਜ਼ਿਲ੍ਹਾ ਮੈਜਿਸਟ੍ਰੇਟ ਆਸ਼ਿਕਾ ਜੈਨ ਦੀ ਅਗਵਾਈ ਹੇਠ ਰੋਟਰੀ ਆਈ ਬੈਂਕ ਅਤੇ ਕਾਰਨੀਅਲ ਟ੍ਰਾਂਸਪਲਾਂਟੇਸ਼ਨ ਸੋਸਾਇਟੀ ਨੂੰ ਮਾਣਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪ੍ਰਧਾਨ ਜੇ. ਬੀ. ਬਹਿਲ ਦੀ ਅਗਵਾਈ ਹੇਠ ਵਿਸ਼ੇਸ਼ ਸਨਮਾਨ ਨਾਲ ਨਿਵਾਜਿਆ ਗਿਆ।ਇਹ ਸਨਮਾਨ ਸੋਸਾਇਟੀ ਵੱਲੋਂ 4149 ਅਜਿਹੇ ਲੋਕ, ਜਿਹੜੇ ਕੇ ਕਾਰਨੀਆ ਅੰਧੇਪਣ ਨਾਲ ਪੀੜਤ ਸਨ, ਨੂੰ ਰੌਸ਼ਨੀ ਪ੍ਰਦਾਨ ਕਰਨ ਅਤੇ 29 ਦੇਹਾਂ ਨੂੰ ਮਰਨ ਉਪਰੰਤ ਵੱਖ-ਵੱਖ ਮੈਡੀਕਲ ਕਾਲਜਾਂ ਨੂੰ ਖੋਜ ਲਈ ਭੇਜਣ ਦੀ ਮਹੱਤਵਪੂਰਨ ਸੇਵਾ ਦੇ ਲਈ ਦਿੱਤਾ ਗਿਆ।ਇਸ ਮੌਕੇ ਰਮਿੰਦਰ ਸਿੰਘ ਵੀ ਹਾਜ਼ਰ ਸਨ।

# ਸ੍ਰੀ ਗੁਰੂ ਰਵਿਦਾਸ ਦੇ ਪ੍ਰਕਾਸ਼ ਪੁਰਬ 'ਤੇ ਪ੍ਰਭਾਤ ਫੇਰੀਆਂ ਸ਼ੁਰੂ

**ਮਾਹਿਲਪੁਰ (ਸਫ਼ਰੀ)** ਬਲਾਕ ਮਾਹਿਲਪੁਰ ਅਧੀਨ ਪੈਂਦੇ ਪਿੰਡ ਟੂਟੋ ਮਜਾਰਾ ਵਿਚ ਸੰਤ ਕਰਤਾਰ ਦਾਸ, ਸੰਚਾਲਕ ਡੇਰਾ ਸੰਤ ਬਾਬਾ ਗੁਰਮੁਖ ਦਾਸ ਅਤੇ ਸ੍ਰੀ ਗੁਰੂ ਰਵਿਦਾਸ ਨੌਜਵਾਨ ਸਭਾ ਟੂਟੋਮਜਾਰਾ ਦੇ ਉੱਦਮ ਸਦਕਾ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਾਰੇ ਪਿੰਡ ਵਿੱਚ ਪ੍ਰਭਾਤ ਫੇਰੀ ਕੱਢੀ ਜਾ ਰਹੀ ਹੈ। ਜਿਸ ਵਿਚ ਪਿੰਡ ਵਾਸੀ ਇਕ ਸੁੰਦਰ ਪਾਲਕੀ ਵਿੱਚ ਗੁਰੂ ਸਾਹਿਬ ਦੀ ਤਸਵੀਰ ਸਸ਼ੋਭਤ ਕਰਕੇ ਗੁਰੂ ਜੀ ਦਾ ਗੁਣਗਾਨ ਕਰ ਰਹੇ ਹਨ। ਪਿੰਡ ਵਾਸੀਆਂ ਵਲੋਂ ਪ੍ਰਭਾਤ ਫੇਰੀ ਵਿੱਚ ਹਾਜ਼ਰ ਸੰਗਤਾਂ ਨੂੰ ਥਾਂ ਥਾਂ 'ਤੇ ਸਮੋਸੇ, ਭੁਜੀਆ ਬਦਾਨਾ, ਬ੍ਰੈਡ ਪਕੌੜੇ, ਕੌਫ਼ੀ ਅਤੇ ਚਾਹ ਦਾ ਲੰਗਰ ਛਕਾਇਆ ਜਾ ਰਿਹਾ ਹੈ। ਸ੍ਰੀ ਗੁਰੂ ਰਵਿਦਾਸ ਨੌਜਵਾਨ ਸਭਾ ਟੂਟੋਮਜਾਰਾ ਦੇ ਮੈਂਬਰ ਲਖਵੀਰ ਸਿੰਘ ਡੈਂਪੀ ਨੇ ਦੱਸਿਆ ਕਿ 01 ਫਰਵਰੀ ਨੂੰ ਪਿੰਡ ਦੇ ਜੰਞ ਘਰ ਵਿਚ ਪ੍ਰਕਾਸ਼ ਪੁਰਬ ਮੌਕੇ ਸ੍ਰੀ ਸੁਖਮਨੀ ਸਾਹਿਬ ਪਾਠ ਉਪਰੰਤ ਗੁਰੂ ਸਾਹਿਬ ਜੀ ਦੀ ਮਹਿਮਾ ਦਾ ਗੁਣਗਾਨ ਕੀਤਾ ਜਾਵੇਗਾ ਤੇ ਆਈਆਂ ਹੋਈਆਂ ਸੰਗਤਾਂ ਨੂੰ ਸਵੇਰੇ ਚਾਹ, ਪਕੌੜੇ ਤੇ ਮਠਿਆਈਆਂ ਦਾ ਲੰਗਰ ਛਕਾਇਆ ਜਾਵੇਗਾ ਅਤੇ ਬਾਅਦ ਦੁਪਹਿਰ ਅਟੁੱਟ ਲੰਗਰ ਛਕਾਇਆ ਜਾਵੇਗਾ।



# ਗਣਤੰਤਰ ਦਿਵਸ ਉਤਸ਼ਾਹ ਨਾਲ ਮਨਾਇਆ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**- 77 ਵਾਂ ਗਣਤੰਤਰ ਦਿਵਸ ਸਮਾਰੋਹ ਲੜੋਆ ਵੈਲਫੇਅਰ ਟਰੱਸਟ ( ਭੋਗਪੁਰ) ਵਲੋਂ ਪੰਚਾਇਤ ਘਰ ਲੜੋਆ ਵਿਖੇ ਮਨਾਇਆ ਗਿਆ ਜਿਸ ਵਿਚ ਝੰਡਾ ਲਹਿਰਾਉਣ ਦੀ ਰਸਮ ਨੰਬਰਦਾਰ ਸਤਪਾਲ ਸਿੰਘ ਡੌਲਾ ਅਤੇ ਸੂਬੇਦਾਰ ਸ਼ਾਮ ਸਿੰਘ ਸੱਗੀ ਵਲੋਂ ਸਾਂਝੇ ਤੌਰ 'ਤੇ ਨਿਭਾਈ ਗਈ। ਬੀਬੀ ਰਾਜਵਿੰਦਰ ਕੌਰ ਬਡਵਾਲ ਵਲੋਂ ਗਣਤੰਤਰ ਦਿਵਸ ਮਨਾਉਣ ਸਬੰਧੀ ਦੱਸਿਆ ਗਿਆ ਅਤੇ ਤਿਰੰਗੇ ਬਾਰੇ ਇਕ ਕਵਿਤਾ ਵੀ ਪੜ੍ਹੀ ਗਈ।



ਇਸ ਸਮਾਰੋਹ ਵਿੱਚ ਨਗਰ ਨਿਵਾਸੀ ਅਤੇ ਬੱਚੇ ਵੀ ਸ਼ਾਮਲ ਹੋਏ। ਹੋਰਨਾਂ ਤੋਂ ਇਲਾਵਾ ਮਾਸਟਰ ਪੰਜਾਬ ਸਿੰਘ, ਪ੍ਰਿਤਪਾਲ ਸਿੰਘ ਪਾਲੀ ਸਾਬਕਾ ਪੰਚਾਇਤ ਮੈਂਬਰ, ਹਰਜੀਤ ਸਿੰਘ ਲਾਡੀ, ਪਾਵੇਲ ਸ਼ਰਮਾ, ਦਲਜੀਤ ਸਿੰਘ, ਅਮਨਦੀਪ ਸਿੰਘ, ਪ੍ਰਭਜੋਤ ਸਿੰਘ ਭੇਲਾ ਮੈਂਬਰ ਪੰਚਾਇਤ, ਪਰਮਜੀਤ ਸਿੰਘ , ਸੁਖਜਿੰਦਰ ਸਿੰਘ, ਇੰਸਪੈਕਟਰ ਹਰਪ੍ਰੀਤਪਾਲ ਸਿੰਘ, ਬ੍ਰਾਹਮ ਦੱਤ ਸ਼ਰਮਾ, ਆਰੀਅਨ ਸੈਣੀ, ਸਤਵਿੰਦਰ ਸਿੰਘ ਸੈਣੀ ਯੂ ਕੇ, ਹਰਗੁਣ ਸਿੰਘ ਸੈਣੀ ਯੂ ਕੇ, ਮਨਬੀਰ ਸਿੰਘ ਸੈਣੀ ਆਦਿ ਸ਼ਾਮਲ ਸਨ। ਅੰਤ ਵਿਚ ਇਸ ਸਮਾਰੋਹ ਵਿਚ ਆਏ ਸਮੂਹ ਪਤਵੰਤਿਆਂ, ਬੱਚਿਆਂ ਨੂੰ ਸ਼ਾਮਿਲ ਹੋਣ 'ਤੇ ਲੜੋਆ ਵੈਲਫੇਅਰ ਟਰੱਸਟ ਦੇ ਪ੍ਰਧਾਨ ਗੁਰਮੇਲ ਸਿੰਘ ਸੈਣੀ ਵੱਲੋਂ ਧੰਨਵਾਦ ਕੀਤਾ ਗਿਆ।

# ਖੁਰਾਣਾ ਦੀ ਕੋਰ ਕਮੇਟੀ 'ਚ ਨਿਯੁਕਤੀ ਨੂੰ ਲੈ ਕੇ ਵਰਕਰਾਂ 'ਚ ਖੁਸ਼ੀ ਦੀ ਲਹਿਰ

**ਫਗਵਾੜਾ (ਡਾ. ਰਮਨ)**- ਸ਼੍ਰੋਮਣੀ ਅਕਾਲੀ ਦਲ (ਬ) ਦੇ ਨਵ-ਨਿਯੁਕਤ ਇੰਡਸਟਰੀ ਅਤੇ ਟਰੇਡ ਵਿੰਗ ਕੋਰ ਕਮੇਟੀ ਮੈਂਬਰ ਸ. ਰਣਜੀਤ ਸਿੰਘ ਖੁਰਾਣਾ ਨੂੰ ਪਾਰਟੀ ਵਰਕਰਾਂ ਵੱਲੋਂ ਵਧਾਈਆਂ ਦੇਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਜਿੱਥੇ ਸੀਨੀਅਰ ਅਕਾਲੀ ਆਗੂ ਸੁਖਵਿੰਦਰ ਸਿੰਘ



ਕੰਬੋਜ, ਦਵਿੰਦਰ ਸਿੰਘ ਅਜੀਤ ਸਟੂਡੀਓ, ਸਰਬਜੀਤ ਸਿੰਘ ਕਾਕਾ, ਜਸਵਿੰਦਰ ਸਿੰਘ ਭਗਤਪੁਰਾ, ਗੁਰਮੀਤ ਸਿੰਘ ਬਡਵਾਲ ਅਤੇ ਗੁਰਪ੍ਰੀਤ ਸਿੰਘ ਕੰਬੋਜ ਉਨ੍ਹਾਂ ਦੇ ਦਫ਼ਤਰ ਸ਼ੁੱਭ ਇੱਛਾਵਾਂ ਦੇਣ ਲਈ ਪਹੁੰਚੇ ਉੱਥੇ ਹੀ ਬੀ.ਸੀ. ਵਿੰਗ ਫਗਵਾੜਾ ਦੇ ਪ੍ਰਧਾਨ ਰੋਹਿਤ ਪਾਲ ਅਤੇ ਰਵਨੀਤ ਸਿੰਘ ਸਤਨਾਮਪੁਰਾ ਜ਼ੋਨ ਪ੍ਰਧਾਨ ਨੇ ਵੀ ਰਣਜੀਤ ਸਿੰਘ ਖੁਰਾਣਾ ਨੂੰ ਫੁੱਲਾਂ ਦਾ ਗੁਲਦਸਤਾ ਭੇਟ ਕੀਤਾ। ਅਕਾਲੀ ਆਗੂਆਂ ਨੇ ਇੱਕ ਸੁਰ 'ਚ ਕਿਹਾ ਕਿ ਸ. ਰਣਜੀਤ ਸਿੰਘ ਖੁਰਾਣਾ ਨੇ ਪਹਿਲਾਂ ਸ਼ਹਿਰ ਦੇ ਡਿਪਟੀ ਮੇਅਰ ਵਜੋਂ ਵਧੀਆ ਸੇਵਾਵਾਂ ਨਿਭਾਈਆਂ ਅਤੇ ਹੁਣ ਫਗਵਾੜਾ ਵਿਧਾਨ ਸਭਾ ਹਲਕੇ ਦੇ ਇੰਚਾਰਜ ਵਜੋਂ ਵੀ ਪੂਰੀ ਤਨਦੇਹੀ ਨਾਲ ਪਾਰਟੀ ਦੀ ਸੇਵਾ ਕਰ ਰਹੇ ਹਨ। ਇਸ ਤੋਂ ਇਲਾਵਾ, ਉਦਯੋਗ ਦੇ ਖੇਤਰ 'ਚ ਆਪਣੀ ਸਖ਼ਤ ਮਿਹਨਤ ਰਾਹੀਂ ਉਨ੍ਹਾਂ ਨੇ ਆਪਣੀ ਵੱਖਰੀ ਪਛਾਣ ਬਣਾਈ ਹੈ। ਉਨ੍ਹਾਂ ਦੀ ਇਸ ਯੋਗਤਾ ਨੂੰ ਮੁੱਖ ਰੱਖਦੇ ਹੋਏ, ਪਾਰਟੀ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ, ਸੀਨੀਅਰ ਮੀਤ ਪ੍ਰਧਾਨ ਸ. ਦਲਜੀਤ ਸਿੰਘ ਚੀਮਾ, ਅਤੇ ਉਦਯੋਗ ਅਤੇ ਵਪਾਰ ਵਿੰਗ ਦੇ ਪ੍ਰਧਾਨ ਤੇ ਪਾਰਟੀ ਖਜ਼ਾਨਚੀ ਐਨ.ਕੇ. ਸ਼ਰਮਾ ਨੇ ਉਨ੍ਹਾਂ ਨੂੰ ਕੋਰ ਕਮੇਟੀ ਵਿੱਚ ਸ਼ਾਮਲ ਕਰਕੇ ਮਾਣ ਬਖ਼ਸ਼ਿਆ ਹੈ । ਰਣਜੀਤ ਸਿੰਘ ਖੁਰਾਣਾ ਨੇ ਸਮੂਹ ਪਾਰਟੀ ਵਰਕਰਾਂ ਦਾ ਧੰਨਵਾਦ ਪ੍ਰਗਟ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਸੱਚਾ ਸਿਪਾਹੀ ਹੋਣ ਦੇ ਨਾਤੇ, ਉਹ ਸੌਂਪੀ ਜਿੰਮੇਵਾਰੀ ਇਮਾਨਦਾਰੀ ਨਾਲ ਨਿਭਾਉਣਗੇ।

# ਬਾਬਾ ਬੁੱਲ੍ਹੇ ਸ਼ਾਹ ਦੀ ਮਜ਼ਾਰ ਨੂੰ ਢਾਹੁਣ ਵਾਲੇ ਦੇਸ਼ ਦੇ ਦੁਸ਼ਮਣ : ਤਲਵਿੰਦਰ ਹੀਰ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਦੁਨੀਆਂ ਭਰ ਦੇ ਲੋਕਾਂ ਨੂੰ ਸਾਂਝੀਵਾਲਤਾ ਦਾ ਉਪਦੇਸ਼ ਦੇਣ ਤੇ ਮਜ਼ਹਬੀ ਠੇਕੇਦਾਰਾਂ ਵਿਰੁੱਧ ਡੱਟ ਕੇ ਲਿਖਣ ਬੋਲਣ ਵਾਲੇ ਮਹਾਨ ਸੂਫੀ ਸ਼ਾਇਰ,ਦਾਨਿਸ਼ਵਰ ਦਰਵੇਸ਼ ਬਾਬਾ ਬੁੱਲ੍ਹੇ ਸ਼ਾਹ ਯਾਦ 'ਚ ਉਤਰਾਖੰਡ ਦੇ ਮਸੂਰੀ ਸ਼ਹਿਰ 'ਚ ਬਣੀ ਮਜ਼ਾਰ ਨੂੰ ਧੱਕੇ ਨਾਲ ਢਾਹ ਕੇ ਵੀਡੀਓ ਬਣਾਉਣ ਵਾਲੇ ਫਿਰਕਾਪ੍ਰਸਤ ਕੱਟੜਪੰਥੀਆਂ ਨੇ ਸਾਬਤ ਕਰ ਦਿੱਤਾ ਹੈ ਕਿ ਉਹ ਧਰਮ ਨਿਰਪੱਖ ਸੰਵਿਧਾਨ ਨੂੰ ਮੰਨਣ ਤੋਂ ਪੂਰਨ ਇਨਕਾਰੀ ਹਨ ਤੇ ਘੱਟ ਗਿਣਤੀਆਂ ਸਮੇਤ ਲੋਕਾਂ ਪੱਖੀ ਇਨਸਾਫ਼ਪਸੰਦ ਵਿਦਵਾਨਾਂ ਦੇ ਜਾਨੀ ਦੁਸ਼ਮਣ ਹਨ। ਊਚ ਨੀਚ ਦੇ ਵਿਰੋਧੀ ਸਭ ਨੂੰ ਪਿਆਰ ਨਾਲ ਰਹਿਣ ਦਾ ਸੰਦੇਸ਼ ਦੇਣ ਵਾਲੇ ਮਹਾਨ ਪੰਜਾਬੀ ਚਿੰਤਕ ਦੀ ਪਵਿੱਤਰ ਯਾਦ ਦੀ ਬੇਅਦਬੀ ਨਾਲ ਇਨਸਾਨੀਅਤ ਤੇ ਇਨਸਾਫ਼ਪਸੰਦ ਲੋਕਾਂ ਦਾ ਸੀਨਾ ਛਲਨੀ ਹੋਇਆ ਹੈ। ਇਹ ਪ੍ਰਗਟਾਵਾ ਕਰਦਿਆਂ ਭਾਕਿਯੂ ਏਕਤਾ ਉਗਰਾਹਾਂ ਜ਼ਿਲ੍ਹਾ ਹੁਸ਼ਿਆਰਪੁਰ ਦੇ ਪ੍ਰਧਾਨ ਸਕੱਤਰ ਕਿਸਾਨ ਆਗੂ ਤਲਵਿੰਦਰ ਸਿੰਘ ਹੀਰ ਨੇ ਕਿਹਾ ਕਿ ਜਥੇਬੰਦੀ ਨੇ ਦੇਸ਼ ਵਿਦੇਸ਼



ਵਸਦੇ ਸਾਰੇ ਇਨਸਾਫ਼ਪਸੰਦ ਧਰਮਾਂ ਤੇ ਭਗਤਾਂ ਦੇ ਵਾਰਿਸ ਜੁਝਾਰੂ ਲੋਕਾਂ ਨੂੰ ਸਰਕਾਰੀ ਸਰਪ੍ਰਸਤੀ ਹੇਠ ਹੋ ਰਹੇ ਅਜਿਹੇ ਫੁੱਟ ਪਾਊ, ਦਹਿਸ਼ਤ, ਘਿਨਾਉਣੇ ਕਾਰਿਆਂ ਵਿਰੁੱਧ ਇਕੱਠੇ ਹੋ ਕੇ ਆਵਾਜ਼ ਬੁਲੰਦ ਕਰਨ ਤੇ ਜਾਨੋਂ ਪਿਆਰੇ ਦੇਸ਼ ਨੂੰ ਇਨ੍ਹਾਂ ਵਿਰੋਧੀ ਕੱਟੜਪੰਥੀ ਤਾਕਤਾਂ ਤੋਂ ਬਚਾਉਣ ਦਾ ਸੱਦਾ ਦਿੱਤਾ ਹੈ। ਉਨ੍ਹਾਂ ਦੇਸ਼ ਦੇ ਲੋਕਾਂ ਨੂੰ ਸਮੂਹ ਗੁਰੂ ਬਾਬਾ ਨਾਨਕ ਜੀ,ਬਾਬਾ ਸ਼ੇਖ ਫਰੀਦ ਜੀ ਤੇ ਬਾਬਾ ਬੁੱਲ੍ਹਾ ਸ਼ਾਹ ਸਮੇਤ ਸਭ ਧਰਮਾਂ ਦੇ ਅਵਤਾਰਾਂ ਦੀਆਂ ਸਿੱਖਿਆਵਾਂ ਨੂੰ ਯਾਦ ਕਰਾਉਂਦਿਆਂ ਜ਼ਬਰ ਦਾ ਮੁਕਾਬਲਾ ਸਬਰ ਸ਼ਾਂਤੀ ਨਾਲ ਕਰਨ ਤੇ ਅਫਵਾਹਾਂ ਤੇ ਭੜਕਾਹਟ ਤੋਂ ਬਚਣ ਤੇ ਭਾਈਚਾਰਕ ਸਾਂਝ ਬਣਾਈ ਰੱਖਣ ਦੀ ਲੋੜ 'ਤੇ ਜੋਰ ਦਿੱਤਾ।

# ਸ਼ਿਵ ਕਰਨ ਚੇਚੀ ਦੀ ਮਨੀਸ਼ ਸਿਸੋਦੀਆ ਨਾਲ ਰਸਮੀ ਮੁਲਾਕਾਤ

**ਬਲਾਚੌਰ (ਜਸਵਿੰਦਰ ਬੈਂਸ)**- ਪੰਜਾਬ ਗੁੱਜਰ ਵੈਲਫੇਅਰ ਬੋਰਡ ਦੇ ਨਵ-ਨਿਯੁਕਤ ਸੀਨੀਅਰ ਵਾਈਸ ਚੇਅਰਮੈਨ ਸ਼ਿਵ ਕਰਨ ਚੇਚੀ ਵੱਲੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਮਨੀਸ਼ ਸਿਸੋਦੀਆ ਨਾਲ ਇੱਕ ਵਿਸ਼ੇਸ਼ ਮੁਲਾਕਾਤ ਚੰਡੀਗੜ੍ਹ ਵਿਖੇ ਕੀਤੀ ਗਈ। ਇਸ



ਅਹਿਮ ਜ਼ਿੰਮੇਵਾਰੀ ਮਿਲਣ ਤੋਂ ਬਾਅਦ ਇਹ ਉਨ੍ਹਾਂ ਦੀ ਪਹਿਲੀ ਰਸਮੀ ਮੁਲਾਕਾਤ ਸੀ। ਸ਼ਿਵ ਕਰਨ ਚੇਚੀ ਨੇ ਪਾਰਟੀ ਹਾਈਕਮਾਂਡ ਅਤੇ ਮਨੀਸ਼ ਸਿਸੋਦੀਆ ਦਾ ਧੰਨਵਾਦ ਕਰਦਿਆਂ ਭਰੋਸਾ ਦਿੱਤਾ ਕਿ ਉਹ ਗੁੱਜਰ ਭਾਈਚਾਰੇ ਦੀ ਭਲਾਈ ਲਈ ਤਨਦੇਹੀ ਨਾਲ ਕੰਮ ਕਰਨਗੇ। ਮੁਲਾਕਾਤ ਦੌਰਾਨ ਪੰਜਾਬ ਵਿੱਚ ਗੁੱਜਰ ਸਮਾਜ ਨੂੰ ਦਰਪੇਸ਼ ਮੁਸ਼ਕਿਲਾਂ, ਸਿੱਖਿਆ ਤੇ ਆਰਥਿਕ ਸੁਧਾਰਾਂ ਬਾਰੇ ਵਿਸਥਾਰ ਵਿੱਚ ਚਰਚਾ ਕੀਤੀ ਗਈ। ਮਨੀਸ਼ ਸਿਸੋਦੀਆ ਨੇ ਸ਼ਿਵ ਕਰਨ ਚੇਚੀ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਨੂੰ ਜ਼ਮੀਨੀ ਪੱਧਰ 'ਤੇ ਜਾ ਕੇ ਲੋਕਾਂ ਦੀ ਸੇਵਾ ਕਰਨ ਅਤੇ ਸਰਕਾਰ ਦੀਆਂ ਨੀਤੀਆਂ ਨੂੰ ਹਰ ਘਰ ਤੱਕ ਪਹੁੰਚਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸ਼ਿਵ ਕਰਨ ਚੇਚੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਹਰ ਵਰਗ ਦੇ ਵਿਕਾਸ ਲਈ ਵਚਨਬੱਧ ਹੈ ਤੇ ਗੁੱਜਰ ਵੈਲਫੇਅਰ ਬੋਰਡ ਇਸ ਦਿਸ਼ਾ ਵਿੱਚ ਇੱਕ ਮੀਲ ਦਾ ਪੱਥਰ ਸਾਬਤ ਹੋਵੇਗਾ।

# ਬਿਜਲੀ ਸੰਬੰਧੀ ਸ਼ਿਕਾਇਤਾਂ ਸੁਣੀਆਂ



**ਆਦਮਪੁਰ (ਪਰਮਜੀਤ ਸਿੰਘ)**- ਆਦਮਪੁਰ 'ਚ ਬਿਜਲੀ ਸੰਬੰਧੀ ਸ਼ਿਕਾਇਤਾਂ ਨੂੰ ਲੈ ਕੇ ਪਵਨ ਟੀਨੂੰ ਦੀ ਅਗਵਾਈ 'ਚ ਕੈਂਪ ਲਗਾਇਆ ਗਿਆ ਜਿਸ ਵਿਚ ਪਿੰਡਾਂ ਦੇ ਲੋਕਾਂ ਦੀਆਂ ਬਿਜਲੀ ਸੰਬੰਧੀ ਸ਼ਿਕਾਇਤਾਂ ਸੁਣੀਆਂ ਗਈਆਂ। ਇਸ ਮੌਕੇ ਬਿਜਲੀ ਮਹਿਕਮੇ ਦੇ ਵੱਡੇ ਅਧਿਕਾਰੀ ਜਿਸ ਵਿਚ ਐਸ.ਈ. ਗੁਲਸ਼ਨ ਕੁਮਾਰ, ਐਕਸੀਅਨ ਦਲਬੀਰ ਪਾਲ ਸਿੰਘ ਸਭ-ਡਵੀਜ਼ਨ ਆਦਮਪੁਰ, ਗੁਰਪ੍ਰੀਤ ਸਿੰਘ ਭੁੱਲਰ (ਬੀ ਡੀ ਪੀ ਓ), ਰਾਜ ਕੁਮਾਰ ਐਸ.ਡੀ.ਓ. ਆਦਮਪੁਰ, ਜੇ.ਈ. ਦਲਜੀਤ ਕੁਮਾਰ, ਜੇ.ਈ. ਪਰਦੀਪ ਕੁਮਾਰ ਮੌਜੂਦ ਸਨ ਜਿਨ੍ਹਾਂ ਨੇ ਮੌਕੇ 'ਤੇ ਹੀ ਲੋਕਾਂ ਦੀਆਂ ਬਿਜਲੀ ਸੰਬੰਧੀ ਸ਼ਿਕਾਇਤਾਂ ਸੁਣੀਆਂ ਤੇ ਉਨ੍ਹਾਂ ਨੂੰ ਜਲਦ ਹੀ ਹੱਲ ਕਰਨ ਦਾ ਭਰੋਸਾ ਦਿਵਾਇਆ ਅਤੇ ਕਈ ਸ਼ਿਕਾਇਤਾਂ ਦਾ ਮੌਕੇ 'ਤੇ ਹੀ ਹੱਲ ਵੀ ਕੀਤੇ। ਇਸ ਮੌਕੇ ਚਰਨਜੀਤ ਸਿੰਘ ਸ਼ੇਰੀ, ਪਵਿੱਤਰ ਸਿੰਘ, ਦਲਜੀਤ ਸਿੰਘ ਮਿਨਹਾਸ, ਜੱਸ ਦਿਆਲ ਸਿੰਘ, ਲਖਬੀਰ ਸਿੰਘ ਹਜ਼ਾਰਾ, ਹਰਕੀਰਤ ਸਿੰਘ, ਕਮਲਜੀਤ ਸਿੰਘ ਸਲਾਲਾ,ਸੁਸ਼ੀਲ ਪਾਂਜਾ, ਵਿਕਰਮ ਬੰਧਨ, ਆਸ਼ੂ ਬਾਂਸਲ, ਸਰਬਜੀਤ, ਮੋਹਨ ਲਾਲ ਚੋਪੜਾ ਆਦਿ ਮੌਜੂਦ ਸਨ।

# ਸ੍ਰੀ ਗੁਰੂ ਰਵਿਦਾਸ ਜੀ ਦੇ ਗੁਰਪੁਰਬ ਸੰਬੰਧੀ ਨਗਰ ਕੀਰਤਨ ਭਲਕੇ

**ਮੋਰਿੰਡਾ (ਨਿਹਾਲ ਸਿੰਘ ਕਲਸੀ)**- ਸ੍ਰੀ ਗੁਰੂ ਰਵਿਦਾਸ ਸਭਾ ਮੋਰਿੰਡਾ ਵਲੋਂ ਗੁਰੂ ਰਵਿਦਾਸ ਜੀ ਦੇ ਗੁਰਪੁਰਬ ਸਬੰਧੀ ਨਗਰ ਕੀਰਤਨ 31 ਜਨਵਰੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਪ੍ਰਸਤੀ ਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਸਜਾਇਆ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਧਾਨ ਰਣਧੀਰ ਸਿੰਘ ਨੇ ਦੱਸਿਆ ਕਿ ਸ੍ਰੀ ਗੁਰੂ ਰਵਿਦਾਸ ਜੀ ਦੇ ਗੁਰਪੁਰਬ ਸਬੰਧੀ 30 ਜਨਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਕਰਵਾਏ ਜਾਣਗੇ। 31 ਜਨਵਰੀ ਨੂੰ ਨਗਰ ਕੀਰਤਨ ਸਜਾਇਆ ਜਾਵੇਗਾ ਜੋ ਦੁਪਹਿਰ 1 ਵਜੇ ਗੁਰਦੁਆਰਾ ਸਾਹਿਬ ਵਾਰਡ ਨੰਬਰ 8 ਤੋਂ ਅਰੰਭ ਹੋਵੇਗਾ। ਇਹ ਨਗਰ ਕੀਰਤਨ ਸ਼ਹਿਰ ਦੇ ਵੱਖ ਵੱਖ ਬਜ਼ਾਰਾਂ ਵਿੱਚੋਂ ਹੁੰਦਾ ਹੋਇਆ ਮੁੜ ਗੁਰਦੁਆਰਾ ਸਾਹਿਬ ਵਿਖੇ ਹੀ ਸਮਾਪਤ ਹੋਵੇਗਾ। ਉਹਨਾਂ ਦੱਸਿਆ ਕਿ 1 ਫਰਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਉਣ ਉਪਰੰਤ ਦਿਵਾਨ ਸਜਾਏ ਜਾਣਗੇ ਜਿਸ ਵਿੱਚ ਭਾਈ ਸੁਖਜੀਤ ਸਿੰਘ ਪੰਜੋਖਰਾ ਵਾਲਿਆਂ ਦੇ ਪ੍ਰਸਿੱਧ ਢਾਡੀ ਜਥੇ ਵਲੋਂ ਵੀਰ ਰਸ ਰਾਹੀਂ ਗੁਰੂ ਜੀ ਦੇ ਜੀਵਨ ਬਾਰੇ ਦੱਸਿਆ ਜਾਵੇਗਾ। ਰਣਧੀਰ ਸਿੰਘ ਨੇ ਸਮੂਹ ਇਲਾਕਾ ਨਿਵਾਸੀਆਂ, ਸਮਾਜਿਕ ਤੇ ਧਾਰਮਿਕ ਜਥੇਬੰਦੀਆਂ ਨੂੰ ਅਪੀਲ ਕੀਤੀ ਕਿ ਉਹ ਨਗਰ ਕੀਰਤਨ ਅਤੇ ਦਿਵਾਨਾ ਵਿਚ ਸ਼ਾਮਿਲ ਹੋ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

# ਸੜਕ ਹਾਦਸਿਆਂ ਨੂੰ ਰੋਕਣ ਲਈ ਕਰਤਾਰਪੁਰ-ਕਿਸ਼ਨਗੜ੍ਹ ਕਰਾਸਿੰਗ 'ਤੇ ਸਪੀਡ ਬ੍ਰੇਕਰ ਲਗਾਏ

**ਜਲੰਧਰ, (ਸੁਰਿੰਦਰ ਕੁਮਾਰ)**- ਸੜਕ ਹਾਦਸਿਆਂ ਨੂੰ ਠੱਲ੍ਹ ਪਾਉਣ ਦੇ ਮਕਸਦ ਨਾਲ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਬਲੈਕ ਸਪੌਟ ਦਰੁੱਸਤ ਕਰਨ ਦੀਆਂ ਦਿੱਤੀਆਂ ਹਦਾਇਤਾਂ ਦੀ ਪਾਲਣਾ ਕਰਦਿਆਂ ਨੈਸ਼ਨਲ ਹਾਈਵੇ ਅਥਾਰਟੀ ਆਫ਼ ਇੰਡੀਆ



ਵੱਲੋਂ ਕਰਤਾਰਪੁਰ-ਕਿਸ਼ਨਗੜ੍ਹ ਕਰਾਸਿੰਗ 'ਤੇ ਪੈਂਦੇ ਅਜਿਹੇ ਇਕ ਬਲੈਕ ਸਪੌਟ ਨੂੰ ਠੀਕ ਕਰ ਦਿੱਤਾ ਗਿਆ ਹੈ। ਡਿਪਟੀ ਕਮਿਸ਼ਨਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਰਤਾਰਪੁਰ-ਕਿਸ਼ਨਗੜ੍ਹ ਕਰਾਸ ਰੋਡ, ਜੋ ਹਾਈਵੇ 'ਤੇ ਮਰਜ ਹੋ ਜਾਂਦੀ ਹੈ, 'ਤੇ ਵਾਹਨਾਂ ਦੀ ਗਤੀ ਨੂੰ ਕੰਟਰੋਲ ਕਰਨ ਅਤੇ ਹਾਦਸਿਆਂ ਨੂੰ ਠੱਲ੍ਹ ਪਾਉਣ ਲਈ ਐੱਨ ਐੱਚ ਏ ਆਈ ਨੂੰ ਲੋੜੀਂਦੇ ਕਦਮ ਚੁੱਕਣ ਦੀ ਹਦਾਇਤ ਕੀਤੀ ਗਈ ਸੀ। ਉਨ੍ਹਾਂ ਦੱਸਿਆ ਕਿ ਐੱਨ ਐੱਚ ਏ ਆਈ ਵੱਲੋਂ ਟ੍ਰੈਫਿਕ ਪੁਲਿਸ ਦੇ ਸਹਿਯੋਗ ਨਾਲ ਕਰਤਾਰਪੁਰ-ਕਿਸ਼ਨਗੜ੍ਹ ਕਰਾਸਿੰਗ 'ਤੇ ਸਪੀਡ ਬ੍ਰੇਕਰ ਲਗਾਉਣ ਦੀ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਹੈ, ਜਿਸ ਨਾਲ ਪੈਦਲ ਯਾਤਰੀਆਂ ਅਤੇ ਵਾਹਨ ਚਾਲਕਾਂ ਦੀ ਸੁਰੱਖਿਆ ਯਕੀਨੀ ਬਣੇਗੀ।ਜ਼ਿਕਰਯੋਗ ਹੈ ਕਿ ਇਸ ਸੜਕ 'ਤੇ ਹੋਣ ਵਾਲੇ ਹਾਦਸਿਆਂ ਦਾ ਨੋਟਿਸ ਲੈਂਦੇ ਹੋਏ ਡਿਪਟੀ ਕਮਿਸ਼ਨਰ ਵੱਲੋਂ ਜ਼ਿਲ੍ਹਾ ਸੜਕ ਸੁਰੱਖਿਆ ਕਮੇਟੀ ਦੀ ਮੀਟਿੰਗ ਵਿੱਚ ਐੱਨ ਐੱਚ ਏ ਆਈ ਤੇ ਟ੍ਰੈਫਿਕ ਪੁਲਿਸ ਨੂੰ ਸਾਂਝੇ ਤੌਰ 'ਤੇ ਕਾਰਵਾਈ ਕਰਦੇ ਹੋਏ ਬਲੈਕ ਸਪੌਟ ਨੂੰ ਦਰੁੱਸਤ ਕਰਨ ਦੇ ਨਿਰਦੇਸ਼ ਜਾਰੀ ਕੀਤੇ ਗਏ ਸਨ।



# ਪੁਲਸ ਨੇ ਬੂਟੇ ਲਗਾ ਕੇ ਸ਼ੁੱਧ ਵਾਤਾਵਰਣ 'ਚ ਪਾਇਆ ਯੋਗਦਾਨ

**ਮੋਰਿੰਡਾ (ਨਿਹਾਲ ਸਿੰਘ ਕਲਸੀ)** ਦੇਸ਼ ਦੇ 77 ਵੇਂ ਗਣਤੰਤਰ ਦਿਵਸ ਨੂੰ ਸਮਰਪਿਤ ਮੋਰਿੰਡਾ ਸਦਰ ਪੁਲਸ ਵੱਲੋਂ ਵਾਤਾਵਰਣ ਦੀ ਸ਼ੁੱਧਤਾ ਲਈ ਛਾਂ ਦਾਰ ਪੌਦੇ ਲਗਾ ਕੇ ਇੱਕ ਸਾਰਥਕ ਉਪਰਾਲਾ ਕੀਤਾ ਗਿਆ। ਇਸ ਮੌਕੇ ਪੁਲਿਸ ਕਰਮਚਾਰੀਆਂ ਵੱਲੋਂ ਬੂਟਾ ਲਗਾ ਕੇ ਲੋਕਾਂ ਨੂੰ ਹਰਾ-ਭਰਾ ਵਾਤਾਵਰਣ ਬਣਾਉਣ ਅਤੇ ਕੁਦਰਤ ਦੀ ਰੱਖਿਆ ਕਰਨ ਦਾ ਸੰਦੇਸ਼ ਦਿੱਤਾ ਗਿਆ।ਇਸ ਮੌਕੇ ਥਾਣਾ ਸਦਰ ਮੋਰਿੰਡਾ ਦੇ ਐੱਸ ਐੱਚ ਓ ਰਣਜੀਤ ਸਿੰਘ ਐਸ ਆਈ ਨੇ ਕਿਹਾ ਕਿ ਵਾਤਾਵਰਣ ਦੀ ਸੁਰੱਖਿਆ ਅਜੋਕੇ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ ਅਤੇ ਹਰ ਨਾਗਰਿਕ ਨੂੰ ਚਾਹੀਦਾ ਹੈ ਕਿ ਉਹ ਪੌਦੇ ਲਗਾ ਕੇ ਉਨ੍ਹਾਂ ਦੀ ਸੰਭਾਲ ਵੀ ਕਰੇ। ਉਨ੍ਹਾਂ ਨੇ ਕਿਹਾ ਕਿ ਗਣਤੰਤਰ ਦਿਵਸ ਵਰਗੇ ਰਾਸ਼ਟਰੀ ਤਿਉਹਾਰਾਂ ਨੂੰ ਸਮਾਜਕ ਅਤੇ ਵਾਤਾਵਰਣ ਦੀ ਸ਼ੁੱਧਤਾ ਨਾਲ ਜੋੜਨਾ ਸਮੇਂ ਦੀ ਮੰਗ ਹੈ। ਇਸ ਮੌਕੇ ਪੁਲਸ ਕਰਮਚਾਰੀ ਮੁਨਸ਼ੀ ਹੈੱਡ ਕਾਂਸਟੇਬਲ ਸੁਖਵਿੰਦਰ ਸਿੰਘ, ਹੈੱਡ ਕਾਂਸਟੇਬਲ ਜਗਤਾਰ ਸਿੰਘ, ਹੈੱਡ ਕਾਂਸਟੇਬਲ ਲਖਵਿੰਦਰ ਸਿੰਘ, ਹੈੱਡ ਕਾਂਸਟੇਬਲ ਤਨਵੀਰ ਸਿੰਘ, ਕਾਂਸਟੇਬਲ ਰੋਹਿਤ ਕੁਮਾਰ ਤੇ ਹੋਰ ਥਾਣਾ ਸਦਰ ਮੋਰਿੰਡਾ ਦਾ ਸਟਾਫ ਹਾਜ਼ਰ ਸੀ।

# ਡਾ. ਰਮਨ ਸ਼ਰਮਾ ਦਾ ਗਣਤੰਤਰ ਦਿਵਸ 'ਤੇ ਵਿਸ਼ੇਸ਼ ਸਨਮਾਨ

**ਫਗਵਾੜਾ (ਜਸਵਿੰਦਰ ਢੱਡਾ)**- ਸਮਾਜ ਸੇਵਾ ਦੇ ਕੰਮਾਂ ਵਿੱਚ ਵੱਧ ਚੜ੍ਹ ਕੇ ਯੋਗਦਾਨ ਪਾਉਣ ਵਾਲੇ ਉਘੇ ਸਮਾਜ ਸੇਵੀ ਡਾ. ਰਮਨ ਸ਼ਰਮਾ ਭਗਤਪੁਰਾ ਦਾ ਗਣਤੰਤਰ ਦਿਵਸ ਮੌਕੇ ਏ ਡੀ ਸੀ ਕਮ ਕਮਿਸ਼ਨਰ ਨਗਰ ਨਿਗਮ ਫਗਵਾੜਾ ਡਾ ਸ਼ਿਖਾ ਭਗਤ ਵਲੋਂ ਸਥਾਨਕ ਆਮ ਆਦਮੀ



ਪਾਰਟੀ ਦੇ ਸਟੇਟ ਸਪੋਕਸਮੈਨ ਅਤੇ ਵਿਧਾਨ ਸਭਾ ਹਲਕਾ ਫਗਵਾੜਾ ਦੇ ਇੰਚਾਰਜ ਹਰਨੂਰ ਸਿੰਘ ਹਰਜੀ ਮਾਨ, ਐਸ ਡੀ ਐਮ ਫਗਵਾੜਾ ਜਸ਼ਨਜੀਤ , ਐਸ ਪੀ ਫਗਵਾੜਾ ਮਾਧਵੀ ਸ਼ਰਮਾ ਦੀ ਮੌਜੂਦਗੀ 'ਚ ਵਿਸ਼ੇਸ਼ ਸਨਮਾਨ ਕੀਤਾ ਗਿਆ। ਉਨ੍ਹਾਂ ਦਾ ਇਹ ਸਨਮਾਨ ਪੰਜਾਬ ਸਰਕਾਰ ਵਲੋਂ ਉਲੀਕੇ ਨੈਸ਼ਨਲ ਪ੍ਰੋਗਰਾਮ ਸਬੰਧੀ ਸਕੀਮਾਂ ਨੂੰ ਘਰ-ਘਰ ਸੁਚੱਜੇ ਢੰਗ ਨਾਲ ਪਹੁੰਚਾਉਣ ਅਤੇ ਉਨ੍ਹਾਂ ਨੂੰ ਇਨ੍ਹਾਂ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਦੁਆਉਣ ਲਈ ਪਿਛਲੇ 35 ਸਾਲਾਂ ਤੋਂ ਸਿਹਤ ਵਿਭਾਗ ਪੰਜਾਬ ਦੇ ਵੱਖ-ਵੱਖ ਪ੍ਰੋਗਰਾਮਾਂ ਵਿਚ ਵਿਖਾਈ ਸਰਗਰਮੀ ਕਾਰਨ ਕੀਤਾ ਗਿਆ।

# ਤਲਣ ਵਿਖੇ ਕੀਤੇ ਜਾ ਰਹੇ ਸਮੂਹਿਕ ਵਿਆਹ ਕਾਰਜਾਂ ਸੰਬੰਧੀ ਮੀਟਿੰਗ



**ਹੁਸ਼ਿਆਰਪੁਰ (ਓ ਪੀ ਰਾਣਾ)**- ਗੁਰੂ ਕਿਰਪਾ ਇੰਟਰਨੈਸ਼ਨਲ ਕੰਨਿਆਦਾਨ ਸੰਸਥਾ ਵਲੋਂ ਜੋ ਸਮੂਹਿਕ ਵਿਆਹ 15 ਫਰਵਰੀ, ਦਿਨ ਐਤਵਾਰ ਨੂੰ ਕੋਹੇਨੂਰ ਫਾਰਮ, ਪਿੰਡ ਤਲਣ, ਜਲੰਧਰ ਵਿਖੇ ਹੋਣੇ ਹਨ ਸਬੰਧੀ ਇਕ ਮੀਟਿੰਗ ਪਿੰਡ ਰੰਧਾਵਾ ਮਸੰਦਾਂ ਵਿਖੇ ਹੋਈ। ਇਸ ਮੌਕੇ ਚੌਕੜੀਆ ਪਰਵਾਰ ਵਲੋਂ ਪਿਛਲੇ ਸਾਲਾਂ ਦੀ ਤਰਾਂ ਇਸ ਵਾਰ ਵੀ ਸੂਟਾਂ ਦੇ ਨਾਲ-ਨਾਲ ਆਰਥਿਕ ਸਹਿਯੋਗ ਵੀ ਕੀਤਾ ਗਿਆ। ਇਸ ਮੌਕੇ ਸੰਸਥਾ ਦੇ ਪ੍ਰਧਾਨ ਬੀਰ ਚੰਦ ਸੁਰੀਲਾ ਤੇ ਉਪ ਪ੍ਰਧਾਨ ਸਰਵਣ ਸਿੰਘ ਸੁੰਮਨ ਨੇ ਜੋ ਲੋੜਵੰਦ ਲੜਕੀਆਂ ਨੂੰ ਵਰਤਣਯੋਗ ਘਰੇਲੂ ਸਾਮਾਨ ਦੇਣਾ ਹੈ,ਉਸ ਬਾਰੇ ਵਿਸਥਾਰ ਨਾਲ ਦੱਸਿਆ ਗਿਆ। ਇਸ ਸਮੇਂ ਸੰਸਥਾ ਦੇ ਅਹੁਦੇਦਾਰ ਸੁਰੇਸ਼ ਕੁਮਾਰ ਕਲੇਰ, ਅਸ਼ਵਨੀ ਵਿਰਦੀ ਕੈਸ਼ੀਅਰ ਯੂ ਏ ਈ, ਸੁਰਿੰਦਰ ਪਾਲ ਜਨਾਗਲ ਖਜ਼ਾਨਚੀ, ਪਰਮਜੀਤ ਮੱਲ ਪ੍ਰਧਾਨ ਗੁਰੂਘਰ, ਗੁਰਕ੍ਰਿਪਾਲ ਸਿੰਘ, ਸੁਰਜੀਤ ਸਿੰਘ, ਰਾਮ ਲਾਲ ਚੌਕੜੀਆ, ਦਵਿੰਦਰ ਸੁਰੀਲਾ, ਬਲਜੀਤ ਸਿੰਘ ਭੱਟੀ, ਮਿਸਿਜ ਭੱਟੀ, ਮਨਜੀਤ ਕੌਰ ਤੇ ਰਾਜ ਕੁਮਾਰੀ ਆਦਿ ਹਾਜ਼ਰ ਸਨ।

# ਆਯੁਰਵੈਦਿਕ ਤੇ ਹੋਮਿਓਪੈਥੀ ਕੈਂਪ ਲਗਾਇਆ




**ਬੰਗਾ (ਅਵਤਾਰ ਕਲੇਰ)**- ਆਯੂਸ਼ ਕਮਿਸ਼ਨਰ ਪੰਜਾਬ, ਡਾਇਰੈਕਟਰ ਆਯੁਰਵੇਦਾ ਪੰਜਾਬ ਡਾ. ਰਮਨ ਖੰਨਾ ਮੁਖੀ ਹੋਮਿਓਪੈਥੀ ਪੰਜਾਬ ਡਾ. ਹਰਿੰਦਰ ਪਾਲ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਆਯੁਰਵੈਦਿਕ ਤੇ ਯੂਨਾਨੀ ਅਫਸਰ ਡਾ. ਸਰਬਜੀਤ ਕੌਰ ਜ਼ਿਲ੍ਹਾ ਹੋਮਿਓਪੈਥੀ ਅਫਸਰ ਡਾ. ਰਾਜੀਵ ਜਿੰਦੀਆ ਦੀ ਯੋਗ ਅਗਵਾਈ ਵਿੱਚ ਆਯੂਸ਼ ਅਰੋਗਿਆ ਕੇਂਦਰ ਬਹਿਰਾਮ ਵਿਖੇ ਫਰੀ ਆਯੁਰਵੇਦਿਕ ਅਤੇ ਹੋਮਿਓਪੈਥਿਕ ਮੈਡੀਕਲ ਕੈਂਪ ਆਯੋਜਿਤ ਕੀਤਾ ਗਿਆ। ਕੈਂਪ ਦਾ ਉਦਘਾਟਨ ਸਰਪੰਚ ਮੋਹਨ ਲਾਲ ਰਿਟਾਇਰਡ ਇੰਸਪੈਕਟਰ, ਮਹਿੰਦਰ ਪਾਲ ਸਿੰਘ ਮੈਂਬਰ ਬਲਾਕ ਸੰਮਤੀ ਤੇ ਪੰਚਾਇਤ ਮੈਂਬਰਾਂ ਵੱਲੋਂ ਕੀਤਾ ਗਿਆ। ਕੈਂਪ ਵਿੱਚ ਡਾ. ਸ਼ੁਭ ਕਾਮਨਾ ਅਤੇ ਡਾ ਜੋਤੀ ਨੇ ਮਰੀਜ਼ਾਂ ਦਾ ਚੈੱਕਅਪ ਕੀਤਾ ਤੇ ਆਯੁਰਵੇਦ ਦਵਾਈਆਂ ਦਿੱਤੀਆਂ ਗਈਆਂ। ਕੈਂਪ ਵਿੱਚ ਹੋਮਿਓਪੈਥੀ ਵਿਭਾਗ ਵੱਲੋਂ ਡਾ ਹਰਜਿੰਦਰ ਸਿੰਘ ਅਤੇ ਡਾ. ਨੇਹਾ ਸੋਨੀ ਵੱਲੋਂ ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ ਤੇ ਹੋਮਿਓਪੈਥੀ ਦਵਾਈਆਂ ਦਿੱਤੀਆਂ ਗਈਆਂ। ਇਸੇ ਮੌਕੇ ਜਗਰੂਪ ਅਤੇ ਸਤੀਸ਼ ਲਾਲ ਫਾਰਮਾਸਿਸਟ ਤੇ ਸਤਿੰਦਰ ਸਿੰਘ ਹੋਮਿਓਪੈਥੀ ਫਾਰਮਾਸਿਸਟ ਵੱਲੋਂ ਮਰੀਜ਼ਾਂ ਨੂੰ ਫਰੀ ਦਵਾਈਆਂ ਵੀ ਦਿੱਤੀਆਂ ਗਈਆਂ ਕੈਂਪ ਵਿੱਚ ਆਯੁਰਵੈਦਿਕ ਵਿਭਾਗ ਵੱਲੋਂ 392 ਅਤੇ ਹੋਮਿਓਪੈਥੀ ਵਿਭਾਗ ਵੱਲੋਂ 309 ਮਰੀਜ਼ਾਂ ਦਾ ਚੈੱਕਅਪ ਕੀਤਾ। ਇਸ ਮੌਕੇ ਪੰਚ ਰੀਨਾ ਰਾਣੀ, ਗੁਰਪਾਲ ਸਿੰਘ, ਸੁਖਵਿੰਦਰ ਸਿੰਘ, ਲੰਬੜਦਾਰ ਹਰਜਿੰਦਰ ਸਿੰਘ, ਬਲਜੀਤ ਕੁਮਾਰ, ਤਰਸੇਮ ਲਾਲ, ਦਵਿੰਦਰ ਬਤਰਾ, ਚਮਨ ਲਾਲ ਕਲਸੀ, ਜਗਮੋਹਨ ਸਿੰਘ, ਭਗਤ ਰਾਮ, ਗੁਰਮੀਤ ਰਾਮ ਸਾਬਕਾ ਸਬ ਇੰਸਪੈਕਟਰ, ਸੰਦੀਪ ਥਾਪਰ,ਰਣਧੀਰ ਸਿੰਘ ਤੇ ਅਨੂਪ ਸਿੰਘ ਅਤੇ ਰਜਨੀ ਬਾਲਾ ਯੋਗਾ ਇੰਸਟ੍ਰਕਟਰ ਪਰਮਜੀਤ ਕੌਰ ਟਰੇਡ ਦਾਈ ਹਾਜ਼ਰ ਸਨ।

# ਐਡਵੋਕੇਟ ਰਜਨੀ ਬਾਲਾ ਕਾਨੂੰਨੀ ਸਲਾਹਕਾਰ ਨਿਯੁਕਤ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**- ਸਰਬ ਨੌਜਵਾਨ ਸਭਾ ਫ਼ਗਵਾੜਾ ਦੀ ਇੱਕ ਵਿਸ਼ੇਸ਼ ਮੀਟਿੰਗ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ ਹੇਠ ਸਕੀਮ ਨੰਬਰ-3, ਹੁਸ਼ਿਆਰਪੁਰ ਰੋਡ ਫ਼ਗਵਾੜਾ ਦਫਤਰ ਵਿਖੇ ਆਯੋਜਿਤ ਹੋਈ ਜਿਸ ਦੀ ਪ੍ਰਧਾਨਗੀ ਐੱਨ ਆਰ ਆਈ ਤੇ ਸਭਾ ਦੇ ਚੇਅਰਮੈਨ ਸੁਰੇਸ਼ ਮੱਲ੍ਹਣ ਯੂ ਐੱਸ ਏ ਨੇ ਕੀਤੀ। ਮੀਟਿੰਗ ਦੌਰਾਨ ਸਭਾ ਦੀ ਟੀਮ ਨੂੰ ਹੋਰ ਮਜ਼ਬੂਤ ਕਰਦਿਆਂ ਐਡਵੋਕੇਟ ਰਜਨੀ ਬਾਲਾ ਨੂੰ ਸਰਬ ਨੌਜਵਾਨ ਸਭਾ



ਫਗਵਾੜਾ ਦੇ ਲੀਗਲ ਐਡਵਾਈਜ਼ਰ ਦੀ ਜ਼ਿੰਮੇਵਾਰੀ ਸੰਭਾਲੀ ਗਈ। ਐਡਵੋਕੇਟ ਰਜਨੀ ਬਾਲਾ ਨੇ ਭਰੋਸਾ ਦਿੱਤਾ ਕਿ ਉਹ ਸਭਾ ਵੱਲੋਂ ਦਿੱਤੀ ਗਈ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ। ਸਭਾ ਦੇ ਚੇਅਰਮੈਨ ਸੁਰੇਸ਼ ਮੱਲ੍ਹਣ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸਰਬ ਨੌਜਵਾਨ ਸਭਾ ਵੱਲੋਂ ਕੀਤੇ ਜਾ ਰਹੇ ਸਮਾਜ ਸੇਵਾ ਦੇ ਕੰਮ ਬੇਹਦ ਸ਼ਲਾਘਾਯੋਗ ਹਨ। ਉਹਨਾਂ ਕਿਹਾ ਕਿ ਇਹ ਬੜੀ ਦੀ ਖੁਸ਼ੀ ਦੀ ਗੱਲ ਹੈ ਕਿ ਸਾਲ 1989 ਤੋਂ ਲਗਾਇਆ ਸਮਾਜ ਸੇਵਾ ਦਾ ਇਹ ਬੂਟਾ ਪਰਮਾਤਮਾ ਦੇ ਅਸ਼ੀਰਵਾਦ ਨਾਲ ਅੱਜ ਪ੍ਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ 'ਚ ਸਮਾਜ ਦੇ ਹਰ ਲੋੜਵੰਦ ਨੂੰ ਆਪਣੀਆਂ ਸੇਵਾਵਾਂ ਦੀ ਛਾਂ ਬਖ਼ਸ਼ ਰਿਹਾ ਹੈ। ਉਹਨਾਂ ਭਰੋਸਾ ਦਿੱਤਾ ਕਿ ਉਹ ਹਮੇਸ਼ਾਂ ਸਭਾ ਦੇ ਨਾਲ ਖੜੇ ਹਨ, ਅਤੇ ਜਿੱਥੇ ਵੀ ਲੋੜ ਹੋਵੇ ਹਮੇਸ਼ਾ ਹਾਜਰ ਰਹਿਣਗੇ। ਇਸ ਮੌਕੇ ਸੰਤੋਸ਼ ਕੁਮਾਰ ਗੋਗੀ ਜ਼ਿਲ੍ਹਾ ਸਕੱਤਰ ਆਮ ਆਦਮੀ ਪਾਰਟੀ, ਤਵਿੰਦਰ ਰਾਮ ਚੇਅਰਮੈਨ ਮਾਰਕੀਟ ਕਮੇਟੀ, ਹੁਸਨ ਲਾਲ ਜਨਰਲ ਮੈਨੇਜਰ ਵਰਧਮਾਨ ਲਿ. ਚੰਡੀਗੜ੍ਹ, ਕੌਂਸਲਰ ਪ੍ਰਿਤਪਾਲ ਕੌਰ ਤੁਲੀ, ਸਭਾ ਦੇ ਉਪ ਪ੍ਰਧਾਨ ਰਵਿੰਦਰ ਸਿੰਘ ਰਾਏ, ਜਨਰਲ ਸਕੱਤਰ ਡਾ. ਵਿਜੈ ਕੁਮਾਰ, ਆਰ ਪੀ ਸ਼ਰਮਾ, ਗੁਰਦੀਪ ਸਿੰਘ ਤੁਲੀ, ਰਮਨ ਨੇਹਰਾ, ਨਰਿੰਦਰ ਸੈਣੀ, ਰਾਕੇਸ਼ ਕੋਛੜ, ਗੁਲਸ਼ਨ ਕਪੂਰ, ਰਣਜੀਤ ਸਿੰਘ ਬੇਦੀ, ਸਮਾਜ ਸੇਵਕ ਜਸਵਿੰਦਰ ਢੱਡਾ, ਗੁਰਸ਼ਰਨ ਬਾਸੀ, ਆਸ਼ੂ ਬੱਗਾ, ਗੁਰਜੀਤ ਕੌਰ, ਲਕਸ਼ਮੀ, ਖੁਸ਼ੀ ਆਦਿ ਹਾਜ਼ਰ ਸਨ।

# ਸਕੂਲਾਂ-ਕਾਲਜਾਂ 'ਚ ਭਲਕੇ ਰਹੇਗੀ ਅੱਧੇ ਦਿਨ ਦੀ ਛੁੱਟੀ

**ਬਲਾਚੌਰ (ਜਸਵਿੰਦਰ ਬੈਂਸ)**- ਜ਼ਿਲ੍ਹਾ ਮੈਜਿਸਟਰੇਟ ਗੁਲਪ੍ਰੀਤ ਸਿੰਘ ਔਲਖ ਨੇ ਇਕ ਹੁਕਮ ਰਾਹੀਂ ਆਮ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਅਤੇ ਸਕੂਲਾਂ/ਕਾਲਜਾਂ ਦੇ ਅਧਿਆਪਕਾਂ/ਵਿਦਿਆਰਥੀਆਂ ਦੀ ਸਹੂਲਤ ਅਤੇ ਸੁਰੱਖਿਆ ਦੇ ਧਿਆਨ ਵਿੱਚ ਰੱਖਦੇ ਹੋਏ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਉਤਸਵ ਦੇ ਸਬੰਧ ਵਿੱਚ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਵੱਖ-ਵੱਖ ਸਥਾਨਾਂ ਤੇ ਕੱਢੀ ਜਾਣ ਵਾਲੀ ਸ਼ੋਭਾ ਯਾਤਰਾ ਵਿੱਚ ਸ਼ਾਮਲ ਹੋਣ ਲਈ ਜ਼ਿਲ੍ਹੇ ਦੇ ਸਰਕਾਰੀ/ਅਰਧ ਸਰਕਾਰੀ ਸਕੂਲ, ਕਾਲਜਾਂ ਵਿਦਿਅਕ ਸੰਸਥਾਵਾਂ ਵਿੱਚ 31 ਜਨਵਰੀ ਨੂੰ ਬਾਅਦ ਦੁਪਹਿਰ ਅੱਧੇ ਦਿਨ ਦੀ ਛੁੱਟੀ ਘੋਸ਼ਿਤ ਕੀਤੀ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਸਿੱਖਿਆ ਅਫਸਰ (ਸੈ ਸਿ ਤੇ ਐ ਸਿ), ਸ਼ਹੀਦ ਭਗਤ ਸਿੰਘ ਨਗਰ ਜਿਲ੍ਹੇ ਦੇ ਸਕੂਲ/ਕਾਲਜਾਂ ਵਿੱਚ ਇਹ ਹੁਕਮ ਤੁਰੰਤ ਲਾਗੂ ਕਰਵਾਉਣ ਲਈ ਜ਼ਿੰਮੇਵਾਰ ਹੋਣਗੇ।

# ਅਧਿਆਪਕ ਸੰਦੀਪ ਕੁਮਾਰ ਸਨਮਾਨਤ



**ਆਦਮਪੁਰ (ਪਰਮਜੀਤ ਸਿੰਘ)**- 77ਵੇਂ ਗਣਤੰਤਰ ਦਿਵਸ ਦੇ ਪਵਿੱਤਰ ਮੌਕੇ 'ਤੇ ਜਲੰਧਰ ਦੇ ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿਖੇ ਜ਼ਿਲ੍ਹਾ ਪੱਧਰੀ ਸਮਾਗਮ 'ਤੇ ਪੰਜਾਬ ਦੇ ਖਣਨ ਤੇ ਭੂ-ਵਿਗਿਆਨ, ਜਲ ਸਰੋਤ ਅਤੇ ਭੂਮੀ ਤੇ ਜਲ ਸੰਭਾਲ ਮੰਤਰੀ, ਪੰਜਾਬ ਬਰਿੰਦਰ ਕੁਮਾਰ ਗੋਇਲ ਤੇ ਡਾ. ਹਿਮਾਂਸ਼ੂ ਅਗਰਵਾਲ, ਡਿਪਟੀ ਕਮਿਸ਼ਨਰ, ਜਲੰਧਰ ਵਲੋਂ ਬਲਾਕ ਆਦਮਪੁਰ ਦੇ ਅਧਿਆਪਕ ਸੰਦੀਪ ਕੁਮਾਰ ਨੂੰ ਆਪਣੇ ਕਿੱਤੇ ਸਿੱਖਿਆ ਖੇਤਰ,ਖੇਡ ਖੇਤਰ ਅਤੇ ਚੋਣ ਕਮਿਸ਼ਨ ਵਿੱਚ ਇਮਾਨਦਾਰੀ ਨਾਲ ਸੇਵਾਵਾਂ ਨਿਭਾਉਣ ਦੇ ਲਈ ਪ੍ਰਸ਼ੰਸਾ ਪੱਤਰ ਅਤੇ ਮੈਡਲ ਦੇ ਕੇ ਸਨਮਾਨਤ ਕੀਤਾ ਗਿਆ।

# ਨਗਰ ਕੀਰਤਨ ਅੱਜ ਸਜਾਇਆ ਜਾਏਗਾ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਨਡਾਲੋਂ 'ਚ ਗੁਰਦੁਆਰਾ ਜਨਮ ਅਸਥਾਨ ਸੰਤ ਬਾਬਾ ਨਿਧਾਨ ਸਿੰਘ ਜੀ ਵਿਖੇ ਸੰਤ ਬਾਬਾ ਨਿਧਾਨ ਸਿੰਘ ਜੀ ਸ੍ਰੀ ਹਜ਼ੂਰ ਸਾਹਿਬ ਵਾਲਿਆਂ ਦੇ ਜਨਮ ਦਿਹਾੜੇ ਨੂੰ ਸਮਰਪਿਤ ਸੰਤ ਬਾਬਾ ਨਰਿੰਦਰ ਸਿੰਘ-ਸੰਤ ਬਾਬਾ ਬਲਵਿੰਦਰ ਸਿੰਘ ਦੀ ਸਰਪ੍ਰਸਤੀ ਹੇਠ ਤੇ ਜਥੇਦਾਰ ਬਾਬਾ ਗੁਰਮੀਤ ਸਿੰਘ ਦੀ ਦੇਖ ਰੇਖ ਹੇਠ ਮਨਾਏ ਜਾ ਰਹੇ 25 ਰੋਜ਼ਾ ਧਾਰਮਿਕ ਜੋੜ ਮੇਲੇ ਦੇ 20ਵੇਂ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਤੇ ਪੰਜਾਂ ਪਿਆਰਿਆਂ ਦੀ ਅਗਵਾਈ ਵਿੱਚ ਮਹਾਨ ਨਗਰ ਕੀਰਤਨ ਸਜਾਇਆ ਜਾ ਰਿਹਾ ਹੈ। ਜਥੇਦਾਰ ਬਾਬਾ ਗੁਰਮੀਤ ਸਿੰਘ ਜੀ ਕਾਰ ਸੇਵਾ ਵਾਲਿਆਂ ਨੇ ਦੱਸਿਆ ਕਿ ਇਹ ਮਹਾਨ ਨਗਰ ਕੀਰਤਨ 30 ਜਨਵਰੀ ਦਿਨ ਸ਼ੁੱਕਰਵਾਰ ਨੂੰ ਗੁਰਦੁਆਰਾ ਸਾਹਿਬ ਤੋਂ ਸਵੇਰੇ 9 ਵਜੇ ਰਵਾਨਾ ਹੋਵੇਗਾ ਤੇ ਪਿੰਡ ਅਜਨੋਹਾ, ਨੰਗਲ, ਠੰਡਲ, ਚੈੜਾ, ਜਲਵੇਹੜਾ, ਪਾਂਸ਼ਟਾ, ਕੂਕੋਵਾਲ, ਮਾਇਓਪੱਟੀ, ਬੱਡੋਂ ਤੇ ਪੰਜੌੜਾ ਤੋਂ ਹੁੰਦਾ ਹੋਇਆ ਸ਼ਾਮ ਨੂੰ ਵਾਪਿਸ ਗੁਰਦੁਆਰਾ ਸਾਹਿਬ ਵਿਖੇ ਸਮਾਪਤ ਹੋਵੇਗਾ। ਉਨ੍ਹਾਂ ਦੱਸਿਆ ਇਸ ਨਗਰ ਕੀਰਤਨ ਦੌਰਾਨ ਕਵੀਸ਼ਰ ਬੀਬੀ ਬਲਜਿੰਦਰ ਕੌਰ, ਰਾਗੀ ਭਾਈ ਰਣਜੋਧ ਸਿੰਘ ਜੀ ਨਡਾਲੋਂ, ਭਾਈ ਸੁਖਦੇਵ ਸਿੰਘ ਨਡਾਲੋਂ, ਭਾਈ ਜਸਲੀਨ ਸਿੰਘ ਪਾਂਸ਼ਟਾ ਆਦਿ ਸੰਗਤਾਂ ਨੂੰ ਗੁਰਬਾਣੀ ਕਥਾ-ਕੀਰਤਨ ਤੇ ਵਾਰਾਂ ਰਾਹੀਂ ਨਿਹਾਲ ਕਰਨਗੇ। ਇਸ ਮੌਕੇ ਬਾਬਾ ਜਸਪਾਲ ਸਿੰਘ ਜੀ ਨੈਕੀ ਵਾਲੇ, ਸੰਤ ਗੁਰਚਰਨ ਸਿੰਘ ਜੀ ਬੱਡੋਂ, ਮੁੱਖ ਗ੍ਰੰਥੀ ਭਾਈ ਅਕਾਸ਼ਦੀਪ ਸਿੰਘ ਬਾਸਰਕੇ ਗਿੱਲਾਂ, ਲਖਵਿੰਦਰ ਸਿੰਘ ਬਿੰਦਾ, ਧਰਮਿੰਦਰ ਸਿੰਘ ਸੋਨੂੰ, ਅਮਰਜੀਤ ਸਿੰਘ ਖਾਲਸਾ ਜਾਂਗਲੀਆਣਾ, ਬਾਬਾ ਜਰਨੈਲ ਸਿੰਘ, ਦਲਵੀਰ ਸਿੰਘ ਭੱਟੀ, ਕਿਰਪਾਲ ਸਿੰਘ ਅਜਨੋਹਾ, ਬਲਜਿੰਦਰ ਸਿੰਘ ਪੰਜੌੜ, ਸੁਖਵਿੰਦਰ ਸਿੰਘ ਲੱਡੂ ਟੋਡਰਪੁਰ, ਪਰਮਜੀਤ ਸਿੰਘ ਰੱਕੜ ਕੋਟ ਫਤੂਹੀ, ਸਰਵਿੰਦਰ ਸਿੰਘ ਠੀਂਡਾ, ਅਮਰਜੀਤ ਸਿੰਘ ਅਮਰੀਕਾ, ਕੀਰਤ ਸਿੰਘ, ਪ੍ਰਧਾਨ ਮਹਿੰਦਰ ਸਿੰਘ ਰੱਬ ਜੀ ਪਾਂਸ਼ਟਾ, ਗੁਰਵਿੰਦਰ ਸਿੰਘ ਵਿੱਕੀ ਪਾਂਸ਼ਟਾ, ਹਰਦੀਪ ਸਿੰਘ ਬੱਡੋਂ, ਸੁੱਖਵਿੰਦਰ ਸਿੰਘ ਸੁੱਖਾ ਚੈੜਾ, ਕੁਲਵਿੰਦਰ ਸਿੰਘ ਠੰਡਲ, ਰਾਜੂ ਮਾਇਓਪੱਟੀ, ਹਰਦੀਪ ਸਿੰਘ ਨੰਗਲ ਆਦਿ ਹਾਜ਼ਰ ਸਨ।

# 'ਬਹੁਜਨ ਰਾਜ' ਸਥਾਪਿਤ ਕਰਨ ਦਾ ਅਹਿਦ ਲਈਏ : ਕਰੀਮਪੁਰੀ

**ਹੁਸ਼ਿਆਰਪੁਰ (ਓ ਪੀ ਰਾਣਾ)**- ਦੇਸ਼ ਦੇ 77ਵੇਂ ਗਣਤੰਤਰ ਦਿਵਸ ਤੇ ਬਹੁਜਨ ਸਮਾਜ ਪਾਰਟੀ ਵਲੌਂ ਹਲਕਾ ਸ਼ਾਮ ਚੌਰਾਸੀ ਦੇ ਪਿੰਡ ਬੁਲੋਵਾਲ ਵਿਖੇ ਇਕ ਵਿਸ਼ਾਲ ਜਨ ਸਭਾ ਦਾ ਆਯੋਜਨ ਕੀਤਾ ਜਿਸ ਵਿੱਚ ਬਸਪਾ ਪੰਜਾਬ ਦੇ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਸਾਬਕਾ ਮੈਂਬਰ ਰਾਜ ਸਭਾ ਮੁੱਖ ਮਹਿਮਾਨ ਵਜੋਂ ਸ਼ਾਮਲ



ਹੋਏ। ਇਸ ਮੌਕੇ ਭਾਰੀ ਗਿਣਤੀ ਵਿੱਚ ਬਸਪਾ ਵਰਕਰ ਅਤੇ ਇਲਾਕਾ ਨਿਵਾਸੀ ਹਾਜਰ ਸਨ। ਇਸ ਮੌਕੇ ਜਨ ਸਭਾ ਨੂੰ ਸੰਬੋਧਨ ਕਰਦਿਆਂ ਡਾ. ਕਰੀਮਪੁਰੀ ਨੇ ਕਿਹਾ ਕਿ ਇਹ ਦਿਨ ਸਾਨੂੰ ਉਸ ਸੰਵਿਧਾਨ ਦੀ ਯਾਦ ਦਿਵਾਉਂਦਾ ਹੈ ਜਿਸ ਨੂੰ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਨੇ ਬਹੁਤ ਉਮੀਦਾਂ ਨਾਲ ਤਿਆਰ ਕੀਤਾ ਸੀ ਤਾਂ ਜੋ ਦੇਸ਼ ਦੇ ਹਰ ਨਾਗਰਿਕ, ਖਾਸ ਕਰਕੇ ਦਲਿਤਾਂ, ਪਿਛੜਿਆਂ ਅਤੇ ਘੱਟ ਗਿਣਤੀਆਂ ਨੂੰ ਬਰਾਬਰ ਦੇ ਅਧਿਕਾਰ ਮਿਲ ਸਕਣ। ?ਪਰ ਅੱਜ ਪੰਜਾਬ ਦੇ ਹਾਲਾਤ ਦੇਖ ਕੇ ਮਨ ਬਹੁਤ ਦੁਖੀ ਹੈ। 'ਭਾਰਤੀ ਸੰਵਿਧਾਨ ਮੁਤਾਬਿਕ ਹੁਕਮਰਾਨ ਦੀ ਭੂਮਿਕਾ' ਸਭ ਨੂੰ ਸੁਰੱਖਿਆ ਦੇਣ ਦੀ ਹੁੰਦੀ ਹੈ, ਪਰ ਅੱਜ ਪੰਜਾਬ ਵਿੱਚ ?ਬਾਬਾ ਸਾਹਿਬ ਦੇ ਬੁੱਤਾਂ 'ਤੇ ਹਮਲੇ ਹੋਣਾ ਤੇ ਨੌਜਵਾਨਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਡਾ. ਕਰੀਮਪੁਰੀ ਨੇ ਕਿਹਾ ਬਸਪਾ ਦੀ ਪੰਜਾਬ ਸੰਭਾਲੋ ਮੁਹਿੰਮ ਹੀ ਪੰਜਾਬ ਨੂੰ ਨਸ਼ਿਆਂ ਦੀ ਚੁਨੌਤੀ ਵਿੱਚੋਂ ਕੱਢ ਸਕਦੀ ਹੈ, ਬੇਰੁਜ਼ਗਾਰੀ ਨਸ਼ੇ,ਲੈਂਡ ਮਾਫੀਆ ਪੰਜਾਬ ਦੇ ਸਿਰ ਕਰਜਾ, ਮਜ਼ਦੂਰਾਂ ਅਤੇ ਕਿਸਾਨਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਕੇ ਗੌਰਵਸ਼ਾਲੀ ਪੰਜਾਬ ਦਾ ਨਿਰਮਾਣ ਕੀਤਾ ਜਾ ਸਕਦਾ ਹੈ। ਉਨਾਂ ਕਿਹਾ ਗਣਤੰਤਰ ਦਿਵਸ ਦਾ ਅਸਲੀ ਮਕਸਦ ਉਦੋਂ ਹੀ ਪੂਰਾ ਹੋਵੇਗਾ ਜਦੋਂ ਹਰ ਗਰੀਬ ਅਤੇ ਪਿਛੜਾ ਵਿਅਕਤੀ ਬਿਨਾਂ ਕਿਸੇ ਡਰ ਦੇ ਆਤਮ ਨਿਰਭਰ ਜੀਵਨ ਜੀਅ ਸਕੇਗਾ। ਇਸ ਲਈ 77ਵੇਂ ਗਣਤੰਤਰ ਦਿਵਸ 'ਤੇ ਭਾਰਤੀ ਸੰਵਿਧਾਨ ਵਿਰੋਧੀ ਤਾਕਤਾਂ ਨੂੰ ਉਖੇੜ ਕੇ 'ਬਹੁਜਨ ਰਾਜ' ਸਥਾਪਿਤ ਕਰਨ ਦਾ ਅਹਿਦ ਲਈਏ। ਇਸ ਮੌਕੇ ਸਟੇਟ ਜੋਨ ਕੋਆਰਡੀਨੇਟਰ ਚੌਧਰੀ ਗੁਰਨਾਮ ਸਿੰਘ, ਸਟੇਟ ਸੈਕਟਰੀ ਮਨਿੰਦਰ ਸ਼ੇਰਪੁਰੀ,ਸੁਖਦੇਵ ਬਿੱਟਾ ਸਟੇਟ ਸੈਕਟਰੀ,ਜਿਲਾ ਪ੍ਰਧਾਨ ਦਲਜੀਤ ਰਾਏ, ਜਿਲਾ ਕੁਆਰਡੀਨੇਟਰ ਅਤੇ ਵਿਧਾਨ ਸਭਾ ਸ਼ਾਮ ਚੌਰਾਸੀ ਇੰਚਾਰਜ ਨਿਸ਼ਾਨ ਚੌਧਰੀ,ਬੀ ਵੀ ਐਫ ਕਨਵੀਨਰ ਜਗਮੋਨ ਸੱਜਣਾਂ, ਹੈਪੀ ਫੰਬੀਆ, ਹੈਡਮਾਸਟਰ ਗੁਰਦਿਆਲ, ਰਾਜ ਕੁਮਾਰ, ਵਿੱਕੀ ਭੁੰਗਾ ਤੋਂ ਇਲਾਵਾ ਪਾਰਟੀ ਦੇ ਹੋਰ ਵਰਕਰ ਸਮਰਥਕ ਮੌਜੂਦ ਸਨ। ਇਸ ਮੌਕੇ ਪਾਰਟੀ ਦੇ ਕੇਂਦਰੀ ਫੰਡ ਲਈ 35000 ਦਾ ਆਰਥਿਕ ਸਹਿਯੋਗ ਵੀ ਦਿੱਤਾ ਗਿਆ।

# ਪੰਜਾਬ ਸਰਕਾਰ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਨੂੰ ਹੱਲ ਕਰਨ ਲਈ ਵਚਨਬੱਧ : ਡਾ. ਰਵਜੋਤ ਸਿੰਘ

**ਚੰਡੀਗੜ੍ਹ, (ਗੁਰਜੀਤ ਬਿੱਲਾ)**- ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਸੂਬਾ ਸਰਕਾਰ ਦੀ ਮੁਲਾਜ਼ਮਾਂ ਪ੍ਰਤੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਰਕਾਰ ਮੁਲਾਜ਼ਮਾਂ ਦੇ ਮਸਲਿਆਂ ਨੂੰ ਹੱਲ ਕਰਨ ਲਈ ਪੂਰੀ ਤਰ੍ਹਾਂ ਗੰਭੀਰ ਹੈ। ਉਨ੍ਹਾਂ ਦੱਸਿਆ ਕਿ ਕੱਚੇ ਮੁਲਾਜ਼ਮਾਂ ਸਮੇਤ



ਮੁਲਾਜ਼ਮਾਂ ਦੇ ਕਈ ਅਹਿਮ ਮੁੱਦੇ ਪਹਿਲਾਂ ਹੀ ਹੱਲ ਕੀਤੇ ਜਾ ਚੁੱਕੇ ਹਨ ਅਤੇ ਬਾਕੀ ਰਹਿੰਦੀਆਂ ਜਾਇਜ਼ ਮੰਗਾਂ 'ਤੇ ਵੀ ਸਰਕਾਰ ਸਰਗਰਮੀ ਨਾਲ ਵਿਚਾਰ ਕਰ ਰਹੀ ਹੈ। ਪੰਜਾਬ ਸਿਵਲ ਸਕੱਤਰੇਤ ਵਿਖੇ ਵੱਖ-ਵੱਖ ਮੀਟਿੰਗਾਂ ਦੀ ਪ੍ਰਧਾਨਗੀ ਕਰਦਿਆਂ ਡਾ. ਰਵਜੋਤ ਸਿੰਘ ਨੇ ਸਿੱਖਿਆ ਵਿਭਾਗ ਨਾਲ ਸਬੰਧਤ ਮੁੱਦਿਆਂ 'ਤੇ ਵਿਸਥਾਰਪੂਰਵਕ ਚਰਚਾ ਕੀਤੀ। ਇਸ ਮੌਕੇ ਸਕੱਤਰ ਸਿੱਖਿਆ ਸੋਨਾਲੀ ਗਿਰਿ, ਸਮੇਤ ਸਿੱਖਿਆ ਵਿਭਾਗ ਦੇ ਹੋਰ ਸੀਨੀਅਰ ਅਧਿਕਾਰੀ ਹਾਜ਼ਰ ਸਨ। ਮੀਟਿੰਗ ਦੌਰਾਨ ਡਾ. ਰਵਜੋਤ ਸਿੰਘ ਨੇ ਸਿੱਖਿਆ ਵਿਭਾਗ ਨਾਲ ਸਬੰਧਤ 13 ਵੱਖ-ਵੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਨਾਲ ਗੱਲਬਾਤ ਕੀਤੀ। ਅਧਿਆਪਕ ਜਥੇਬੰਦੀਆਂ ਦੇ ਨੁਮਾਇੰਦਿਆਂ ਨਾਲ ਗੱਲਬਾਤ ਕਰਦਿਆਂ ਕੈਬਨਿਟ ਮੰਤਰੀ ਨੇ ਭਰੋਸਾ ਦਿੱਤਾ ਕਿ ਉਨ੍ਹਾਂ ਦੀਆਂ ਜਾਇਜ਼ ਮੰਗਾਂ ਪ੍ਰਕਿਰਿਆ ਅਧੀਨ ਹਨ।

# ਗਣਤੰਤਰ ਦਿਵਸ ਮਨਾਇਆ



**ਲੋਹੀਆਂ ਖਾਸ, (ਯੋਗੇਸ਼ਵਰ)**- ਬੀ ਕੇ ਇੰਟਰਨੈਸ਼ਨਲ ਕਾਨਵੇਂਟ ਸਕੂਲ ਤੇ ਬਾਬੇ ਕੇ ਸੀਨੀਅਰ ਸੈਕੰਡਰੀ ਸਕੂਲ, ਵਾੜਾ ਜੋਧ ਸਿੰਘ ਵਿਖੇ ਗਣਤੰਤਰ ਦਿਵਸ ਦੇ ਸੰਬੰਧ ਵਿੱਚ ਵਿਸ਼ੇਸ਼ ਸਮਾਗਮ ਆਯੋਜਿਤ ਕੀਤਾ ਗਿਆ।ਡਾਇਰੈਕਟਰ ਸਦਾਮ ਖਾਨ, ਡਿਪਟੀ ਡਾਇਰੈਕਟਰ ਸਰਗਮ ਥਿੰਦ,ਪ੍ਰਿੰਸੀਪਲ ਨੀਤੀਮਾ ਪੁਰੀ ਵੱਲੋਂ ਤਿਰੰਗਾ ਲਹਿਰਾ ਕੇ ਸਲਾਮੀ ਦਿੱਤੀ ਗਈ ਤੇ ਭਾਰਤੀ ਫੌਜ ਦੀ ਕੁਰਬਾਨੀਆਂ ਨੂੰ ਯਾਦ ਕਰਦੇ ਹੋਏ ਸਭ ਨੂੰ ਦੇਸ਼ ਲਈ ਆਪਣੀ ਜਿੰਮੇਵਾਰੀ ਇਮਾਨਦਾਰੀ ਨਾਲ ਨਿਭਾਉਣ ਦੀ ਪ੍ਰੇਰਨਾ ਦਿੱਤੀ ਗਈ। ਵਿਜਡਮ ਹਾਊਸ ਦੇ ਅਧਿਆਪਕ ਮਨਦੀਪ ਕੌਰ ਵੱਲੋਂ ਗਣਤੰਤਰ ਦਿਵਸ ਤੇ ਦੇਸ਼ ਦੇ ਸੰਵਿਧਾਨ ਦੇ ਮਹੱਤਵ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ ਗਈ ਅਤੇ ਇਸ ਸਬੰਧੀ ਪ੍ਰਸ਼ਨ ਪੁੱਛੇ ਗਏ । ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਸਬੰਧੀ ਵੱਖ-ਵੱਖ ਪੇਸ਼ਕਾਰੀ ਨੇ ਸਭ ਦਾ ਮਨ ਮੋਹ ਲਿਆ।

# ਭਗਤ ਰਵਿਦਾਸ ਦਾ ਜਨਮ ਦਿਹਾੜਾ ਪਹਿਲੀ ਨੂੰ ਮਨਾਇਆ ਜਾਵੇਗਾ

**ਮੁਹਾਲੀ (ਗੁਰਜੀਤ ਬਿੱਲਾ)**- ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਸ਼੍ਰੋਮਣੀ ਭਗਤ ਰਵਿਦਾਸ ਜੀ ਜਨਮ ਦਿਹਾੜਾ ਮਿਤੀ 1 ਫਰਵਰੀ ਨੂੰ ਬੜੀ ਸ਼ਰਧਾ ਭਾਵਨਾ ਨਾਲ ਉਤਸ਼ਾਹ ਪੂਰਵਕ ਮਨਾਇਆ ਜਾਵੇਗਾ । ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਬੰਧਕ ਕਮੇਟੀ ਦੇ ਬੁਲਾਰੇ ਨੇ ਦੱਸਿਆ ਕਿ ਜਨਮ ਦਿਹਾੜਾ ਦੀ ਖੁਸ਼ੀ ਵਿੱਚ ਇਸ ਦਿਨ ਸਵੇਰੇ 9:00 ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ । ਇਸ ਉਪਰੰਤ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਜੱਥੇ, ਇੰਟਰਨੈਸ਼ਨਲ ਪੰਥਕ ਢਾਡੀ ਜੱਥੇ, ਤੇ ਉੱਚ ਕੋਟੀ ਦੇ ਪੰਥ ਪ੍ਰਸਿੱਧ ਪ੍ਰਚਾਰਕ ਸੰਗਤਾਂ ਨੂੰ ਸਾਰਾ ਦਿਨ ਹਰਿ ਜਸ ਸੁਣਾ ਕੇ ਨਿਹਾਲ ਕਰਨਗੇ । ਗੁਰੂ ਕਾ ਲੰਗਰ ਸਾਰਾ ਦਿਨ ਅਟੁੱਟ ਵਰਤਾਇਆ ਜਾਵੇਗਾ।

# ਅਸ਼ੀਰਵਾਦ ਸਕੀਮ ਹੁਣ ਸਿਰਫ਼ ਸੇਵਾ ਕੇਂਦਰਾਂ ਰਾਹੀਂ ਲਾਗੂ ਹੋਵੇਗੀ : ਡਾ. ਬਲਜੀਤ ਕੌਰ



**ਚੰਡੀਗੜ੍ਹ, (ਗੁਰਜੀਤ ਬਿੱਲਾ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਗਰੀਬ, ਪੱਛੜੇ ਅਤੇ ਹਾਸ਼ੀਏ 'ਤੇ ਖੜ੍ਹੇ ਵਰਗਾਂ ਦੀ ਭਲਾਈ ਲਈ ਲਗਾਤਾਰ ਲੋਕ-ਹਿਤੈਸ਼ੀ ਫੈਸਲੇ ਲਏ ਜਾ ਰਹੇ ਹਨ। ਇਸੇ ਦਿਸ਼ਾ ਵਿੱਚ ਅਸ਼ੀਰਵਾਦ ਸਕੀਮ ਨੂੰ ਹੋਰ ਪਾਰਦਰਸ਼ੀ, ਸੁਚਾਰੂ ਅਤੇ ਲੋਕ-ਮਿਤਰ ਬਣਾਉਣ ਲਈ ਇੱਕ ਮਹੱਤਵਪੂਰਨ ਕਦਮ ਚੁੱਕਿਆ ਗਿਆ ਹੈ। ਇਹ ਗੱਲ ਪੰਜਾਬ ਦੇ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਕਹੀ।ਉਨ੍ਹਾਂ ਜਾਣਕਾਰੀ ਦਿੱਤੀ ਕਿ ਹੁਣ ਤੋਂ ਅਸ਼ੀਰਵਾਦ ਸਕੀਮ ਅਧੀਨ ਲਾਭ ਪ੍ਰਾਪਤ ਕਰਨ ਲਈ ਅਰਜ਼ੀਆਂ ਸਿਰਫ਼ ਸੇਵਾ ਕੇਂਦਰਾਂ ਰਾਹੀਂ ਹੀ ਦਾਖ਼ਲ ਕੀਤੀਆਂ ਜਾ ਸਕਣਗੀਆਂ, ਜਿਸ ਨਾਲ ਸਕੀਮ ਦੀ ਕਾਰਗੁਜ਼ਾਰੀ ਹੋਰ ਪ੍ਰਭਾਵਸ਼ਾਲੀ ਅਤੇ ਜਵਾਬਦੇਹ ਬਣੇਗੀ।

# ਆਈ ਟੀ ਸਿਟੀ ਪਲਾਟਾਂ ਦੇ ਅਲਾਟੀਆਂ ਨੂੰ ਵਿਧਾਇਕ ਨੇ ਮਸਲੇ ਦੇ ਹੱਲ ਦਾ ਦਿੱਤਾ ਭਰੋਸਾ

**ਮੋਹਾਲੀ (ਗੁਰਜੀਤ ਬਿੱਲਾ)**- ਮੋਹਾਲੀ ਦੇ ਸੈਕਟਰ ਆਈ ਟੀ ਸਿਟੀ ਸੈਕਟਰ -82 ,83ਏ, 66 ਬੀ ਨਾਲ ਸੰਬੰਧਿਤ 7000 ਦੇ ਪਲਾਟ ਨਾਲ ਸੰਬੰਧਿਤ ਅਲਾਟੀਆਂ ਦਾ ਇੱਕ ਉੱਚ ਪੱਧਰੀ ਬਫਦ ਵਿਧਾਇਕ ਕੁਲਵੰਤ ਸਿੰਘ ਨੂੰ ਮਿਲਿਆ ਸੈਕਟਰ -79 ਵਿਖੇ ਸਥਿਤ ਆਮ ਆਦਮੀ ਪਾਰਟੀ ਦੇ ਦਫਤਰ ਵਿਖੇ ਇਹਨਾਂ ਇਲਾਕੀਆਂ ਨੇ ਆਪਣੀ ਪੀੜਾ ਵਿਧਾਇਕ ਕੁਲਵੰਤ ਸਿੰਘ ਦੇ ਸਨਮੁੱਖ ਰੱਖੀ ਅਤੇ ਕਿਹਾ ਕਿ ਗਮਾਡਾ ਵੱਲੋਂ ਅਲਾਟੀਆਂ ਨੂੰ ਦਿਨ ਦਿਨ ਪ੍ਰਤੀ ਦਿਨ ਨੋਟਿਸ ਕੱਢ ਕੇ ਤੰਗ ਪਰੇਸ਼ਾਨ ਕੀਤਾ ਜਾ ਰਿਹਾ ਹੈ ਅਤੇ ਇਨਹਾਂਸਮੈਂਟ ਫੀਸ ਵਿੱਚ ਵੱਡਾ ਵਾਧਾ ਕਰ ਦਿੱਤਾ ਗਿਆ ਹੈ ਜਿਸ ਦੇ ਮੁਤਾਬਿਕ 400 ਗਜ ਨਾਲ ਸੰਬੰਧਿਤ ਪਲਾਟ ਦੀ ਵਧੀ ਹੋਈ ਇਨਹਾਸਮੈਂਟ ਵੀ 32 ਲੱਖ ਦੇ ਕਰੀਬ ਬਣਦੀ ਹੈ , ਇਹਨਾਂ ਅਲਾਟੀਆਂ ਦਾ ਇੱਕ ਉੱਚ ਪੱਧਰੀ ਵਫਦ ਜੋ ਕਿ ਨਸੀਬ ਸਿੰਘ ਦੀ ਅਗਵਾਈ ਹੇਠ ਵਿਧਾਇਕ ਕੁਲਵੰਤ ਸਿੰਘ ਨੂੰ ਮਿਲਿਆ ਨੇ ਦੱਸਿਆ ਕਿ ਪਹਿਲਾਂ ਹੀ ਇਹਨਾਂ ਸੈਕਟਰਾਂ ਦੇ ਵਿੱਚ ਇੰਡਸਟਰੀ ਪਲਾਟ ਖਰੀਦਣ ਦੇ ਲਈ ਲੋਕਾਂ ਵੱਲੋਂ ਵੱਖੋ -ਵੱਖਰੇ ਬੈਂਕਾਂ ਤੋਂ ਕਰਜ਼ਾ ਲੈ ਰੱਖਿਆ ਹੈ ਤੇ ਉਹਨਾਂ ਦੀ ਕਿਸ਼ਤ ਜਾ ਰਹੀ ਹੈ, ਪ੍ਰੰਤੂ ਹੁਣ ਗਮਾਡਾ ਵੱਲੋਂ ਇਨਹਾਂਸਮੈਂਟ ਫੀਸ ਵਿੱਚ ਵੱਡਾ ਵਾਧਾ ਕਰਕੇ ਉਹਨਾਂ ਨੂੰ ਆਰਥਿਕ ਮੰਦਵਾੜਾ ਵੱਲ ਧਕੇਲੇ ਜਾਣ ਦਾ ਯਤਨ ਕੀਤਾ ਹੈ, ਜੋ ਕਿ ਸਰਾਸਰ ਗਲਤ ਹੈ।, ਇੰਨੀ ਵੱਡੀ ਰਕਮ ਨੂੰ ਇਹ ਅਲਰਟੀ ਕਿਸ ਤਰ੍ਹਾਂ ਭਰ ਸਕਦੇ ਹਨ ਜੋ ਕਿ ਪਹਿਲਾਂ ਹੀ ਇਹਨਾਂ ਪਲਾਟਾਂ ਨਾਲ ਸੰਬੰਧਿਤ ਬੈਂਕਾਂ ਦੀਆਂ ਕਿਸ਼ਤਾਂ ਦੇਣ ਤੋਂ ਔਖੇ ਹਨ, ਇਸ ਉੱਚ ਪੱਧਰੀ ਬਫਦ ਨੂੰ ਵਫਦ ਦੇ ਮੈਂਬਰਾਂ ਨੂੰ ਭਰੋਸਾ ਦਿਵਾਉਂਦੇ ਹੋਏ ਵਿਧਾਇਕ ਕੁਲਵੰਤ ਸਿੰਘ ਨੇ ਤੁਰੰਤ ਗਮਾਡਾ ਦੇ ਅਧਿਕਾਰੀਆਂ ਨਾਲ ਗੱਲ ਕੀਤੀ। ਵਿਧਾਇਕ ਕੁਲਵੰਤ ਸਿੰਘ ਨੇ ਇਹਨਾਂ ਇਹ ਭਰੋਸਾ ਦਵਾਇਆ ਕਿ ਉਹ ਇਸ ਸਬੰਧੀ ਜਲਦ ਹੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਸੰਬੰਧਿਤ ਵਿਭਾਗ ਦੇ ਮੰਤਰੀ ਨਾਲ ਗੱਲ ਕਰਨਗੇ ਤੇ ਇਸ ਮਸਲੇ ਦਾ ਕਾਰਾਗਰ ਹੱਲ ਕੱਢਿਆ ਜਾਵੇਗਾ।



# ਸਾਲਾਨਾ ਮੇਲਾ ਸ਼ਾਨੋ-ਸ਼ੌਕਤ ਨਾਲ ਸਮਾਪਤ



**ਬੰਗਾ (ਅਵਤਾਰ ਕਲੇਰ)**
ਦਰਬਾਰ ਧੰਨ ਧੰਨ ਬਾਬਾ ਨਿੱਕੇ ਸ਼ਾਹ ਜੀ (ਝੁੰਮਾਂ ਵਾਲੀ ਸਰਕਾਰ) ਪਿੰਡ ਬੇਗਮਪੁਰ- ਸੰਗਤਪੁਰ ਵਿਖੇ ਸਲਾਨਾ ਮੇਲਾ ਗੱਦੀ ਨਸ਼ੀਨ ਸੰਤ ਪ੍ਰੀਤਮ ਦਾਸ ਜੀ ਦੀ ਰਹਿਨੁਮਾਈ, ਗ੍ਰਾਮ ਪੰਚਾਇਤ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਵੱਖ ਵੱਖ ਦਰਬਾਰਾਂ ਤੋਂ ਸੰਤ ਸੁਰਿੰਦਰ ਦਾਸ ਅਟਾਰੀ, ਸੰਤ ਟਹਿਲ ਨਾਥ ਨੰਗਲ ਖੇੜਾ, ਸੰਤ ਮਹਿੰਦਰ ਦਾਸ ਬੀਰਮਪੁਰ, ਸੰਤ ਗੁਰਮੀਤ ਰਾਮ ਹਾਜੀਪੁਰ , ਸੰਤ ਕਪੂਰ ਦਾਸ ਆਬਾਦਪੁਰਾ, ਸੰਤ ਰਾਣਾ ਦਾਸ ਕੰਗ ਜਗੀਰ ਆਦਿ ਸੰਤਾਂ ਮਹਾਪੁਰਸ਼ਾਂ ਨੇ ਸ਼ਿਰਕਤ ਕੀਤੀ। ਇਸ ਦੋ ਦਿਨਾ ਮੇਲੇ ਦੌਰਾਨ ਪਹਿਲੇ ਦਿਨ ਝੰਡੇ ਦੀ ਰਸਮ, ਚਿਰਾਗਾਂ ਦੀ ਰਸਮ ਉਪਰੰਤ ਕਵਾਲ ਤੇ ਨਕਾਲ ਪਾਰਟੀਆਂ ਨੇ ਹਾਜ਼ਰੀਆਂ ਭਰੀਆਂ। ਦੂਸਰੇ ਦਿਨ ਨਾਮਵਰ ਕਲਾਕਾਰਾਂ ਕੰਠ ਕਲੇਰ ਨੇ ਧਾਰਮਿਕ ਤੇ ਸੱਭਿਆਚਾਰ ਗੀਤਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਗੱਦੀ ਨਸ਼ੀਨ ਸੰਤ ਪ੍ਰੀਤਮ ਦਾਸ ਵਲੋਂ ਪਹੁੰਚੇ ਹੋਏ ਸੰਤ ਮਹਾਂਪੁਰਸ਼ਾਂ, ਕਲਾਕਾਰਾਂ ਅਤੇ ਸੇਵਾਦਾਰਾਂ ਨੂੰ ਸਨਮਾਨਿਤ ਕੀਤਾ ਗਿਆ। ਸਟੇਜ ਸਕੱਤਰ ਦੀ ਭੂਮਿਕਾ ਤੇਜ ਪਾਲ ਨੇ ਬਾਖੂਬੀ ਨਿਭਾਈ। ਇਸ ਮੌਕੇ ਪਰਮਜੀਤ ਕੌਰ ਸਰਪੰਚ ਬੇਗਮਪੁਰ, ਤਜਿੰਦਰ ਪਾਲ ਸਿੰਘ ਸਰਪੰਚ ਸੰਗਤਪੁਰ, ਮਹਿੰਦਰ ਸਿੰਘ ਮਨੀਲਾ,ਪੰਮ ਮੋਰੋਵਾਲ, ਬਲਵੰਤ ਸਿੰਘ, ਲਾਡੀ ਗੁੱਜਰ ਸੰਮਤੀ ਮੈਂਬਰ, ਮੰਨਾ, ਬਲਰਾਜ ਆਦਿ ਦਾ ਵਿਸ਼ੇਸ਼ ਯੋਗਦਾਨ ਰਿਹਾ।

# ਨਗਰ ਕੌਂਸਲ ਗੁਰਾਇਆ ਵਿਖੇ ਮਨਾਇਆ ਗਣਤੰਤਰ ਦਿਵਸ



**ਗੁਰਾਇਆ (ਬਿੰਦਰ ਸੁੰਮਨ)**-ਨਗਰ ਕੌਂਸਲ ਗੁਰਾਇਆ ਵਿਖੇ 77ਵਾਂ ਗਣਤੰਤਰ ਦਿਵਸ ਮਨਾਇਆ ਗਿਆ,ਤਿਰੰਗਾ ਝੰਡਾ ਚੜਾਉਣ ਦੀ ਰਸਮ ਨਗਰ ਕੋਸਲ ਗੁਰਾਇਆ ਦੇ ਪ੍ਰਧਾਨ ਹਰਮੇਸ ਲਾਲ ਵਲੋਂ ਅਦਾ ਕੀਤੀ ਗਈ। ਉਪਰੰਤ ਰਾਸ਼ਟਰੀ ਗਾਣ ਗਾਇਨ ਕੀਤਾ ਗਿਆ। ਪੰਜਾਬ ਪੁਲਿਸ ਦੀ ਟੁਕਰੀ ਵਲੋਂ ਤਿਰੰਗੇ ਝੰਡੇ ਨੂੰ ਸਲਾਮੀ ਦਿੱਤੀ ਗਈ ।ਇਸ ਮੌਕੇ ਨਗਰ ਕੋਸਲ ਗੁਰਾਇਆ ਦੇ ਸਫਾਈ ਸੇਵਕਾਂ ਨੂੰ ਸਨਮਾਨਤ ਕੀਤਾ ਗਿਆ।

## ਗਣਤੰਤਰ ਦਿਵਸ ਮਨਾਇਆ

**ਜੇਜੋਂ ਦੋਆਬਾ, (ਨਿਰਮਲ ਸਿੰਘ ਮੁੱਗੋਵਾਲ)**-ਦੇਸ਼ ਦੇ 77ਵੇਂ ਗਣਤੰਤਰ ਦਿਵਸ ਦੇ ਪਾਵਨ ਮੌਕੇ 'ਤੇ ਬਾਬਾ ਕਾਲਾ ਮਹਿਰ ਬਹੁ-ਮੰਤਵ ਖੇਡ ਸਟੇਡੀਅਮ ਬਰਨਾਲਾ ਵਿਖੇ ਰਾਜ ਪੱਧਰੀ ਸਮਾਰੋਹ ਵੱਡੀ ਧੂਮਧਾਮ ਨਾਲ ਮਨਾਇਆ ਗਿਆ। ਇਸ ਸ਼ੁਭ ਦਿਹਾੜੇ 'ਤੇ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਵੱਲੋਂ ਰਾਸ਼ਟਰੀ ਝੰਡਾ ਤਿਰੰਗਾ ਲਹਿਰਾਉਣ ਦੀ ਰਸਮ ਅਦਾ ਕੀਤੀ ਗਈ। ਇਸ ਮੌਕੇ ਪੂਰਾ ਸਟੇਡੀਅਮ ਭਾਰਤ ਮਾਤਾ ਕੀ ਜੈ ਤੇ ਵੰਦੇ ਮਾਤਰਮ ਦੇ ਨਾਅਰਿਆਂ ਨਾਲ ਗੂੰਜ ਉਠਿਆ। ਸਮਾਰੋਹ ਨੂੰ ਸੰਬੋਧਨ ਕਰਦਿਆਂ ਡਿਪਟੀ ਸਪੀਕਰ ਰੌੜੀ ਨੇ ਕਿਹਾ ਕਿ 26 ਜਨਵਰੀ ਭਾਰਤ ਦੇ ਇਤਿਹਾਸ ਦਾ ਬਹੁਤ ਹੀ ਮਹੱਤਵਪੂਰਨ ਦਿਨ ਹੈ, ਜਦੋਂ ਦੇਸ਼ ਨੂੰ ਸੰਵਿਧਾਨ ਮਿਲਿਆ ਤੇ ਭਾਰਤ ਇੱਕ ਲੋਕਤੰਤਰਿਕ ਗਣਤੰਤਰ ਵਜੋਂ ਅੱਗੇ ਵਧਿਆ। ਉਨ੍ਹਾਂ ਨੇ ਆਜ਼ਾਦੀ ਸੰਗਰਾਮ ਦੇ ਸ਼ਹੀਦਾਂ ਅਤੇ ਸੰਵਿਧਾਨ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ ਸਮੇਤ ਮਹਾਨ ਹਸਤੀਆਂ ਨੂੰ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਨੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਦੇਸ਼ ਦੀ ਤਰੱਕੀ ਵਿੱਚ ਯੋਗਦਾਨ ਪਾਉਣ ਦੀ ਅਪੀਲ ਕੀਤੀ। ਸਮਾਰੋਹ ਦੌਰਾਨ ਸਕੂਲਾਂ ਦੇ ਬੱਚਿਆਂ ਵੱਲੋਂ ਉਸਾਰੂ ਸੋਚ ਨੂੰ ਸਮਰਪਿਤ ਦੇਸ਼ ਭਗਤੀ ਨਾਲ ਸੰਬੰਧਿਤ ਪ੍ਰੋਗਰਾਮ ਪੇਸ਼ ਕੀਤਾ ਗਿਆ। ਦੇਸ਼ ਭਗਤੀ ਗੀਤਾਂ, ਨਾਚ ਅਤੇ ਨਾਟਕਾਵਾਂ ਰਾਹੀਂ ਬੱਚਿਆਂ ਨੇ ਦੇਸ਼ ਪ੍ਰਤੀ ਪਿਆਰ ਅਤੇ ਕੁਰਬਾਨੀ ਦੀ ਭਾਵਨਾ ਨੂੰ ਸੁੰਦਰ ਢੰਗ ਨਾਲ ਦਰਸਾਇਆ, ਜਿਸ ਦੀ ਦਰਸ਼ਕਾਂ ਵੱਲੋਂ ਖੂਬ ਸਰਾਹਨਾ ਕੀਤੀ ਗਈ। ਇਸ ਮੌਕੇ ਜ਼ਿਲ੍ਹਾ ਪ੍ਰਸ਼ਾਸਨ, ਪੁਲਿਸ ਵਿਭਾਗ, ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ, ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦੇ, ਅਧਿਆਪਕ ਅਤੇ ਵੱਡੀ ਗਿਣਤੀ ਵਿੱਚ ਲੋਕ ਹਾਜ਼ਰ ਰਹੇ।



# ਸਰਕਾਰੀ ਸਕੂਲਾਂ 'ਚ ਦਾਖਲਾ ਵਧਾਉਣ ਲਈ ਜਾਗਰੂਕਤਾ ਮੁਹਿੰਮ ਦਾ ਆਗਾਜ਼

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**
ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਤੇ ਹਰਜੋਤ ਸਿੰਘ ਬੈਂਸ ਸਿੱਖਿਆ ਮੰਤਰੀ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਤੇ ਸੂਬੇ ਦੇ



ਸਰਕਾਰੀ ਸਕੂਲਾਂ 'ਚ ਸੈਸ਼ਨ 2026-27 ਲਈ ਪ੍ਰੀ-ਪ੍ਰਾਇਮਰੀ ਜਮਾਤਾਂ ਤੋਂ ਬਾਰ੍ਹਵੀਂ ਜਮਾਤਾਂ ਤੱਕ ਦੇ ਦਾਖ਼ਲਿਆਂ ਨੂੰ ਭਰਵਾਂ ਹੁੰਗਾਰਾ ਦੇਣ ਲਈ ਵਿਸ਼ੇਸ਼ ਮੁਹਿੰਮ ਅਰੰਭੀ ਗਈ ਹੈ।ਇਸ ਮੁਹਿੰਮ ਤਹਿਤ ਬਲਾਕ ਸ੍ਰੀ ਅਨੰਦਪੁਰ ਸਾਹਿਬ ਤੋਂ ਜ਼ਿਲਾ ਰੂਪਨਗਰ ਦੇ ਸਰਕਾਰੀ ਸਕੂਲਾਂ ਵਿੱਚ ਦਾਖਲਾ ਵਧਾਉਣ ਲਈ ਸਮਸ਼ੇਰ ਸਿੰਘ ਜ਼ਿਲਾ ਸਿੱਖਿਆ ਅਫਸਰ ਪ੍ਰਾਇਮਰੀ ਨੇ ਹਰੀ ਝੰਡੀ ਦੇ ਕੇ ਦਾਖਲਾ ਜਾਗਰੂਕਤਾ ਵੈਨ ਨੂੰ ਰਵਾਨਾ ਕੀਤਾ ਗਿਆ। ਇਸ ਮੌਕੇ ਸੋਹਣ ਸਿੰਘ ਬੈਂਸ ਪਿਤਾ ਹਰਜੋਤ ਸਿੰਘ ਬੈਂਸ ਸਿੱਖਿਆ ਮੰਤਰੀ ਪੰਜਾਬ ਨੇ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕੀਤੀ।ਇਸ ਮੌਕੇ ਸੁਪਰਡੈਂਟ ਮਲਕੀਤ ਸਿੰਘ ਭੱਠਲ, ਸੁਨੀਤਾ ਧੀਮਾਨ, ਕਮਲਜੀਤ ਕੌਰ, ਬਲਜਿੰਦਰ ਸਿੰਘ ਢਿੱਲੋਂ, ਜਸਵਿੰਦਰ ਸਿੰਘ ਸਾਬੇ, ਸੀਐਚਟੀ, ਸੁਰਿੰਦਰ ਸਿੰਘ ਭਟਨਾਗਰ, ਮੀਤਮਲ ਸਿੰਘ, ਮਨਿੰਦਰ ਸਿੰਘ ਰਾਣਾ, ਕੁਲਦੀਪ ਪਰਮਾਰ, ਸੁਰਿੰਦਰ ਕਾਲੀਆ, ਜੋਗਾ ਸਿੰਘ,ਬਲਵੀਰ ਸਿੰਘ, ਜਸਵੀਰ ਸਿੰਘ, ਇੰਦਰਦੀਪ ਸਿੰਘ, ਗੁਰਜੀਤ ਕੌਰ, ਰਵਿੰਦਰ ਕੌਰ, ਸੋਨੀਆ, ਕਮਲਪ੍ਰੀਤ ਕੌਰ,ਬੰਦਨਾ ਪੂਰੀ, ਮਨਿੰਦਰ ਕੌਰ ,ਮੋਨੀਕਾ ਦੇਵੀ, ਪਰਮਜੀਤ ਕੌਰ ,ਹਰਪ੍ਰੀਤ ਕੌਰ,ਸੋਨਿਕਾ ਸ਼ਰਮਾ,ਰੰਜਨਾ ਰਾਣੀ,ਜਸਵਿੰਦਰ ਕੌਰ ਆਦ ਅਧਿਆਪਕ ਹਾਜ਼ਰ ਸਨ।

# ਯੂ ਜੀ ਸੀ ਦੇ ਨਵੇਂ ਨਿਯਮ ਜਨਰਲ ਸ਼੍ਰੇਣੀ ਦੇ ਵਿਦਿਆਰਥੀਆਂ ਲਈ ਘਾਤਕ : ਰਮਨ ਨੈਹਰਾ

**ਫਗਵਾੜਾ (ਡਾ. ਰਮਨ)**-ਜਨਰਲ ਸਮਾਜ ਮੰਚ ਪੰਜਾਬ ਦੇ ਜ਼ਿਲ੍ਹਾ ਉਪ ਪ੍ਰਧਾਨ, ਖੱਤਰੀ ਮਹਾਂਸਭਾ ਪੰਜਾਬ ਦੇ ਜਨਰਲ ਸਕੱਤਰ ਤੇ ਭਾਜਪਾ ਐੱਨ ਜੀ ਓ ਸੈੱਲ ਪੰਜਾਬ ਦੇ ਕਾਰਜਕਾਰੀ ਮੈਂਬਰ ਰਮਨ ਨਹਿਰਾ ਨੇ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂ ਜੀ ਸੀ) ਦੇ ਨੋਟੀਫਿਕੇਸ਼ਨ ਦਾ ਵਿਰੋਧ ਕੀਤਾ ਹੈ। ਫਗਵਾੜਾ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਯੂ ਜੀ ਸੀ ਦੇ ਨਵੇਂ ਨਿਯਮ ਸਾਰੇ ਜਨਰਲ ਸ਼੍ਰੇਣੀ ਦੇ ਵਿਦਿਆਰਥੀਆਂ ਨੂੰ ਅਪਰਾਧੀ ਘੋਸ਼ਿਤ ਕਰਦੇ ਹਨ। ਇਹ ਨਿਯਮ ਜਨਰਲ ਸ਼੍ਰੇਣੀ ਵਿਰੋਧੀ ਹਨ ਅਤੇ ਜਨਰਲ ਸ਼੍ਰੇਣੀ ਦੇ ਵਿਦਿਆਰਥੀਆਂ ਦਾ ਭਵਿੱਖ ਬਰਬਾਦ ਕਰ ਦੇਣਗੇ।ਨਵੇਂ ਨਿਯਮਾਂ ਅਨੁਸਾਰ, ਭਾਵੇਂ ਸਰਕਾਰੀ ਕਾਲਜਾਂ ਵਿੱਚ ਹੋਵੇ ਜਾਂ ਪ੍ਰਾਈਵੇਟ ਯੂਨੀਵਰਸਿਟੀਆਂ ਵਿੱਚ, 'ਇਕਵਿਟੀ ਸੈੱਲ' ਸਥਾਪਤ ਕਰਨਾ ਲਾਜ਼ਮੀ ਹੋਵੇਗਾ। ਇਹ ਸੈੱਲ ਇੱਕ ਅਦਾਲਤ ਵਾਂਗ ਕੰਮ ਕਰੇਗਾ। ਜੇਕਰ ਕੋਈ ਵਿਦਿਆਰਥੀ ਆਪਣੇ ਨਾਲ ਵਿਤਕਰਾ ਮਹਿਸੂਸ ਕਰਦਾ ਹੈ, ਤਾਂ ਉਹ ਉੱਥੇ ਸ਼ਿਕਾਇਤ ਦਰਜ ਕਰਵਾ ਸਕਦਾ ਹੈ। ਸੰਸਥਾ ਨੂੰ ਕਮੇਟੀ ਦੀਆਂ ਸਿਫ਼ਾਰਸ਼ਾਂ 'ਤੇ ਤੁਰੰਤ ਕਾਰਵਾਈ ਕਰਨ ਦੀ ਲੋੜ ਹੋਵੇਗੀ। ਪਰ ਇਹ ਨਿਯਮ ਬਹੁਤ ਅਸਪਸ਼ਟ ਅਤੇ ਬਹੁਤ ਵਿਆਪਕ ਹਨ। ਬਹੁਤ ਸਾਰੀਆਂ ਚੀਜ਼ਾਂ ਅਸਪਸ਼ਟ ਹਨ। ਸੰਸਥਾਗਤ ਕਮੇਟੀਆਂ ਨੂੰ ਬਹੁਤ ਜ਼ਿਆਦਾ ਸ਼ਕਤੀ ਦਿੱਤੀ ਗਈ ਹੈ। ਸਿੱਟੇ ਵਜੋਂ, ਝੂਠੇ ਦੋਸ਼ਾਂ ਵਿਰੁੱਧ ਕੋਈ ਮਜ਼ਬੂਤ ਸੁਰੱਖਿਆ ਉਪਾਅ ਨਹੀਂ ਹਨ। ਵੱਖ-ਵੱਖ ਕਾਲਜਾਂ ਵਿੱਚ ਨਿਯਮਾਂ ਦੀ ਦੁਰਵਰਤੋਂ ਕੀਤੀ ਜਾ ਸਕਦੀ ਹੈ। ਇਹ ਨਿਯਮ ਜਨਰਲ ਸ਼੍ਰੇਣੀ ਦੇ ਵਿਦਿਆਰਥੀਆਂ ਨਾਲ ਅਨੁਚਿਤ ਤੌਰ 'ਤੇ ਵਿਤਕਰਾ ਕਰਦੇ ਹਨ, ਕਿਉਂਕਿ ਉਨ੍ਹਾਂ ਨੂੰ ਮੁੱਖ ਸੁਰੱਖਿਆ ਤੋਂ ਬਾਹਰ ਰੱਖਿਆ ਗਿਆ ਹੈ।

# 'ਜੈਵਿਕ ਖੇਤੀ' ਵਿਸ਼ੇ 'ਤੇ ਸੈਮੀਨਾਰ

**ਫਿਲੌਰ, (ਨਿਰਮਲ)**
ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਫਿਲੌਰ ਵਿਖੇ ਗੋਲਡਨ ਜੁਬਲੀ ਸੈਂਟਰ ਆਫ਼ ਐਂਟਰਪ੍ਰੀਨੀਅਰਸ਼ਿਪ ਐਂਡ ਇਨੋਵੇਸ਼ਨ (ਜੀ ਜੇ ਸੀ ਈ ਆਈ) ਅੰਡਰ ਰੂਸਾ ਦੇ ਦਿਸ਼ਾ-ਨਿਰਦੇਸ਼ਾਂ ਅਧੀਨ 'ਜੈਵਿਕ ਖੇਤੀ' ਵਿਸ਼ੇ ਤੇ ਇਕ ਰੋਜ਼ਾ ਸੈਮੀਨਾਰ ਕਰਵਾਇਆ ਗਿਆ। ਪ੍ਰਿੰਸੀਪਲ ਡਾ: ਪਰਮਜੀਤ ਕੌਰ ਜੱਸਲ ਦੀ ਯੋਗ ਅਗਵਾਈ ਦੇ ਤਹਿਤ ਇਸ ਸੈਮੀਨਾਰ/ਵਰਕਸ਼ਾਪ ਨੂੰ ਇੰਚਾਰਜ ਪ੍ਰੋ: ਜਸਪ੍ਰੀਤ ਕੌਰ ਨੇ ਆਰਟਸ ਵਿਭਾਗ ਦੇ ਡਾ: ਪਰਮਜੀਤ ਕੌਰ, ਪ੍ਰੋ: ਰੁਪਿੰਦਰ ਸਿੰਘ, ਪ੍ਰੋ: ਬਬੀਤਾ ਕੁਮਾਰੀ, ਪ੍ਰੋ: ਮਨਿੰਦਰ ਸਿੰਘ, ਪ੍ਰੋ: ਕਮਲਪ੍ਰੀਤ ਕੌਰ ਅਤੇ ਪ੍ਰੋ: ਹਰਪ੍ਰੀਤ ਸਿੰਘ ਦੇ ਸਹਿਯੋਗ ਸਦਕਾ ਸਫਲਤਾਪੂਰਵਕ ਉਲੀਕਿਆ। ਜੈਵਿਕ ਖੇਤੀ ਦੇ ਮਾਹਿਰ ਵਿਗਿਆਨੀ ਸ੍ਰੀਮਾਨ ਸਤਿੰਦਰ ਸਿੰਘ, ਜ਼ਿਲ੍ਹਾ ਸੁਪਰਵਾਇਜਰ, ਪੰਜਾਬ ਐਗਰੋ ਐਕਸਪੋਰਟ ਕੌਰਪੋਰੇਸ਼ਨ ਲਿਮਟਿਡ ਨੇ ਮੁੱਖ ਬੁਲਾਰੇ ਵਜੋਂ ਸ਼ਿਰਕਤ ਕੀਤੀ ਤੇ ਸ: ਤੀਰਥ ਸਿੰਘ ਜੋਹਲ (ਤੇਹਿੰਗ), ਬਲਬੀਰ ਸਿੰਘ ਰਸੂਲਪੁਰ ਤੇ ਪਰਮਜੀਤ ਸਿੰਘ ਪਰਾਗਪੁਰ ਹਾਜ਼ਰ ਸਨ। ਇਸ ਦੇ ਨਾਲ ਹੀ ਕਿਉਂ ਜੋ ਇਹ ਸੈਮੀਨਾਰ ਖੇਤੀਬਾੜੀ ਨਾਲ ਸੰਬੰਧਿਤ ਰਿਹਾ ਤਾਂ ਪਿੰਡ ਤੇਹਿੰਗ, ਜਲੰਧਰ ਤੇ ਲੁਧਿਆਣੇ ਜ਼ਿਲ੍ਹੇ ਦੇ ਆਲੇ-ਦੁਆਲੇ ਦੇ ਪਿੰਡਾਂ ਪੱਦੀ ਜਗੀਰ, ਕੁਤਬੇਵਾਲ ਗੁੱਜਰਾਂ, ਕਤਪਾਲੋਂ, ਔਟੀ, ਕਡਿਆਣਾ, ਕਾਸਾਬਾਦ, ਬੱਛੋਵਾਲ, ਸ਼ਾਹਪੁਰ, ਕਟਾਣਾ, ਨਗਰ, ਖਹਿਰਾ, ਰੰਧਾਵਾ, ਸੈਫਾਬਾਦ, ਰਸੂਲਪੁਰ, ਪਰਾਗਪੁਰ ਆਦਿ ਦੇ ਕਿਸਾਨਾ ਨੇ ਵੀ ਹੁੰਮ-ਹੁੰਮਾ ਕੇ ਸ਼ਿਰਕਤ ਕੀਤੀ। ਕਾਲਜ ਦੇ ਸਮੂਹ ਟੀਚਿੰਗ ਸਟਾਫ ਪ੍ਰੋ: ਵਿਸ਼ਾਲੀ ਪਸਰੀਚਾ, ਪ੍ਰੋ: ਮਨੀਸ਼ ਤ੍ਰੇਹਨ, ਪ੍ਰੋ: ਰਾਜਨ ਮਿੱਤੂ, ਪ੍ਰੋ: ਕਿਰਨਦੀਪ ਕੌਰ, ਪ੍ਰੋ: ਮਨਦੀਪ ਕੌਰ, ਪ੍ਰੋ: ਨਵਦੀਪ ਕੌਰ, ਪ੍ਰੋ: ਅੰਮ੍ਰਿਤਾ ਅਤੇ ਨਾਨ ਟਿਚਿੰਗ ਸਟਾਫ ਗੁਰਪ੍ਰੀਤ ਸਿੰਘ ਤੇ ਮਨਪ੍ਰੀਤ ਸਿੰਘ ਦੇ ਸਹਿਯੋਗ ਸਦਕਾ ਇਹ ਸੈਮੀਨਾਰ ਅਮਿਟ ਯਾਦਾਂ ਛੱਡ ਗਿਆ।



# 'ਆਪ' ਆਗੂ ਸਤਵੰਤ ਸਿੰਘ ਸਿਆਣ ਸਨਮਾਨਤ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਜ਼ਿਲ੍ਹਾ ਨਸ਼ਾ ਮੁਕਤੀ ਮੋਰਚਾ ਦੇ ਕੋਆਰਡੀਨੇਟਰ ਸੀਨੀਅਰ ਆਪ ਆਗੂ ਸਤਵੰਤ ਸਿੰਘ ਸਿਆਣ ਸੂਬਾ ਸਕੱਤਰ ਦਾ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਹੁਸ਼ਿਆਰਪੁਰ ਵਿਖੇ ਸੂਬਾ ਪੱਧਰੀ ਮਨਾਏ ਗਏ ਗਣਤੰਤਰਤਾ ਦਿਵਸ ਸਮਾਗਮ ਦੌਰਾਨ ਵਿਸ਼ੇਸ਼ ਤੌਰ 'ਤੇ ਯਾਦਗਾਰੀ ਚਿੰਨ ਦੇ ਕੇ ਸਨਮਾਨ ਕੀਤਾ ਗਿਆ। ਸਤਵੰਤ ਸਿੰਘ ਸਿਆਣ ਦਾ ਇਹ ਸਨਮਾਨ ਉਹਨਾਂ ਵੱਲੋਂ ਪੰਜਾਬ ਸਰਕਾਰ ਦੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਵਿੱਚ ਜ਼ਿਲ੍ਹਾ ਨਸ਼ਾ ਮੁਕਤੀ ਮੋਰਚਾ ਦੇ ਕੋਆਰਡੀਨੇਟਰ ਵਜੋਂ ਪਾਏ ਗਏ ਵੱਡਮੁਲੇ ਯੋਗਦਾਨ ਲਈ ਕੀਤਾ ਗਿਆ ਹੈ। ਇਸ ਮੌਕੇ ਉਨ੍ਹਾਂ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਨਾਲ ਹੋਈ ਸੰਖੇਪ ਮੀਟਿੰਗ ਵਿੱਚ ਜਿਲਾ ਨਸ਼ਾ ਮੁਕਤੀ ਮੋਰਚਾ ਵੱਲੋਂ ਕੀਤੀ ਗਈ ਪ੍ਰਗਤੀ ਬਾਰੇ ਜਾਣਕਾਰੀ ਦਿੱਤੀ ਜਿਸ ਤੇ ਮੁੱਖ ਮੰਤਰੀ ਨੇ ਉਹਨਾਂ ਨੂੰ ਥਾਪੜਾ ਦੇ ਕੇ ਹੌਸਲਾ ਵਧਾਇਆ ਤੇ ਹੋਰ ਸਰਗਰਮੀ ਨਾਲ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੀ ਧਾਰ ਤਿੱਖੀ ਕਰਨ ਦੀ ਪ੍ਰੇਰਨਾ ਦਿੱਤੀ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸਤਵੰਤ ਸਿੰਘ ਸਿਆਣ ਨੇ ਦੱਸਿਆ ਕਿ ਪੰਜਾਬ ਸਰਕਾਰ ਦੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਜ਼ਿਲ੍ਹਾ ਪ੍ਰਸ਼ਾਸਨ ਦੇ ਆਲਾ ਅਧਿਕਾਰੀਆਂ ਦੇ ਵੱਡਮੁਲੇ ਸਾਥ ਅਤੇ ਸਹਿਯੋਗ ਨਾਲ ਹੋਰ ਅੱਗੇ ਵਧਾਈ ਜਾਵੇਗੀ ਅਤੇ ਨੌਜਵਾਨਾਂ ਨੂੰ ਨਸ਼ਿਆਂ ਤੇ ਮੁਕਤ ਕਰਨ ਦੀ ਪੰਜਾਬ ਸਰਕਾਰ ਦੀ ਮੁਹਿੰਮ ਪੂਰੀ ਤਰਾਂ ਕਾਮਯਾਬ ਕੀਤੀ ਜਾਏਗੀ।

# ਜਥੇਦਾਰ ਬਾਬਾ ਬਲਕਾਰ ਸਿੰਘ ਦੀ ਯਾਦ 'ਚ ਗੁਰਮਤਿ ਸਮਾਗਮ 7 ਨੂੰ

**ਨਕੋਦਰ (ਮਨਜੀਤ ਮਾਨ)**
ਸ਼੍ਰੋਮਣੀ ਪੰਥ ਅਕਾਲੀ ਦਸਮੇਸ਼ ਤਰਨਾ ਦਲ ਪੰਜਵਾਂ ਨਿਸ਼ਾਨ, ਮਿਸਲ ਕੰਮ ਸੁਲਤਾਨ 1300 ਘੋੜ ਸਵਾਰ ਜਥੇਦਾਰ ਬਾਬਾ ਬੀਰ ਸਿੰਘ ਜੀ ਰੰਘਰੇਟਾ ਚੱਲਦਾ ਵਹੀਰ ਚੱਕਰਵਤੀ ਨਿਹੰਗ ਸਿੰਘਾਂ ਕੰਮ ਸੁਲਤਾਨ ਪੰਥ ਰਤਨ ਸਿੰਘ ਸਾਹਿਬ ਜਥੇਦਾਰ ਬਾਬਾ ਬੀਰ ਸਿੰਘ ਜੀ ਰੰਘਰੇਟਾ ਦਾ 261ਵਾਂ ਸ਼ਹੀਦੀ ਦਿਹਾੜਾ ਤੇ ਸੱਚਖੰਡ ਵਾਸੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਕਾਰ ਸਿੰਘ ਜੀ ਦੀ 12ਵੀਂ ਯਾਦ ਨੂੰ ਸਮਰਪਿਤ ਗੁਰਮਤਿ ਸਮਾਗਮ 7 ਫਰਵਰੀ ਦਿਨ ਸ਼ਨੀਵਾਰ ਨੂੰ ਗੁਰਦੁਆਰਾ ਬਾਬਾ ਬੀਰ ਸਿੰਘ ਜੀ ਬਾਬਾ ਧੀਰ ਸਿੰਘ ਜੀ ਸ਼੍ਰੋਮਣੀ ਨਿਹੰਗ ਸਿੰਘਾਂ ਪਿੰਡ ਚਾਟੀਵਿੰਡ ਲੇਹਲ, ਪਿੰਡ ਮਾਗਾਂ ਸਰਾਏ ਮਹਿਤਾ ਰੋਡ ਅੰਮ੍ਰਿਤਸਰ ਵਿਖੇ ਪੰਥ ਅਕਾਲੀ ਦਸ਼ਮੇਸ਼ ਤਰਨਾ ਦਲ ਪੰਜਵਾਂ ਨਿਸ਼ਾਨ ਦੇ ਮੌਜੂਦਾ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਮੇਜਰ ਸਿੰਘ ਸੋਢੀ ਦੀ ਅਗਵਾਈ ਹੇਠ ਮਨਾਏ ਜਾ ਰਹੇ ਹਨ ।ਬਾਬਾ ਮੇਜਰ ਸਿੰਘ ਸੋਢੀ ਨਨਕਾਣਾ ਸਾਹਿਬ ਵਾਲੇ ਤੇ ਬਾਬਾ ਬਲਵੀਰ ਸਿੰਘ ਚੀਮਾ ਚੇਅਰਮੈਨ 11 ਨਿਹੰਗ ਸਿੰਘ ਜਥੇਬੰਦੀਆਂ ਨੇ ਦੱਸਿਆ ਕਿ ਸਮਾਗਮਾਂ ਦੇ ਸੰਦਰਭ ਵਿਚ ਦੋਆਬੇ ਦੇ ਪਿੰਡ-ਪਿੰਡ ਜਾ ਕੇ ਉਨ੍ਹਾਂ ਵੱਲੋਂ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ਤੇ ਖਾਸ ਕਰਕੇ ਨੌਜਵਾਨਾਂ ਨੂੰ ਨਸ਼ਿਆਂ ਜਿਹੀਆਂ ਬਲਾਮਤਾਂ ਤੋਂ ਬਚਾਅ ਕੇ ਗੁਰੂ ਦੇ ਲੜ ਲੱਗਣ ਤੇ ਅੰਮ੍ਰਿਤ ਪਾਨ ਕਰਵਾਉਣ ਲਈ ਉਹ ਪ੍ਰੇਰਨਾ ਕਰ ਰਹੇ ਹਨ, ਜਿਸ ਸਬੰਧੀ ਉਨ੍ਹਾਂ ਨੂੰ ਭਾਰੀ ਹੁੰਗਾਰਾ ਪ੍ਰਾਪਤ ਹੋ ਰਿਹਾ ਹੈ।ਇਨ੍ਹਾਂ ਗੁਰਮਤਿ ਸਮਾਗਮਾਂ ਦੇ ਵਿਚ ਤਖਤ ਸਾਹਿਬਾਨਾਂ ਦੇ ਜਥੇਦਾਰ ਸਾਹਿਬਾਨ ਅਤੇ ਸਮੁੱਚੀਆਂ ਨਿਹੰਗ ਸਿੰਘ ਜਥੇਬੰਦੀਆਂ ਦੇ ਮੁਖੀ ਸਾਹਿਬਾਨ, ਸੰਤ ਸਮਾਜ, ਨਿਰਮਲ ਪੰਥ, ਨਾਮਧਾਰੀ ਪੰਥ, ਉਦਾਸੀ ਸੰਪਰਦਾਵਾਂ, ਧਾਰਮਿਕ, ਰਾਜਨੀਤਿਕ ਅਤੇ ਪ੍ਰਸ਼ਾਸਨਿਕ ਸ਼ਖ਼ਸ਼ੀਅਤਾਂ ਸ਼ਮੂਲੀਅਤ ਕਰ ਰਹੀਆਂ ਹਨ, ਜਿਸ ਦੌਰਾਨ ਸਵੇਰੇ 10 ਵਜੇ ਤੋਂ ਭਾਰੀ ਧਾਰਮਿਕ ਦੀਵਾਨ ਸਜਾਏ ਜਾਣਗੇ, ਜਿਸ ਵਿਚ ਪੰਥ ਪ੍ਰਸਿੱਧ ਰਾਗੀ, ਢਾਡੀ, ਕਵੀਸ਼ਰ ਅਤੇ ਕਥਾਵਾਚਕ ਸੰਗਤਾਂ ਨੂੰ ਗੁਰੂ ਜਸ ਸਰਵਣ ਕਰਾ ਕੇ ਨਿਹਾਲ ਕਰਨਗੇ ।ਉਨ੍ਹਾਂ ਦੱਸਿਆ ਕਿ 4 ਤੇ 5 ਫਰਵਰੀ ਨੂੰ ਵਿਰਸਾ ਸੰਭਾਲ ਮਹਾਨ ਨਗਰ ਕੀਰਤਨ ਆਯੋਜਿਤ ਕੀਤਾ ਜਾ ਰਿਹਾ ਹੈ, ਜਦਕਿ 6 ਫਰਵਰੀ ਨੂੰ ਕਬੱਡੀ ਕੱਪ ਵੀ ਕਰਵਾਇਆ ਜਾ ਰਿਹਾ ਹੈ।

# ਡਿਪਟੀ ਕਮਿਸ਼ਨਰ ਵੱਲੋਂ ਜ਼ਿਲ੍ਹਾ ਪੱਧਰੀ ਮੈਗਾ ਦਾਖਲਾ ਮੁਹਿੰਮ ਦੀ ਸ਼ੁਰੂਆਤ

**ਨਵਾਂਸ਼ਹਿਰ, (ਕੁਲਵਿੰਦਰ ਸਿੰਘ ਦੁਰਗਾਪੁਰੀਆ)**-ਵਿਦਿਅਕ ਸ਼ੈਸ਼ਨ 2026-27 ਲਈ ਜ਼ਿਲ੍ਹਾ ਪੱਧਰੀ ਮੈਗਾ ਦਾਖਲਾ ਮੁਹਿੰਮ ਦੀ ਸ਼ੁਰੂਆਤ ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਵੱਲੋਂ ਸਕੂਲ ਆਫ ਐਮੀਨੈਂਸ (ਐਸ.ਓ.ਈ) ਨਵਾਂਸਹਿਰ ਤੋਂ ਕੀਤੀ ਗਈ। ਇਸ ਮੌਕੇ ਉਨ੍ਹਾਂ ਦੇ ਨਾਲ ਜ਼ਿਲ੍ਹਾ ਸਿੱਖਿਆ ਅਫਸਰ ਅਨੀਤਾ ਸ਼ਰਮਾ ਅਤੇ ਉਪ ਜਿਲ੍ਹਾ ਸਿੱਖਿਆ ਅਫਸਰ ਲਖਵੀਰ ਸਿੰਘ ਵੀ ਮੌਜੂਦ ਸਨ।ਇਸ ਮੌਕੇ ਕਰਵਾਏ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਵਿੱਚ ਸਿੱਖਿਆ ਕ੍ਰਾਂਤੀ ਲਿਆਂਦੀ ਗਈ ਹੈ ਤੇ ਸਾਡੇ ਸਰਕਾਰੀ ਸਕੂਲ ਸਮੇਂ ਦੇ ਹਾਣੀ ਬਣ ਗਏ ਹਨ ਤੇ ਇਹਨਾਂ ਸਕੂਲਾਂ ਵਿੱਚ ਮੁਫਤ ਸਿੱਖਿਆ ਦਿੱਤੀ ਜਾ ਰਹੀ ਹੈ ਬੱਚਿਆ ਨੂੰ ਮੁਫਤ ਕਿਤਾਬਾਂ, ਮੁਫਤ ਵਰਦੀਆਂ ਅਤੇ ਮੁਫਤ ਮਿਡਲ ਡੇ ਮੀਲ ਦੀ ਸਹੂਲਤ ਹੈ। ਇਸ ਤੋਂ ਇਲਾਵਾ ਬੱਚਿਆ ਨੂੰ ਸਰਕਾਰ ਵਲੋਂ ਵਜੀਫੇ ਵੀ ਦਿੱਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਉੱਚ ਦਰਜਾ ਸਿੱਖਿਆ ਪ੍ਰਾਪਤ ਅਧਿਆਪਕ ਕੰਮ ਰਹੇ ਹਨ ਅਤੇ ਬੱਚਿਆ ਨੂੰ ਬਿਹਤਰ ਸਿੱਖਿਆ ਪ੍ਰਦਾਨ ਕਰ ਰਹੇ ਹਨ। ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਵਲੋਂ ਜ਼ਿਲ੍ਹੇ ਦੀ ਦਾਖਲਾ ਮੁਹਿੰਮ ਵੈਨ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਇਹ ਦਾਖਲਾ ਵੈਨ ਜਿਲ੍ਹੇ ਦੇ ਸਾਰੇ ਬਲਾਕਾਂ ਦੇ ਵੱਖ ਵੱਖ ਪਿੰਡਾਂ ਵਿੱਚ ਸਿੱਖਿਆ ਵਿਭਾਗ ਦੀਆਂ ਪ੍ਰਾਪਤੀਆਂ ਬਾਰੇ ਲੋਕਾਂ ਨੂੰ ਦੱਸੇਗੀ ਅਤੇ ਲੋਕਾਂ ਨੂੰ ਆਪਣੇ ਬੱਚੇ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾਉਣ ਲਈ ਪ੍ਰੇਰਿਤ ਕਰੇਗੀ।



# ਦ ਨੋਰਵੁੱਡ ਸਕੂਲ ਚਾਹਲ ਵਿਖੇ ਗਣਤੰਤਰ ਦਿਵਸ ਮਨਾਇਆ



**ਬਲਾਚੌਰ (ਜਸਵਿੰਦਰ ਬੈਂਸ)**-ਦ ਨੋਰਵੁੱਡ ਸਕੂਲ, ਚਾਹਲ ਵਿਖੇ 77ਵੇਂ ਗਣਤੰਤਰ ਦਿਵਸ ਦਾ ਦਿਹਾੜਾ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਦੇ ਪੇਂਟਿੰਗ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਬੱਚਿਆਂ ਨੇ ਖੂਬਸੂਰਤ ਪੇਂਟਿੰਗਾਂ ਤੇ ਵੱਖ-ਵੱਖ ਕਲਾਕ੍ਰਿਤੀਆਂ ਤਿਆਰ ਕਰਕੇ ਆਪਣੀ ਕਲਾ ਅਤੇ ਦੇਸ਼ ਭਗਤੀ ਦਾ ਪ੍ਰਦਰਸ਼ਨ ਕੀਤਾ।ਇਸ ਸਮਾਗਮ ਵਿੱਚ ਅਮਨਦੀਪ ਸਿਵਲ ਜੱਜ, ਧਨੌਰਾ, ਉੱਤਰ ਪ੍ਰਦੇਸ਼ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਨੇ ਸਕੂਲ ਦਾ ਦੌਰਾ ਕੀਤਾ ਤੇ ਵਿਦਿਆਰਥੀਆਂ ਦੁਆਰਾ ਬਣਾਈਆਂ ਗਈਆਂ ਕਲਾਕ੍ਰਿਤੀਆਂ ਨੂੰ ਬੜੀ ਰੀਝ ਨਾਲ ਦੇਖਿਆ। ਬੱਚਿਆਂ ਦੇ ਹੁਨਰ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਨੇ ਸਾਰੇ ਵਿਦਿਆਰਥੀਆਂ ਨੂੰ ਸ਼ਾਬਾਸ਼ੀ ਦਿੱਤੀ ਤੇ ਉਨ੍ਹਾਂ ਦੀ ਹੌਸਲਾ ਅਫਜਾਈ ਕੀਤੀ।ਆਪਣੇ ਸੰਬੋਧਨ ਦੌਰਾਨ ਮਾਨਯੋਗ ਜੱਜ ਸਾਹਿਬ ਨੇ ਵਿਦਿਆਰਥੀਆਂ ਨੂੰ ਜ਼ਿੰਦਗੀ ਵਿੱਚ ਹਮੇਸ਼ਾ ਅੱਗੇ ਵਧਣ ਦੀ ਪ੍ਰੇਰਨਾ ਦਿੱਤੀ।

# ਪ੍ਰਕਾਸ਼ ਪੁਰਬ ਮੌਕੇ ਸੰਪਟ ਅਖੰਡ ਪਾਠ ਸਾਹਿਬ ਆਰੰਭ ਕੀਤੇ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**-ਇਤਿਹਾਸਕ ਪਿੰਡ ਭੁੰਗਰਨੀ ਵਿਖੇ ਗੁਰਦੁਆਰਾ ਪਾਤਸ਼ਾਹੀ ਸੱਤਵੀਂ ਧੰਨ ਧੰਨ ਸ੍ਰੀ ਹਰਿ ਰਾਇ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਤੇ ਸਮੂਹ ਨਗਰ ਨਿਵਾਸੀ, ਐੱਨ ਆਰ ਆਈ, ਗੁਰੂ ਹਰਿ ਰਾਇ ਨੌਜਵਾਨ ਸਭਾ ਭੁੰਗਰਨੀ, ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਾਤਸ਼ਾਹੀ ਸੱਤਵੀਂ ਧੰਨ ਧੰਨ ਸ਼੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦਾ 396ਵਾਂ ਪ੍ਰਕਾਸ਼ ਪੁਰਬ 31 ਜਨਵਰੀ ਨੂੰ ਸ਼ਰਧਾ ਭਾਵਨਾ ਨਾਲ ਮਨਾਏ ਜਾ ਰਹੇ ਹਨ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਜਥੇਦਾਰ ਸੁਰਜੀਤ ਸਿੰਘ ਮਸੂਤਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਪ੍ਰਕਾਸ਼ ਪੁਰਬ ਮੌਕੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ 29 ਜਨਵਰੀ ਨੂੰ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਵਿਸ਼ਾਲ ਨਗਰ ਕੀਰਤਨ ਸਜਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਪ੍ਰਕਾਸ਼ ਪੁਰਬ ਮੌਕੇ ਸੰਪਟ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਗਏ ਤੇ ਸਵੇਰੇ ਸ਼ਾਮੀ ਹਰ ਰੋਜ਼ ਕੀਰਤਨ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ 31 ਜਨਵਰੀ ਨੂੰ ਪ੍ਰਕਾਸ਼ ਪੁਰਬ ਮੌਕੇ ਸੰਪਟ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਖੁੱਲ੍ਹੇ ਪੰਡਾਲ ਵਿੱਚ ਸੰਤ ਮਹਾਂਪੁਰਸ਼,ਪੰਥ ਪ੍ਰਸਿੱਧ, ਰਾਗੀ, ਢਾਡੀ, ਕਵੀਸ਼ਰ, ਪ੍ਰਚਾਰਕ ਅਤੇ ਇਲਾਕੇ ਦੀਆਂ ਪ੍ਰਮੁੱਖ ਸਖਸ਼ੀਅਤਾਂ ਪੁੱਜ ਰਹੀਆਂ ਹਨ। ਇਸ ਮੌਕੇ ਸਮਾਗਮ ਦੌਰਾਨ ਗੁਰੂ ਜੀ ਦੇ ਲੰਗਰ ਅਤੁੱਟ ਵਰਤਾਏ ਜਾਣਗੇ।

# ਸਮਾਜ ਸੇਵੀ ਸੰਜੀਵ ਭਗਤ ਸਨਮਾਨਤ



**ਜਲੰਧਰ (ਸ਼ੈਲੀ ਐਲਬਰਟ)**-ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿਖੇ ਆਯੋਜਿਤ 77ਵੇਂ ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਸਮਾਰੋਹ ਮੌਕੇ ਸਮਾਜ ਸੇਵਾ ਦੇ ਖੇਤਰ ਵਿੱਚ ਵਿਸ਼ੇਸ਼ ਯੋਗਦਾਨ ਲਈ ਪ੍ਰਸਿੱਧ ਸਮਾਜ ਸੇਵੀ ਸੰਜੀਵ ਭਗਤ ਨੂੰ ਸਨਮਾਨਤ ਕੀਤਾ ਗਿਆ।ਇਸ ਮੌਕੇ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ (ਪੰਜਾਬ ਦੇ ਮਾਈਨਜ਼ ਤੇ ਜਿਆਲੋਜੀ, ਜਲ ਸਰੋਤ ਅਤੇ ਭੂਮੀ ਤੇ ਜਲ ਸੰਭਾਲ), ਡਿਪਟੀ ਕਮਿਸ਼ਨਰ ਜਲੰਧਰ ਡਾ. ਹਿਮਾਂਸ਼ੂ ਅਗਰਵਾਲ, ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ, ਰਾਜ ਸਭਾ ਮੈਂਬਰ ਪਦਮਸ਼੍ਰੀ ਸੰਤ ਬਲਬੀਰ ਸਿੰਘ ਸੀਚੇਵਾਲ ਅਤੇ ਵਿਧਾਇਕ ਬਲਕਾਰ ਸਿੰਘ ਵੱਲੋਂ ਸੰਜੀਵ ਭਗਤ ਨੂੰ ਸਨਮਾਨ ਪੱਤਰ ਦੇ ਕੇ ਨਿਵਾਜਿਆ ਗਿਆ।

# ਗਣਤੰਤਰ ਦਿਵਸ 'ਤੇ ਵਿਸ਼ੇਸ਼ ਸਭਾ ਕਰਵਾਈ

**ਗੁਰਾਇਆ (ਬਿੰਦਰ ਸੁੰਮਨ)**
ਐੱਸ ਟੀ ਐੱਸ ਵਰਲਡ ਸਕੂਲ ਵਿੱਚ ਗਣਤੰਤਰ ਦਿਵਸ ਦੇ ਸ਼ੁਭ ਮੌਕੇ 'ਤੇ ਇਕ ਵਿਸ਼ੇਸ਼ ਸਭਾ ਦਾ ਆਯੋਜਨ ਕੀਤਾ ਗਿਆ। ਇਹ ਸਭਾ ਜਮਾਤ ਦੂਜੀ ਏ ਦੇ



ਵਿਦਿਆਰਥੀਆਂ ਵੱਲੋਂ ਗੁਰਲੀਨ ਕੌਰ ਦੀ ਅਗਵਾਹੀ ਹੇਠ ਬਹੁਤ ਹੀ ਉਤਸ਼ਾਹ, ਆਤਮ-ਵਿਸ਼ਵਾਸ ਤੇ ਦੇਸ਼-ਭਗਤੀ ਦੀ ਭਾਵਨਾ ਨਾਲ ਪੇਸ਼ ਕੀਤੀ ਗਈ। ਸਭਾ ਦੀ ਸ਼ੁਰੂਆਤ ਵਿੱਚ ਵਿਦਿਆਰਥਣ ਜਸਕੀਤ ਕੌਰ ਵੱਲੋਂ ਸੁੰਦਰ ਦੇਸ਼-ਭਗਤੀ ਵਾਲੀ ਕਵਿਤਾ ਨਾਲ ਹੋਈ, ਜਿਸ ਨੇ ਸਾਰੇ ਦਰਸ਼ਕਾਂ ਦੇ ਦਿਲਾਂ ਵਿੱਚ ਦੇਸ਼ ਪ੍ਰੇਮ ਦੀ ਲਹਿਰ ਜਗਾ ਦਿੱਤੀ। ਇਸ ਤੋਂ ਬਾਅਦ ਆਦਸਚ ਸਿੰਘ ਨੇ ਗਣਤੰਤਰ ਦਿਵਸ ਦੀ ਮਹੱਤਤਾ ਬਾਰੇ ਸਪਸ਼ਟ ਤੇ ਪ੍ਰਭਾਵਸ਼ਾਲੀ ਭਾਸ਼ਣ ਦੇ ਕੇ ਸਭ ਨੂੰ ਪ੍ਰਭਾਵਿਤ ਕੀਤਾ। ਇਸ ਤੋਂ ਬਾਅਦ ਦੂਜੀ ਏ ਜਮਾਤ ਦੇ ਵਿਦਿਆਰਥੀਆਂ ਵੱਲੋਂ ਪੇਸ਼ ਕੀਤਾ ਗਿਆ ਰੰਗ-ਬਿਰੰਗਾ ਨਾਚ ਸਭਾ ਦਾ ਮੁੱਖ ਆਕਰਸ਼ਣ ਰਿਹਾ। ਇਸ ਤੋਂ ਇਲਾਵਾ ਕਿਡਸ ਕਿੰਗਡਮ ਦੇ ਛੋਟੇ ਵਿਦਿਆਰਥੀਆਂ ਵੱਲੋਂ ਅਤੇ ਹੋਰ ਜਮਾਤਾਂ ਦੇ ਵਿਦਿਆਰਥੀਆਂ ਵੱਲੋਂ ਵੀ ਮਨਮੋਹਕ ਅਤੇ ਦੇਸ਼ ਭਗਤੀ ਨਾਲ ਭਰਪੂਰ ਪ੍ਰਸਤੁਤੀਆਂ ਪੇਸ਼ ਕੀਤੀਆਂ ਗਈਆਂ, ਜਿਨ੍ਹਾਂ ਨਾਲ ਸਮਾਗਮ ਹੋਰ ਵੀ ਰੌਣਕਮਈ ਬਣ ਗਿਆ। ਸਭਾ ਦੇ ਅੰਤ ਵਿੱਚ ਮਾਣਯੋਗ ਪ੍ਰਿੰਸੀਪਲ ਪ੍ਰਭਜੋਤ ਗਿੱਲ ਨੇ ਬੱਚਿਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਗਣਤੰਤਰ ਦਿਵਸ ਸਾਨੂੰ ਆਪਣੇ ਅਧਿਕਾਰਾਂ ਦੇ ਨਾਲ-ਨਾਲ ਆਪਣੇ ਕਰਤੱਬਾਂ ਦੀ ਵੀ ਯਾਦ ਦਿਲਾਉਂਦਾ ਹੈ। ਉਨ੍ਹਾਂ ਬੱਚਿਆਂ ਨੂੰ ਸੱਚਾਈ, ਅਨੁਸ਼ਾਸਨ ਅਤੇ ਮਿਹਨਤ ਦੇ ਰਾਹ 'ਤੇ ਚੱਲਣ ਲਈ ਪ੍ਰੇਰਿਤ ਕੀਤਾ ਅਤੇ ਕਿਹਾ ਕਿ ਇਹੀ ਗੁਣ ਉਨ੍ਹਾਂ ਨੂੰ ਚੰਗਾ ਨਾਗਰਿਕ ਬਣਾਉਂਦੇ ਹਨ।

# ਯੂ ਜੀ ਸੀ ਦੇ ਨਵੇਂ ਨਿਯਮ ਨੌਜਵਾਨਾਂ ਨੂੰ ਸਿੱਖਿਆ ਤੋਂ ਦੂਰ ਕਰਨ ਵਾਲੇ : ਰਮਨ ਸ਼ਰਮਾ

**ਫਗਵਾੜਾ (ਡਾ. ਰਮਨ)**- ਸ਼ਿਵ ਸੈਨਾ ਯੂ ਬੀ ਟੀ ਦੇ ਸ਼ਹਿਰੀ ਪ੍ਰਧਾਨ ਰਮਨ ਸ਼ਰਮਾ ਨੇ ਕੇਂਦਰ ਸਰਕਾਰ ਵੱਲੋਂ ਜਾਰੀ ਕੀਤੇ ਗਏ ਨਵੇਂ ਯੂ ਜੀ ਸੀ ਦਿਸ਼ਾ-ਨਿਰਦੇਸ਼ਾਂ ਦਾ ਸਖ਼ਤ ਵਿਰੋਧ ਕੀਤਾ ਹੈ ਅਤੇ ਉਨ੍ਹਾਂ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ ਹੈ। ਇੱਕ ਪ੍ਰੈਸ ਬਿਆਨ ਵਿੱਚ, ਰਮਨ ਸ਼ਰਮਾ ਨੇ ਲਿਖਿਆ ਕਿ ਲੰਬੇ ਸਮੇਂ ਤੋਂ ਭਾਰਤ ਵਿੱਚ ਸਿੱਖਿਆ ਦੇ ਨਿੱਜੀਕਰਨ ਅਤੇ ਵਪਾਰੀਕਰਨ ਨੇ ਆਮ ਨਾਗਰਿਕ ਨੂੰ ਸਿੱਖਿਆ ਤੋਂ ਦੂਰ ਰੱਖਿਆ ਹੈ।



ਮੌਜੂਦਾ ਸਰਕਾਰ ਦੇ ਰਾਜਨੀਤਿਕ ਏਜੰਡੇ ਦੇ ਤਹਿਤ ਨਾ ਸਿਰਫ ਨੌਜਵਾਨਾਂ ਨੂੰ ਸਿੱਖਿਆ ਤੋਂ ਦੂਰ ਕੀਤਾ ਜਾ ਰਿਹਾ ਹੈ, ਬਲਕਿ ਇੱਕ ਖਾਸ ਰਾਜਨੀਤਿਕ ਏਜੰਡੇ ਨੂੰ ਲਾਭ ਪਹੁੰਚਾਉਣ ਵਾਲੀ ਮਾਨਸਿਕਤਾ ਨੂੰ ਸਿੱਖਿਆ ਪ੍ਰਣਾਲੀ 'ਤੇ ਜ਼ਬਰਦਸਤੀ ਥੋਪਿਆ ਜਾ ਰਿਹਾ ਹੈ। ਨਵਾਂ ਯੂ ਜੀ ਸੀ ਕਾਨੂੰਨ ਸਿੱਖਿਆ ਪ੍ਰਣਾਲੀ ਪ੍ਰਤੀ ਸਰਕਾਰ ਦੀ ਉਦਾਸੀਨਤਾ ਅਤੇ ਨਕਾਰਾਤਮਕ ਰਵੱਈਏ ਦਾ ਪ੍ਰਤੀਕ ਹੈ, ਜਿਸ ਦਾ ਦੇਸ਼ ਭਰ ਵਿੱਚ ਵਿਆਪਕ ਸੰਸਥਾਗਤ ਵਿਰੋਧ ਹੋ ਰਿਹਾ ਹੈ। ਸ਼ਿਵ ਸੈਨਾ ਫਗਵਾੜਾ ਇਕਾਈ ਦੇ ਪ੍ਰਧਾਨ ਰਮਨ ਸ਼ਰਮਾ ਨੇ ਕਿਹਾ ਕਿ ਰਿਜ਼ਰਵੇਸ਼ਨ ਕਾਰਨ ਜਨਰਲ ਵਰਗ ਦੇ ਨੌਜਵਾਨ ਪਹਿਲਾਂ ਹੀ ਆਪਣੀ ਪੜ੍ਹਾਈ ਵਿੱਚ ਪਛੜ ਰਹੇ ਹਨ, ਅਤੇ ਨਵੇਂ ਯੂਜੀਸੀ ਨਿਯਮ ਉਨ੍ਹਾਂ ਨੂੰ ਹੋਰ ਕਮਜ਼ੋਰ ਕਰ ਦੇਣਗੇ। ਜਲਦੀ ਹੀ, ਜਨਰਲ ਵਰਗ ਦੇ ਨੌਜਵਾਨ ਸਿੱਖਿਆ ਤੋਂ ਵਾਂਝੇ ਹੋ ਜਾਣਗੇ। ਉਨ੍ਹਾਂ ਕਿਹਾ ਕਿ ਸ਼ਿਵ ਸੈਨਾ ਹਰ ਪਲੇਟਫਾਰਮ 'ਤੇ ਸਿੱਖਿਆ ਪ੍ਰਤੀ ਸਰਕਾਰ ਦੀ ਇਸ ਤਾਨਾਸ਼ਾਹੀ ਸੋਚ ਦਾ ਸਖ਼ਤ ਵਿਰੋਧ ਕਰੇਗੀ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਇਸ ਕਾਨੂੰਨ ਨੂੰ ਜਲਦੀ ਵਾਪਸ ਨਹੀਂ ਲੈਂਦੀ, ਤਾਂ ਸ਼ਿਵ ਸੈਨਾ ਯੂ ਬੀ ਟੀ ਸੜਕਾਂ 'ਤੇ ਉਤਰਨ ਅਤੇ ਵਿਰੋਧ ਪ੍ਰਦਰਸ਼ਨ ਕਰਨ ਲਈ ਮਜਬੂਰ ਹੋਵੇਗੀ ।

# ਆਮ ਆਦਮੀ ਪਾਰਟੀ ਦੇ ਆਗੂਆਂ ਨੇ ਵਿਕਾਸ ਕਾਰਜਾਂ ਦਾ ਲਿਆ ਜਾਇਜ਼ਾ

**ਕਾਲਾ ਸੰਘਿਆਂ (ਮਨਜੀਤ ਮਾਨ)**-ਪੰਜਾਬ ਸਰਕਾਰ ਭਗਵੰਤ ਸਿੰਘ ਮਾਨ ਅਤੇ ਹਲਕਾ ਇੰਚਾਰਜ ਐਡਵੋਕੇਟ ਕਰਮਵੀਰ ਸਿੰਘ ਚੰਦੀ ਤੇ ਜਗਜੀਤ ਸਿੰਘ ਬਿੱਟੂ ਚੇਅਰਮੈਨ ਮਾਰਕੀਟ



ਕਮੇਟੀ ਦੇ ਹੁਕਮਾਂ ਅਨੁਸਾਰ ਆਮ ਆਦਮੀ ਪਾਰਟੀ ਦੇ ਹਲਕਾ ਕੋਆਰਡੀਨੇਟਰ ਕਿਸਾਨ ਵਿੰਗ ਨਰਿੰਦਰ ਸਿੰਘ ਸੰਘਾ ਤੇ ਬਲਾਕ ਪ੍ਰਧਾਨ ਵਿਜੇ ਕੁਮਾਰ ਅਰੋੜਾ ਤੇ ਜਗਰੂਪ ਸਿੰਘ ਸੋਸ਼ਲ ਮੀਡੀਆ ਹਲਕਾ ਕੋਆਰਡੀਨੇਟਰ ਅਤੇ ਉਹਨਾਂ ਦੇ ਸਾਥੀਆਂ ਵੱਲੋਂ ਹਲਕਾ ਕਪੂਰਥਲਾ ਦੇ ਪਿੰਡ ਆਲਮਗੀਰ ਤੋਂ ਪਿੰਡ ਬਨਵਾਲੀ ਪੁਰ ਤੋਂ ਪਿੰਡ ਚਿੱਟੀ ਦੀ ਹੱਦ ਤੱਕ ਅਤੇ ਬਨਵਾਲੀ ਪੁਰ ਤੋਂ ਪਿੰਡ ਰਾਮਪੁਰ ਨਵਾਂ ਪਿੰਡ ਤੱਕ ਸੜਕ ਦਾ ਕੰਮ ਚੱਲ ਰਿਹਾ ਹੈ ਜਿਸ ਦੀ ਲੰਬਾਈ 3.55 ਕਿੱਲੋਮੀਟਰ ਹੈ ਇਹ 2 ਕਰੋੜ 12 ਲੱਖ 98 ਹਜ਼ਾਰ ਰੁਪਏ ਦੀ ਲਾਗਤ ਨਾਲ ਬਣਾਈ ਜਾ ਰਹੀ ਹੈ। ਇਸ ਸੜਕ ਦੀ ਚੌੜਾਈ 18 ਫੁੱਟ ਹੋਣ ਜਾ ਰਹੀ ਹੈ। ਇਸ ਸੜਕ ਦੀ ਜਾਣਕਾਰੀ ਐਕਸੀਅਨ ਰਕੇਸ਼ ਕੁਮਾਰ ਤੇ ਐਸ ਡੀ ਉ ਸ੍ਰੀ ਸਨਦੀਪ ਕੁਮਾਰ ਤੇ ਜੇ ਈ ਸ, ਬਲਵਿੰਦਰ ਸਿੰਘ ਉਹਨਾਂ ਵੱਲੋਂ ਸਾਰੀ ਜਾਣਕਾਰੀ ਸਾਂਝੀ ਕੀਤੀ ਗਈ। ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸ,ਬਲਕਾਰ ਸਿੰਘ ਲਾਲਕਾ ਹਰਵਿੰਦਰ ਸਿੰਘ ਸੰਘਾ, ਡਾ. ਬਲਰਾਮ ਸ਼ਰਮਾਂ, ਸੁਨੀਲ ਸਿੰਘ ਬਲਾਕ ਪ੍ਰਧਾਨ ਸੋਸ਼ਲ ਮੀਡੀਆ, ਪਵਨਪ੍ਰੀਤ ਸਿੰਘ ਸੰਘਾ ਯੂਥ ਵਿੰਗ ਹਲਕਾ ਵਾਈਸ ਪ੍ਰਧਾਨ, ਮਹਿਲਾ ਵਿੰਗ ਦੇ ਬਲਾਕ ਪ੍ਰਧਾਨ ਜਸਵੰਤ ਕੌਰ ਅਤੇ ਭਜਨ ਸਿੰਘ, ਉਂਕਾਰ ਸਿੰਘ ਤੇ ਹੋਰ ਵੀ ਆਗੂ ਹਾਜ਼ਰ ਸਨ।

# ਰਾਏਪੁਰ ਡੱਬਾ ਓਲੰਪਿਕ ਰੈਸਲਿੰਗ ਅਕੈਡਮੀ ਵਿਖੇ ਗਣਤੰਤਰ ਦਿਵਸ ਮਨਾਇਆ



**ਫਗਵਾੜਾ (ਡਾ. ਰਮਨ)**-ਰਾਏਪੁਰ ਡੱਬਾ ਓਲੰਪਿਕ ਰੈਸਲਿੰਗ ਅਕੈਡਮੀ ਫਗਵਾੜਾ ਵਿਖੇ ਅਕਾਦਮੀ ਦੇ ਸੰਚਾਲਕ ਅਤੇ ਸਾਬਕਾ ਓਲੰਪਿਕ ਕੋਚ ਪੀ.ਆਰ. ਸੌਂਧੀ ਦੀ ਅਗਵਾਈ ਹੇਠ ਭਾਰਤ ਦਾ 77ਵਾਂ ਗਣਤੰਤਰ ਦਿਵਸ ਦੇਸ਼ ਭਗਤੀ ਦੇ ਜੋਸ਼ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਦੇ ਨਾਲ ਹੀ ਪਹਿਲਵਾਨ ਸਾਜਨ ਰਾਜਪੂਤ ਨੂੰ ਵੀ ਉਨ੍ਹਾਂ ਦੇ 33ਵੇਂ ਜਨਮ ਦਿਨ ਦੀ ਵਧਾਈ ਦਿੱਤੀ ਗਈ। ਅਕੈਡਮੀ ਦੇ ਪ੍ਰਧਾਨ ਬੀ ਐੱਸ ਬਾਗਲਾ ਨੇ ਪਹਿਲਵਾਨ ਸਾਜਨ ਰਾਜਪੂਤ ਸਮੇਤ ਸਾਰੇ ਪਹਿਲਵਾਨਾਂ ਨੂੰ ਮਠਿਆਈਆਂ ਤੇ ਫਲ ਵੰਡੇ ਅਤੇ ਉਨ੍ਹਾਂ ਦਾ ਹੌਸਲਾ ਵਧਾਇਆ। ਸਾਬਕਾ ਓਲੰਪਿਕ ਕੋਚ ਪੀ.ਆਰ. ਸੋਂਧੀ ਨੇ ਕਿਹਾ ਕਿ ਇਹ ਦਿਨ ਨੌਜਵਾਨਾਂ ਨੂੰ ਅਨੁਸ਼ਾਸਨ, ਸਖ਼ਤ ਮਿਹਨਤ ਅਤੇ ਦੇਸ਼ ਭਗਤੀ ਦੀਆਂ ਕਦਰਾਂ-ਕੀਮਤਾਂ ਨੂੰ ਅਪਣਾਉਣ ਲਈ ਪ੍ਰੇਰਿਤ ਕਰਦਾ ਹੈ। ਖੇਡਾਂ ਰਾਹੀਂ ਅਸੀਂ ਨਾ ਸਿਰਫ਼ ਇੱਕ ਸਿਹਤਮੰਦ ਭਾਰਤ ਦਾ ਨਿਰਮਾਣ ਕਰ ਸਕਦੇ ਹਾਂ, ਸਗੋਂ ਦੇਸ਼ ਦੀ ਸ਼ਾਨ ਵੀ ਵਧਾ ਸਕਦੇ ਹਾਂ।ਇਸ ਮੌਕੇ 'ਤੇ ਅੰਤਰਰਾਸ਼ਟਰੀ ਕੋਚ ਰਵਿੰਦਰ ਨਾਥ, ਸੀਨੀਅਰ ਪਹਿਲਵਾਨ ਕਿਰਪਾਲ ਸਿੰਘ, ਰਾਸ਼ਟਰੀ ਪਹਿਲਵਾਨ ਵਿਸ਼ਾਲ ਨੰਨਾ ਡਡਵਾਲ, ਸੰਨੀ, ਅਤੇ ਹੋਰ ਪਹਿਲਵਾਨਾਂ ਤੋਂ ਇਲਾਵਾ ਅਕੈਡਮੀ ਦੇ ਮੈਂਬਰ ਵੀ ਮੌਜੂਦ ਸਨ। ਸਾਰਿਆਂ ਨੇ ਇੱਕ ਦੂਜੇ ਨੂੰ ਗਣਤੰਤਰ ਦਿਵਸ ਅਤੇ ਪਹਿਲਵਾਨ ਸਾਜਨ ਰਾਜਪੂਤ ਨੂੰ ਜਨਮਦਿਨ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ।

# ਟੈਲੀਫੋਨ ਐਡਵਾਇਜ਼ਰੀ ਕਮੇਟੀ ਦੀ ਮੀਟਿੰਗ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**
ਹੁਸ਼ਿਆਰਪੁਰ ਤੋਂ ਲੋਕ ਸਭਾ ਮੈਂਬਰ ਡਾ. ਰਾਜਕੁਮਾਰ ਚੱਬੇਵਾਲ ਦੀ ਪ੍ਰਧਾਨਗੀ ਹੇਠ ਬੀ ਐੱਸ ਐੱਨ ਐੱਲ ਦਫ਼ਤਰ ਵਿੱਚ ਟੈਲੀਫੋਨ ਐਡਵਾਇਜ਼ਰੀ ਕਮੇਟੀ ਦੀ ਮਹੱਤਵਪੂਰਨ ਮੀਟਿੰਗ ਹੋਈ। ਇਸ ਮੀਟਿੰਗ ਦਾ ਮੁੱਖ ਉਦੇਸ਼ ਖੇਤਰ ਵਿੱਚ ਟੈਲੀਕਾਮ




ਸਹੂਲਤਾਂ, ਖ਼ਾਸ ਕਰਕੇ 4 ਜੀ ਸੇਵਾਵਾਂ ਦੇ ਵਿਸਥਾਰ ਤੇ ਗੁਣਵੱਤਾ ਵਿੱਚ ਸੁਧਾਰ ਬਾਰੇ ਵਿਚਾਰ ਵਟਾਂਦਰਾ ਕਰਨਾ ਰਖਿਆ ਗਿਆ। ਮੀਟਿੰਗ ਦੌਰਾਨ ਬੀ ਐੱਸ ਐੱਨ ਐੱਲ ਅਧਿਕਾਰੀਆਂ ਨੇ ਲੋਕ ਸਭਾ ਮੈਂਬਰ ਡਾਕਟਰ ਰਾਜ ਕੁਮਾਰ ਚੱਬੇਵਾਲ ਨੂੰ ਦੋ ਮੁੱਖ ਪ੍ਰੋਜੈਕਟਾਂ ਬਾਰੇ ਜਾਣਕਾਰੀ ਦਿੱਤੀ ਜੋ 2023 ਵਿੱਚ ਸ਼ੁਰੂ ਕੀਤੇ ਗਏ ਸਨ ਤੇ ਜਿਨ੍ਹਾਂ ਦਾ ਮਕਸਦ ਮੋਬਾਈਲ ਕਵਰੇਜ ਵਧਾਉਣਾ ਅਤੇ ਇੰਟਰਨੈੱਟ ਸਪੀਡ ਨੂੰ ਬਿਹਤਰ ਬਣਾਉਣਾ ਹੈ। ਇਨ੍ਹਾਂ ਯਤਨਾਂ ਦਾ ਨਤੀਜਾ ਇਹ ਨਿਕਲਿਆ ਕਿ ਪਿਛਲੇ ਦੇ ਮੁਕਾਬਲੇ ਇਸ ਵਾਰ ਮੁਨਾਫ਼ਾ ਵਧ ਕੇ ਲਗਭਗ ਇਸ ਸਾਲ 46 ਲੱਖ ਰੁਪਏ ਹੋ ਗਿਆ ਹੈ। ਇਹ 4ਜੀ ਦਾ ਵਿਸਥਾਰ, ਵਧੀਆ ਸੇਵਾਵਾਂ ਦੀ ਵਜ੍ਹਾ ਨਾਲ ਸੰਭਵ ਹੋਇਆ ਅਤੇ ਮੀਟਿੰਗ ਵਿੱਚ ਕੈਬਨਿਟ ਤੋਂ ਹਰਜਿਆਣਾ, ਫਤਿਹਪੁਰ ਅਤੇ ਕੋਠੀ ਦੀਆਂ ਨਵੀਆਂ 4ਜੀ ਮੋਬਾਈਲ ਟਾਵਰ ਸਾਈਟਾਂ ਦੀ ਪ੍ਰਵਾਨਗੀ ਬਾਰੇ ਦੱਸਿਆ ਗਿਆ ਕਿ ਜਲਦੀ ਤੋਂ ਜਲਦੀ ਸਥਾਪਿਤ ਕੀਤਾ ਜਾਵੇਗਾ ਜਿਸ ਨਾਲ ਕਵਰੇਜ ਹੋਰ ਵਿਸਥਾਰਤ ਹੋਵੇਗੀ ਅਤੇ ਇਲਾਕੇ ਦੇ ਲੋਕ ਇਸਦਾ ਲਾਭ ਉਠਾਉਣਗੇ। ਮੀਟਿੰਗ ਵਿੱਚ ਦਲਵਿੰਦਰ ਸਿੰਘ ਮਾਨਕੂ ਪੀ ਜੀ ਐੱਮ ਹੁਸ਼ਿਆਰਪੁਰ, ਬਲਬੀਰ ਸਿੰਘ ਭੁਮਲਾ ਡੀ ਜੀ ਐੱਮ-ਹੁਸ਼ਿਆਰਪੁਰ, ਮੀਨਾਕਸ਼ੀ ਅਰੋੜਾ (ਡੀ ਜੀ ਐੱਮ) ਗੜ੍ਹਸ਼ੰਕਰ, ਸਰਬਜੀਤ ਸਿੰਘ ਆਈ ਐੱਫ ਏ, ਬਲਬੀਰ ਸਿੰਘ ਏ ਜੀ ਐੱਮ , ਰਾਕੇਸ਼ ਪਟਿਆਲ ਏ ਜੀ ਐੱਮ , ਜਗਮੋਹਿੰਦਰ ਸਿੰਘ (ਏ ਜੀ ਐੱਮ), ਪੁਸ਼ਪਿੰਦਰ ਸਿੰਘ ਐੱਸ ਡੀ ਈ , ਅਸ਼ੋਕ ਕੁਮਾਰ ਐੱਸ ਡੀ ਈ, ਅਮਰੀਕ ਸਿੰਘ ਐੱਸ ਡੀ ਈ, ਬਲਦੇਵ ਸਿੰਘ ਐੱਸ ਡੀ ਈ, ਸੁਖਵਿੰਦਰ ਸਿੰਘ ਜੇ ਟੀ ਉ ਮੌਜੂਦ ਸਨ ।

# ਸੀ ਐੱਮ ਦੀ ਯੋਗਸ਼ਾਲਾ ਤਹਿਤ ਜ਼ਿਲ੍ਹੇ 'ਚ ਚੱਲ ਰਹੀਆਂ 358 ਯੋਗਾ ਕਲਾਸਾਂ

**ਮੁਹਾਲੀ (ਗੁਰਜੀਤ ਬਿੱਲਾ)**-ਜ਼ਿਲ੍ਹੇ ਵਿੱਚ ਸੀ ਐਮ ਦੀ ਯੋਗਸ਼ਾਲਾ ਤਹਿਤ ਰੋਜ਼ਾਨਾ 358 ਯੋਗਾ ਸੈਸ਼ਨ ਲਾਏ ਜਾ ਰਹੇ ਹਨ, ਜਿੱਥੇ 14500 ਤੋਂ ਵਧੇਰੇ ਲੋਕ ਯੋਗਾ ਕਲਾਸਾਂ ਦਾ ਹਿੱਸਾ ਬਣ ਕੇ ਸੁਖਦ ਅਤੇ ਤੰਦਰੁਸਤ ਜ਼ਿੰਦਗੀ ਦਾ ਲਾਭ ਲੈ ਰਹੇ ਹਨ।ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਯੋਗਾ ਕੋਆਰਡੀਨੇਟਰ ਪ੍ਰਤਿਮਾ ਡਾਵਰ ਨੇ ਦੱਸਿਆ ਕਿ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਜ਼ਿਲ੍ਹੇ ਵਿੱਚ 22 ਜੂਨ 2023 ਵਿੱਚ ਯੋਗ ਕਲਾਸਾਂ ਦੀ ਸ਼ੁਰੂਆਤ ਹੋਈ ਸੀ। ਇਸ ਮੌਕੇ ਜ਼ਿਲ੍ਹੇ ਵਿੱਚ 76 ਯੋਗਾ ਟ੍ਰੇਨਰ ਕੰਮ ਕਰ ਰਹੇ ਹਨ, ਜੋ ਸਵੇਰ ਤੋਂ ਸ਼ੁਰੂ ਕਰਕੇ ਸ਼ਾਮ ਤੱਕ ਇੱਕ ਦਿਨ ਵਿੱਚ ਪੰਜ-ਪੰਜ ਕਲਾਸਾਂ ਲਗਾਉਂਦੇ ਹਨ।ਉਨ੍ਹਾਂ ਦੱਸਿਆ ਕਿ ਯੋਗਾ ਕਲਾਸਾਂ ਦੀ ਕੋਈ ਫੀਸ ਨਹੀਂ ਲਈ ਜਾਂਦੀ ਅਤੇ ਪਾਰਕਾਂ, ਕਮਿਊਨਿਟੀ ਸੈਂਟਰਾਂ ਆਦਿ ਵਿੱਚ ਇਹ ਕਲਾਸਾਂ ਸ਼ੁਰੂ ਕਰ ਦਿੱਤੀਆਂ ਜਾਂਦੀਆਂ ਹਨ। ਇੱਕ ਕਲਾਸ ਲਈ ਘੱਟ ਤੋਂ ਘੱਟ 25 ਮੈਂਬਰ ਹੋਣ ਜ਼ਰੂਰੀ ਹਨ।



# ਗਣਤੰਤਰ ਦਿਵਸ ਜੋਸ਼ ਤੇ ਦੇਸ਼ ਭਗਤੀ ਨਾਲ ਮਨਾਇਆ




**ਡੇਰਾਬੱਸੀ (ਵਿਨੈ ਕੁਮਾਰ ਜੈਨ)**-ਲੌਂਗੋਵਾਲ ਗਰੁੱਪ ਆਫ਼ ਕਾਲਜਜ਼ ਡੇਰਾਬੱਸੀ ਵਿਖੇ ਦੇਸ਼ ਦਾ 77ਵਾਂ ਗਣਤੰਤਰ ਦਿਵਸ 26 ਜਨਵਰੀ ਨੂੰ ਸਵੇਰੇ 9 ਵਜੇ ਬੜੇ ਹੀ ਜੋਸ਼, ਉਤਸ਼ਾਹ ਅਤੇ ਦੇਸ਼ਭਗਤੀ ਦੇ ਮਾਹੌਲ ਵਿੱਚ ਮਨਾਇਆ ਗਿਆ। ਇਸ ਮੌਕੇ ਸੰਸਥਾ ਦਾ ਪ੍ਰੰਗਣ ਤਿਰੰਗੇ ਰੰਗਾਂ ਨਾਲ ਸਜਾਇਆ ਗਿਆ ਸੀ ਤੇ ਹਰ ਪਾਸੇ ਦੇਸ਼ਪ੍ਰੇਮ ਦੀ ਲਹਿਰ ਦਿਖਾਈ ਦੇ ਰਹੀ ਸੀ। ਵਿਦਿਆਰਥੀਆਂ, ਅਧਿਆਪਕਾਂ ਅਤੇ ਪ੍ਰਬੰਧਕਾਂ ਨੇ ਮਿਲ ਕੇ ਇਸ ਰਾਸ਼ਟਰੀ ਤਿਉਹਾਰ ਨੂੰ ਬੜੀ ਸ਼ਰਧਾ ਅਤੇ ਸਨਮਾਨ ਨਾਲ ਮਨਾਇਆ।ਸਮਾਗਮ ਦੀ ਸ਼ੁਰੂਆਤ ਰਾਸ਼ਟਰੀ ਝੰਡੇ ਦੀ ਫਹਿਰਾਉਣ ਨਾਲ ਹੋਈ, ਜੋ ਕਿ ਸੰਸਥਾ ਦੇ ਵਾਈਸ-ਚੇਅਰਮੈਨ ਡਾ. ਕਪਿਲ ਕਟਿਆਲ ਵੱਲੋਂ ਕੀਤੀ ਗਈ। ਝੰਡਾ ਫਹਿਰਾਉਣ ਉਪਰੰਤ ਸਾਰੇ ਵਿਦਿਆਰਥੀਆਂ ਤੇ ਸਟਾਫ਼ ਵੱਲੋਂ ਰਾਸ਼ਟਰੀ ਗੀਤ ਗਾਇਆ ਗਿਆ, ਜਿਸ ਨਾਲ ਪੂਰਾ ਪ੍ਰੰਗਣ ਦੇਸ਼ਭਗਤੀ ਦੇ ਜਜ਼ਬੇ ਨਾਲ ਗੂੰਜ ਉਠਿਆ। ਇਸ ਪਾਵਨ ਮੌਕੇ 'ਤੇ ਐੱਲ ਪੀ ਪੀ ਸੀ ਦੀ ਪ੍ਰਿੰਸੀਪਲ ਡਾ. ਰੋਸੀ ਕਟਿਆਲ ਨੇ ਵੀ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਕੇ ਸਮਾਗਮ ਦੀ ਸ਼ਾਨ ਵਧਾਈ।ਸਮਾਗਮ ਦੌਰਾਨ ਵਿਦਿਆਰਥੀਆਂ ਵੱਲੋਂ ਦੇਸ਼ਭਗਤੀ ਗੀਤ, ਪ੍ਰੇਰਕ ਭਾਸ਼ਣ, ਰੰਗਾਰੰਗ ਨਾਚ ਪ੍ਰਸਤੁਤੀਆਂ ਅਤੇ ਇੱਕ ਅਰਥਪੂਰਨ ਨਾਟਕ ਪੇਸ਼ ਕੀਤਾ ਗਿਆ। ਖਾਸ ਤੌਰ 'ਤੇ 'ਓਪਰੇਸ਼ਨ ਸਿੰਦੂਰ' ਵਿਸ਼ੇ 'ਤੇ ਤਿਆਰ ਕੀਤੇ ਗਏ ਨਾਟਕ ਨੇ ਦਰਸ਼ਕਾਂ ਦੇ ਦਿਲਾਂ ਨੂੰ ਛੂਹ ਲਿਆ।



ਸੰਤ ਹੀਰਾ ਦਾਸ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਕਾਲਾ ਸੰਘਿਆਂ ਵਿਖੇ ਪ੍ਰਧਾਨ ਇੰਜੀ. ਸੀਤਲ ਸਿੰਘ ਸੰਘਾ, ਮੈਨੇਜਿੰਗ ਡਾਇਰੈਕਟਰ ਡਾ. ਰਾਮ ਮੂਰਤੀ, ਸੈਕਰੇਟਰੀ ਸੰਜੀਵ ਕੁਮਾਰ, ਪ੍ਰਿੰਸੀਪਲ ਕਰੁਣਾ ਕਟੌਚ, ਲਹਿੰਬਰ ਸਿੰਘ ਸੰਘਾ ਵੱਲੋਂ ਗਣਤੰਤਰਤਾ ਦਿਵਸ ਮੌਕੇ ਤਿਰੰਗਾ ਲਹਿਰਾਉਣ ਦੀ ਰਸਮ ਸਟਾਫ਼ ਤੇ ਬੱਚਿਆਂ ਦੀ ਮੌਜੂਦਗੀ ਵਿੱਚ ਅਦਾ ਕੀਤੀ ਗਈ। (ਫੋਟੋ ਤੇ ਵੇਰਵਾ : ਮਨਜੀਤ ਮਾਨ ਕਾਲਾ ਸੰਘਿਆਂ)

30-JAN-PAGE-10.qxd 1/29/2026 9:20 PM Page 1



## ਤਲਵੰਡੀ ਕਲਾਂ ਵਿਖੇ ਲਾਲਾ ਲਾਜਪਤ ਰਾਏ ਦਾ ਜਨਮ ਦਿਨ ਮਨਾਇਆ



**ਜਗਰਾਉਂ (ਅਮਿਤ ਖੰਨਾ)**-ਮਹਾਨ ਦੇਸ਼ ਭਗਤ ਲਾਲਾ ਲਾਜਪਤ ਰਾਏ ਦਾ 161ਵਾਂ ਜਨਮ ਦਿਹਾੜਾ ਐੱਮ. ਐੱਲ. ਡੀ. ਸੀਨੀ: ਸੈਕੰ: ਸਕੂਲ ਤਲਵੰਡੀ ਕਲਾਂ ਵਿਖੇ ਮਨਾਇਆ ਗਿਆ। ਇਸ ਮੌਕੇ ਸਮੂਹ ਸਟਾਫ ਵੱਲੋਂ ਲਾਲਾ ਰਾਜਪਤ ਰਾਏ ਦੀ ਤਸਵੀਰ ਅੱਗੇ ਫੁੱਲ ਮਾਲਾਵਾਂ ਭੇਟ ਕੀਤੀਆ ਗਈਆਂ।ਲਾਲਾ ਜੀ ਨੇ ਬੈਰਿਸਟਰ ਹੁੰਦਿਆਂ ਹੋਇਆਂ ਵੀ ਆਪਣਾ ਸਮੁੱਚਾ ਜੀਵਨ ਦੇਸ਼ ਸੇਵਾ ਦੇ ਲੇਖੇ ਲਾਇਆ।ਪ੍ਰਿੰਸੀਪਲ ਬਲਦੇਵ ਬਾਵਾ ਨੇ ਲਾਲਾ ਦੇ ਜਨਮ ਦਿਹਾੜੇ ਮੌਕੇ ਵਧਾਈ ਦਿੰਦਿਆਂ ਕਿਹਾ ਕਿ ਅੱਜ ਅਸੀਂ ਮਹਾਨ ਦੇਸ਼ ਭਗਤਾਂ, ਸੂਰਬੀਰ ਯੋਧਿਆਂ, ਗਦਰੀ ਬਾਬਿਆਂ ਅਤੇ ਲਾਲਾ ਲਾਜਪਤ ਰਾਏ ਵਰਗੇ ਦੇਸ਼ ਭਗਤਾਂ ਦੀ ਕੁਰਬਾਨੀ ਸਦਕਾ ਹੀ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ। ਲਾਲਾ ਲਾਜਪਤ ਰਾਏ ਦੇ ਜਨਮ ਅਸਥਾਨ ਪਿੰਡ ਢੁੱਡੀਕੇ ਵਿਖੇ ਲੋਕ ਦੇਸ਼ ਅਤੇ ਵਿਦੇਸ਼ ਤੋਂ ਆ ਕੇ ਧਰਤੀ ਨੂੰ ਨਤਮਸਤਕ ਹੁੰਦੇ ਹਨ।ਉਹਨਾਂ ਕਿਹਾ ਕਿ ਇਤਿਹਾਸ ਨੇ ਲਾਲਾ ਲਾਜਪਤ ਰਾਏ ਜੀ ਨੂੰ ਪੰਜਾਬ ਕੇਸਰੀ ਦੇ ਖਿਤਾਬ ਨਾਲ ਨਿਵਾਜਿਆ।ਲਾਲਾ ਜੀ ਨੇ ਆਪਣੇ ਕ੍ਰਾਂਤੀਕਾਰੀ ਵਿਚਾਰਾਂ ਨਾਲ ਪੂਰੇ ਦੇਸ਼ ਵਿੱਚ ਆਜ਼ਾਦੀ ਦੀ ਲਹਿਰ ਨੂੰ ਪ੍ਰਚੰਡ ਕੀਤਾ ਅਤੇ ਆਪਣੀ ਦੂਰ-ਅੰਦੇਸ਼ੀ ਸਦਕਾ ਦੇਸ਼ ਵਿੱਚ ਡੀ. ਏ. ਵੀ. ਸਕੂਲ, ਕਾਲਜ ਅਤੇ ਸਿੱਖਿਆ ਸੰਸਥਾਵਾਂ ਅਤੇ ਪੰਜਾਬ ਨੈਸ਼ਨਲ ਬੈਂਕ ਦੀ ਸਥਾਪਨਾ ਕੀਤੀ।ਉਹਨਾਂ ਔਰਤਾਂ ਦੇ ਵੱਧ ਅਧਿਕਾਰਾਂ ਦੀ ਪ੍ਰੋੜ੍ਹਤਾ ਕੀਤੀ।ਸਮਾਜਿਕ ਬੁਰਾਈਆਂ ਜਾਤੀਵਾਦ ਅਤੇ ਛੂਤ-ਛਾਤ ਦੀ ਆਲੋਚਨਾ ਕੀਤੀ।ਅੰਤ ਸਾਈਮਨ ਕਮਿਸ਼ਨ ਦਾ ਵਿਰੋਧ ਕਰਦਿਆਂ ਦੇਸ਼ ਲਈ ਕੁਰਬਾਨੀ ਦਿੱਤੀ।

## ਧੂਰੀ ਸ਼ਹਿਰ 'ਚ 4.78 ਕਰੋੜ ਰੁਪਏ ਦੇ ਸੁੰਦਰੀਕਰਨ ਤੇ ਵਿਕਾਸ ਪ੍ਰੋਜੈਕਟਾਂ ਦੀ ਸ਼ੁਰੂਆਤ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿਨੀ ਗਰਗ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਧੂਰੀ ਸ਼ਹਿਰ ਦੇ ਸਰਵਪੱਖੀ ਵਿਕਾਸ ਅਤੇ ਆਧੁਨਿਕ ਸ਼ਹਿਰੀ ਢਾਂਚੇ ਨੂੰ ਮਜ਼ਬੂਤ ਕਰਨ ਦੀ ਦਿਸ਼ਾ ਵਿੱਚ ਇੱਕ ਵੱਡਾ ਕਦਮ ਚੁੱਕਦੇ ਹੋਏ ਮੁੱਖ ਮੰਤਰੀ ਦੇ ਓ.ਐਸ.ਡੀ ਸੁਖਵੀਰ ਸਿੰਘ ਵੱਲੋਂ ਧੂਰੀ ਹਲਕੇ ਵਿੱਚ ਕੁੱਲ 4.78 ਕਰੋੜ ਰੁਪਏ ਦੀ ਲਾਗਤ ਨਾਲ ਹੋਣ ਵਾਲੇ ਸੁੰਦਰੀਕਰਨ ਅਤੇ ਵਿਕਾਸ ਕਾਰਜਾਂ ਦੀ ਸ਼ੁਰੂਆਤ ਕਰਵਾਈ ਗਈ। ਇਸ ਮੌਕੇ ਉਨ੍ਹਾਂ ਕਿਹਾ ਕਿ ਧੂਰੀ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਸਮੇਤ ਸੁੰਦਰੀਕਰਨ ਵੱਲ ਵੀ ਪੰਜਾਬ ਸਰਕਾਰ ਵੱਲੋਂ ਵਿਸ਼ੇਸ਼ ਤਵੱਜੋ ਦਿੱਤੀ ਜਾ ਰਹੀ ਹੈ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਧੂਰੀ ਹਲਕੇ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦੀ ਖੁਦ ਨਿਗਰਾਨੀ ਕਰ ਰਹੇ ਹਨ।ਓ.ਐਸ.ਡੀ. ਸੁਖਵੀਰ ਸਿੰਘ ਨੇ ਧੂਰੀ ਦੇ ਵਾਰਡ ਨੰਬਰ 18 ਵਿਖੇ ਕਰੀਬ 47 ਲੱਖ ਰੁਪਏ ਅਤੇ ਵਾਰਡ ਨੰਬਰ 1 ਵਿਖੇ ਕਰੀਬ 70 ਲੱਖ ਰੁਪਏ ਦੀ ਲਾਗਤ ਨਾਲ ਹੋਣ ਵਾਲੇ ਵਿਕਾਸ ਕਾਰਜਾਂ ਦੀ ਸ਼ੁਰੂਆਤ ਕਰਵਾਉਂਦਿਆਂ ਕਿਹਾ ਕਿ ਇਨ੍ਹਾਂ ਵਾਰਡਾਂ ਵਿੱਚ ਨਵੀਂ ਬਲਾਕ ਟਾਇਲਾਂ ਲਗਾਉਣ ਸਮੇਤ ਹੋਰ ਬੁਨਿਆਦੀ ਢਾਂਚੇ ਦਾ ਵਿਕਾਸ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਵਾਰਡ ਨੰਬਰ 1 ਵਿੱਚ ਸੀਵਰੇਜ ਦੀ ਸਮੱਸਿਆ ਦੇ ਸਥਾਈ ਹੱਲ ਲਈ ਖ਼ਾਕਾ ਤਿਆਰ ਕਰ ਲਿਆ ਗਿਆ ਹੈ ਤੇ ਬਹੁਤ ਜਲਦ ਇਸ ਸਮੱਸਿਆ ਨੂੰ ਖ਼ਤਮ ਕਰ ਦਿੱਤਾ ਜਾਵੇ।ਧੂਰੀ ਸ਼ਹਿਰ ਵਿੱਚ ਵਿਕਾਸ ਕਾਰਜ ਸ਼ੁਰੂ ਕਰਵਾਉਣ ਸਮੇਤ ਅੱਜ ਧੂਰੀ ਦੇ ਐਂਟਰੀ ਪੁਆਇੰਟਾਂ ਦੇ ਕਰੀਬ 3.61 ਕਰੋੜ ਰੁਪਏ ਨਾਲ ਹੋਣ ਵਾਲੇ ਸੁੰਦਰੀਕਰਨ ਦੇ ਪ੍ਰੋਜੈਕਟਾਂ ਦੀ ਸ਼ੁਰੂਆਤ ਕਰਦਿਆਂ ਓ.ਐਸ.ਡੀ. ਸੁਖਵੀਰ ਸਿੰਘ ਨੇ ਕਿਹਾ ਕਿ ਮਲੇਰਕੋਟਲਾ ਵਾਲੇ ਪਾਸੇ ਤੋਂ ਧੂਰੀ ਦੇ ਮੁੱਖ ਐਂਟਰੀ ਪੁਆਇੰਟ ਦੇ ਸੁੰਦਰੀਕਰਨ ਅਤੇ ਅਪਗ੍ਰੇਡੇਸ਼ਨ 'ਤੇ ਕਰੀਬ 1.90 ਕਰੋੜ ਰੁਪਏ ਨਾਲ ਅਤੇ ਬਾਗੜੀਆਂ/ਨਾਭਾ ਵਾਲੇ ਪਾਸੇ ਤੋਂ ਧੂਰੀ ਦੇ ਐਂਟਰੀ ਪੁਆਇੰਟ ਦੇ ਸੁੰਦਰੀਕਰਨ ਅਤੇ ਅਪਗ੍ਰੇਡੇਸ਼ਨ 'ਤੇ ਕਰੀਬ 1.71 ਕਰੋੜ ਰੁਪਏ ਖਰਚ ਕੀਤੇ ਜਾਣਗੇ ਜਿਸ ਨਾਲ ਸ਼ਹਿਰ ਦੇ ਦਾਖ਼ਲੇ ਨੂੰ ਆਕਰਸ਼ਕ ਦਿੱਖ ਪ੍ਰਦਾਨ ਕੀਤੀ ਜਾਵੇਗੀ।

## ਘਰ ਕੀਤਾ ਜਾ ਰਿਹਾ ਜਣੇਪਾ ਰੋਕ ਕੇ ਸਰਕਾਰੀ ਹਸਪਤਾਲ 'ਚ ਕਰਾਈ ਡਲਿਵਰੀ



**ਮਮਦੋਟ (ਜਸਬੀਰ ਸਿੰਘ ਕੰਬੋਜ)**-ਸਿਹਤ ਵਿਭਾਗ ਦੀ ਚੌਕਸੀ ਦੇ ਚੱਲਦਿਆਂ ਇੱਕ ਗ਼ੈਰ ਸਿੱਖਿਅਤ ਆਰ ਐਮ ਪੀ ਤੇ ਉਸਦੀ ਸਹਿਯੋਗੀ ਦਾਈ ਵੱਲੋਂ ਘਰੇ ਹੀ ਜਣੇਪਾ ਕਰਾਉਣ ਦੀ ਕੋਸ਼ਿਸ਼ ਨੂੰ ਰੋਕ ਕੇ ਸਰਕਾਰੀ ਹਸਪਤਾਲ ਮਮਦੋਟ ਵਿਖੇ ਮਾਹਿਰ ਡਾਕਟਰ ਤੇ ਟ੍ਰੇਨਡ ਸਟਾਫ਼ ਦੀ ਨਿਗਰਾਨੀ ਹੇਠ ਸੁਰੱਖਿਅਤ ਜਣੇਪਾ ਕਰਾ ਕੇ ਦੋ ਕੀਮਤੀ ਜਾਨਾਂ ਬਚਾਈਆਂ ਗਈਆਂ। ਜਾਣਕਾਰੀ ਮੁਤਾਬਕ ਲੱਖੋ ਕੇ ਬਹਿਰਾਮ ਅਧੀਨ ਪੈਂਦੇ ਇੱਟਾਂ ਦੇ ਭੱਠੇ 'ਤੇ ਰੂਬੀ ਪਤਨੀ ਪ੍ਰੇਮ ਦੀ ਇੱਕ ਗੈਰ ਸਿੱਖਿਅਤ ਆਰ ਐਮ ਪੀ ਤੇ ਦਾਈ ਵੱਲੋਂ ਘਰੇ ਹੀ ਜਣੇਪਾ ਕਰਵਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ, ਜਿਸਦੀ ਸੂਚਨਾ ਮਿਲਦੇ ਹੀ ਸਿਹਤ ਵਿਭਾਗ ਵੱਲੋਂ ਕਮਿਊਨਿਟੀ ਹੈਲਥ ਅਫ਼ਸਰ ਰਵਿੰਦਰ ਕੌਰ ਤੇ ਮ ਪ ਹ ਵ (ਫ਼ੀਮੇਲ) ਰਵਿੰਦਰ ਕੌਰ ਤੇ ਬਲਜੀਤ ਕੌਰ ਨੇ ਮੌਕੇ 'ਤੇ ਪਹੁੰਚ ਕੇ ਗਰਭਵਤੀ ਔਰਤ ਨੂੰ ਐਂਬੂਲੈਂਸ ਰਾਹੀ ਕਮਿਊਨਿਟੀ ਹੈਲਥ ਸੈਂਟਰ ਮਮਦੋਟ ਭੇਜ ਕੇ ਸਿਹਤ ਵਿਭਾਗ ਦੇ ਟ੍ਰੇਨਡ ਡਾਕਟਰ ਤੇ ਸਟਾਫ਼ ਵੱਲੋਂ ਮੈਡੀਕਲ ਨਿਗਰਾਨੀ ਹੇਠ ਸੁਰੱਖਿਅਤ ਜਣੇਪਾ ਕਰਾਇਆ ਗਿਆ। ਸੀਨੀਅਰ ਮੈਡੀਕਲ ਅਫ਼ਸਰ ਡਾ ਰੇਖਾ ਭੱਟੀ ਨੇ ਦੱਸਿਆ ਕਿ ਇਸ ਘਟਨਾ ਦੀ ਸੂਚਨਾ ਤੁਰੰਤ ਹੀ ਜ਼ਿਲ੍ਹੇ ਦੇ ਅਧਕਾਰੀਆ ਨੂੰ ਦੇ ਦਿੱਤੀ ਗਈ ਹੈ ਤੇ ਗ਼ੈਰ-ਸਿੱਖਿਅਤ ਆਰ.ਐਮ.ਪੀ ਅਤੇ ਦਾਈ ਵੱਲੋਂ ਘਰੇਲੂ ਜਣੇਪੇ ਕਰਾਉਣ 'ਤੇ ਸਖ਼ਤ ਤਾੜਨਾ ਕੀਤੀ ਗਈ।ਇਸਦੇ ਨਾਲ ਹੀ ਜਾਣਕਾਰੀ ਦਿੰਦੇ ਕਿਹਾ ਕਿ ਮਾਂ ਤੇ ਨਵਜੰਮੇ ਬੱਚੇ ਦੀ ਸਿਹਤ ਬਿਲਕੁਲ ਤੰਦਰੁਸਤ ਹੈ ਤੇ ਉਨ੍ਹਾ ਲੋਕਾਂ ਨੂੰ ਅਪੀਲ ਕੀਤੀ ਕਿ ਗ਼ੈਰ ਸਿੱਖਿਅਤ ਆਰ ਐਮ ਪੀ ਤੇ ਦਾਈ ਤੋਂ ਜਣੇਪਾ ਨਾ ਕਰਾਇਆ ਜਾਵੇ, ਜਿਸ ਕਰਕੇ ਮਾਂ ਤੇ ਬੱਚੇ ਦੋਹਾਂ ਦੀ ਜਾਨ ਨੂੰ ਖ਼ਤਰਾ ਹੋ ਸਕਦਾ ਹੈ।

## ਸਮਾਜ ਸੇਵੀ ਬ੍ਰਿਸ਼ਭਾਨ ਬੁਜਰਕ ਦਾ ਗਣਤੰਤਰ ਦਿਵਸ 'ਤੇ ਸਨਮਾਨ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਪਾਤੜਾਂ ਇਲਾਕੇ ਦੇ ਉੱਘੇ ਸਮਾਜ ਸੇਵੀ ਬ੍ਰਿਸ਼ਭਾਨ ਬੁਜਰਕ ਦਾ ਗਣਤੰਤਰ ਦਿਵਸ ਮੌਕੇ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ।ਉਨ੍ਹਾ ਵੱਲੋਂ ਸਮਾਜ ਸੇਵਾ ਦੇ ਕੰਮਾਂ ਵਿੱਚ ਵਧ ਚੜ੍ਹ ਕੇ ਯੋਗਦਾਨ ਪਾਇਆ ਜਾ ਰਿਹਾ ਹੈ।ਉਪ ਮੰਡਲ ਮਜਿਸਟਰੇਟ ਅਸ਼ੋਕ ਕੁਮਾਰ ਅਤੇ ਤਹਿਸੀਲਦਾਰ ਸਵਪਨਦੀਪ ਕੌਰ ਵੱਲੋਂ ਕਿਰਤੀ ਕਾਲਜ ਨਿਆਲ ਵਿਖੇ ਮਨਾਏ ਗਏ ਗਣਤੰਤਰ ਦਿਵਸ ਮੌਕੇ ਉਨ੍ਹਾਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਬ੍ਰਿਸ਼ਭਾਨ ਬੁਜਰਕ ਨੇ ਕਿਹਾ ਕਿ ਉਨ੍ਹਾਂ ਵੱਲੋਂ ਕਰੋਨਾ ਕਾਲ ਸਮੇਂ ਪਾਤੜਾਂ ਸ਼ਹਿਰ ਦੇ ਰਾਮਬਾਗ ਵਿੱਚ ਬਿਨਾਂ ਕਿਸੇ ਡਰ ਭੈ ਤੋਂ ਸਮਾਜ ਸੇਵਾ ਕੀਤੀ ਗਈ ਅਤੇ ਕਰੋਨਾ ਕਾਰਨ ਹੋਣ ਵਾਲੀਆਂ ਮੌਤਾਂ ਤੋਂ ਬਾਅਦ ਰਾਮ ਬਾਗ 'ਚ ਆਉਣ ਵਾਲੇ ਮ੍ਰਿਤਕ ਸਰੀਰਾਂ ਦੇ ਅੰਤਿਮ ਸੰਸਕਾਰ ਕੀਤੇ। ਅੱਤ ਦੀ ਗਰਮੀ ਚ ਲੋਕ ਆਪਣੇ ਘਰਾਂ 'ਚ ਬੈਠੇ ਹੁੰਦੇ ਸਨ, ਪਰ ਉਹ ਕਰੋਨਾ ਦੇ ਦੌਰ 'ਚ ਸਸਕਾਰ ਕਰਦੇ ਸਨ।ਇਸ ਤੋਂ ਇਲਾਵਾ ਹੋਰ ਵੀ ਸਮਾਜ ਸੇਵਾ ਦੇ ਕੰਮਾਂ ਵਿੱਚ ਉਨ੍ਹਾਂ ਵੱਲੋਂ ਯੋਗਦਾਨ ਪਾਇਆ ਜਾ ਰਿਹਾ ਹੈ। ਜੇਕਰ ਰਾਮ ਬਾਗ ਦੇ ਵਿੱਚ ਕੋਈ ਲਵਾਰਸ ਲਾਸ਼ ਆਉਂਦੀ ਹੈ ਤਾਂ ਉਸ ਦਾ ਸਸਕਾਰ ਕਰਨ ਤੋਂ ਬਾਅਦ ਉਹ ਉਸ ਦੇ ਫੁੱਲ ਗੜ੍ਹੀ ਸਾਹਿਬ ਪਾ ਕੇ ਆਉਂਦੇ ਹਨ। ਕਿਸੇ ਲੋੜਵੰਦ ਵਿਅਕਤੀ ਨੂੰ ਕਿਸੇ ਵੀ ਤਰ੍ਹਾਂ ਦੀ ਜ਼ਰੂਰਤ ਹੁੰਦੀ ਹੈ ਤਾਂ ਉਹ ਦਾਨੀ ਸੱਜਣਾਂ ਦੀ ਮਦਦ ਦੇ ਨਾਲ ਉਹਨਾਂ ਦੀ ਜ਼ਰੂਰਤ ਪੂਰੀ ਕਰਵਾਉਂਦੇ ਹਨ। ਬੁਜਰਕ ਪਿਛਲੇ 30 ਸਾਲਾਂ ਤੋਂ ਬਿਨਾਂ ਕਿਸੇ ਸਵਾਰਥ ਤੋਂ ਸਮਾਜ ਸੇਵਾ ਦੇ ਕੰਮ ਕਰ ਰਹੇ ਹਨ।

## ਦੇਸ਼ ਭਗਤ 'ਵਰਸਿਟੀ ਵੱਲੋਂ ਏ ਆਈ ਸਿੱਖਿਆ ਸੰਬੰਧੀ ਭਾਈਵਾਲੀ




**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)**-ਦੇਸ਼ ਭਗਤ ਯੂਨੀਵਰਸਿਟੀ (ਡੀ ਬੀ ਯੂ) ਨੇ ਔਰੇਂਜਸ਼ਾਰਕ ਏ ਆਈ ਟੈਕਨਾਲੋਜੀਜ਼ ਪ੍ਰਾਈਵੇਟ ਲਿਮਟਿਡ ਦੇ ਇੱਕ ਡਿਵੀਜ਼ਨ, ਨੀਵਏਆਈ ਨਾਲ ਅਕਾਦਮਿਕ-ਉਦਯੋਗ ਭਾਈਵਾਲੀ ਸਥਾਪਤ ਕਰ ਕੇ ਭਾਰਤ ਦੀ ਪਹਿਲੀ ਯੂਨੀਵਰਸਿਟੀ ਬਣ ਗਈ ਹੈ।ਇਹ ਸਹਿਯੋਗ ਉਦਯੋਗ-ਏਕੀਕ੍ਰਿਤ, ਵਿਸ਼ਵ ਪੱਧਰ 'ਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਸਿੱਖਿਆ ਪ੍ਰਦਾਨ ਕਰਦਾ ਹੈ।ਡੀ ਬੀ ਯੂ ਕੈਂਪਸ ਵਿੱਚ ਡਾ. ਹਰਸ਼ ਸਦਾਵਰਤੀ, ਵਾਈਸ ਚਾਂਸਲਰ ਅਤੇ ਡਾ. ਅਰਜੁਨ ਸਿੰਘ ਬੇਦੀ, ਨੀਵਏਆਈ ਦੇ ਸੰਸਥਾਪਕ ਦੁਆਰਾ ਚਾਂਸਲਰ ਡਾ. ਜ਼ੋਰਾ ਸਿੰਘ ਦੀ ਮੌਜੂਦਗੀ ਵਿੱਚ ਸਮਝੌਤਾ ਪੱਤਰ (ਐਮ ਓ ਯੂ) 'ਤੇ ਹਸਤਾਖਰ ਕੀਤੇ। ਇਹ ਗਠਜੋੜ ਅਸਲ-ਸੰਸਾਰ ਉਦਯੋਗ ਅਭਿਆਸਾਂ ਨੂੰ ਅੰਤਰਰਾਸ਼ਟਰੀ ਅਕਾਦਮਿਕ ਮਿਆਰਾਂ ਨਾਲ ਮਿਲਾਉਂਦਾ ਹੈ।ਇਹ ਬੀ.ਟੈਕ ਸੀ ਐਸ ਈ (ਆਰਟੀਫੀਸ਼ੀਅਲ ਇੰਟੈਲੀਜੈਂਸ) ਦੇ ਵਿਦਿਆਰਥੀਆਂ ਨੂੰ ਏ ਆਈ ਸਿਖਲਾਈ, ਗਲੋਬਲ ਖੋਜ ਅਤੇ ਨਵੀਨਤਾ-ਅਧਾਰਤ ਅਨੁਭਵਾਂ ਨਾਲ ਲੈਸ ਕਰਦਾ ਹੈ।ਇਸ ਮੌਕੇ ਨੀਵ ਏਆਈ ਦੀ ਸੀਨੀਅਰ ਗਲੋਬਲ ਲੀਡਰਸ਼ਿਪ ਡਾ. ਅਰਜੁਨ ਸਿੰਘ ਬੇਦੀ; ਸ਼੍ਰੀ ਲੌਰੈਂਟ ਜੈਰੀ, ਸ਼੍ਰੀ ਸ਼ਿਖਰ ਦੂਬੇ ਅਤੇ ਸ਼੍ਰੀ ਸ਼ਿਵੇਂਦਰ ਸੋਫਤ ਅਤੇ ਡੀ ਬੀ ਯੂ ਦੀ ਨੁਮਾਇੰਦਗੀ ਡਾ. ਖੁਸ਼ਬੂ ਬਾਂਸਲ, ਡਿਪਟੀ ਡਾਇਰੈਕਟਰ-ਇੰਜੀਨੀਅਰਿੰਗ ਅਤੇ ਸੀਨੀਅਰ ਫੈਕਲਟੀ ਨੇ ਕੀਤੀ।ਇਸ ਮੌਕੇ ਚਾਂਸਲਰ ਡਾ. ਜ਼ੋਰਾ ਸਿੰਘ ਨੇ ਕਿਹਾ ਕਿ ਦੇਸ਼ ਭਗਤ ਯੂਨੀਵਰਸਿਟੀ ਹਰੇਕ ਕਾਰਜ ਲਈ ਮੋਹਰੀ ਹੈ।

## ਮਨਰੇਗਾ ਕਾਨੂੰਨ ਖਤਮ ਕਰਨ ਵਿਰੁੱਧ ਕਾਂਗਰਸ ਵੱਲੋਂ ਲਾਮਬੰਦੀ ਤੇਜ਼



**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**
ਕਾਂਗਰਸ ਪਾਰਟੀ ਵਲੋਂ ਹਲਕਾ ਸ਼ੁਤਰਾਣਾ ਦੇ ਪਿੰਡਾਂ ਵਿੱਚ ਕੇਂਦਰ ਸਰਕਾਰ ਵੱਲੋਂ ਲਾਗੂ ਕੀਤੇ ਗਏ ਮਨਰੇਗਾ ਕਾਨੂੰਨ ਲਾਮਬੰਦੀ ਤੇਜ਼ ਕਰ ਦਿੱਤੀ ਗਈ ਹੈ। ਇਸੇ ਲੜੀ ਤਹਿਤ ਹਲਕੇ ਦੇ ਪਿੰਡ ਮਰੋੜੀ, ਅਰਾਈਂ ਮਾਜਰਾ ਅਤੇ ਅਰਨੇਟੂ ਵਿਖੇ ਕਾਂਗਰਸ ਐੱਸ ਸੀ ਸੈੱਲ ਦੇ ਪੰਜਾਬ ਦੇ ਕੋਆਰਡੀਨੇਟਰ ਨਛੱਤਰ ਸਿੰਘ ਦੀ ਅਗਵਾਈ ਵਿੱਚ ਮਨਰੇਗਾ ਕਾਮਿਆਂ ਦੀਆਂ ਭਰਵੀਆਂ ਚੌਪਾਲ ਮੀਟਿੰਗਾਂ ਕੀਤੀਆ ਗਈਆਂ।ਜੁੜੇ ਇਕੱਠਾਂ ਨੂੰ ਸੰਬੋਧਨ ਕਰਦੇ ਹੋਏ ਰਾਜੀਵ ਗਾਂਧੀ ਪੰਚਾਇਤੀ ਰਾਜ ਸੰਗਠਨ ਦੇ ਰਾਸ਼ਟਰੀ ਟ੍ਰੇਨਰ ਡਾਕਟਰ ਨਰਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਕੇਂਦਰ ਦੀ ਭਾਜਪਾ ਸਰਕਾਰ ਨੇ ਮਨਰੇਗਾ ਕਾਨੂੰਨ ਖਤਮ ਕਰਕੇ ਮਹਾਤਮਾ ਗਾਂਧੀ ਦਾ ਦੂਜੀ ਵਾਰ ਕਤਲ ਕੀਤਾ ਹੈ। ਪਹਿਲਾਂ ਆਰ ਐਸ ਐਸ ਦੇ ਇਕ ਫਿਰਕੂ ਜਾਨੂੰਨੀ ਨੇ ਗਾਂਧੀ ਜੀ ਦਾ ਸਰੀਰਕ ਰੂਪ ਵਿੱਚ ਕਤਲ ਕੀਤਾ ਸੀ ਤੇ ਹੁਣ ਦੂਜੀ ਵਾਰ ਭਾਜਪਾ ਸਰਕਾਰ ਨੇ ਗਾਂਧੀ ਜੀ ਦੀ ਪਿੰਡਾਂ ਦੇ ਵਿਕਾਸ ਅਤੇ ਗ਼ਰੀਬਾਂ ਨੂੰ ਸਮਰੱਥ ਬਣਾਉਣ ਲਈ ਸਵਰਾਜ ਅਤੇ ਸਰਵੋਦਿਆ ਅਧਾਰਤ ਵਿਚਾਰਧਾਰਾ ਦਾ ਕਤਲ ਕਰਨ ਲਈ ਅਤੇ ਕਾਰਪੋਰੇਟ ਘਰਾਣਿਆਂ ਦੁਆਰਾ ਮਜ਼ਦੂਰਾਂ ਦੀ ਲੁੱਟ ਦਾ ਰਾਹ ਪੱਧਰਾ ਕਰਨ ਲਈ ਨਵਾਂ ਕਾਨੂੰਨ ਵੀਬੀ ਜੀ ਰਾਮ ਜੀ ਲਿਆਂਦਾ ਹੈ । ਨਵੇਂ ਕਾਨੂੰਨ ਰਾਹੀਂ ਨਾ ਸਿਰਫ ਗਾਂਧੀ ਜੀ ਦਾ ਅਪਮਾਨ ਕੀਤਾ ਗਿਆ ਹੈ ਸਗੋਂ ਇਹ ਸੰਵਿਧਾਨ ਦੇ ਫੈਡਰਲ ਢਾਂਚੇ ਦੀ ਭਾਵਨਾ ਦੇ ਉਲਟ ਰਾਜ ਸਰਕਾਰਾਂ ਤੇ ਵਾਧੂ ਵਿੱਤੀ ਬੋਝ ਵੀ ਪਾਉਂਦਾ ਹੈ। ਉਹਨਾਂ ਦੱਸਿਆ ਕਿ ਮਨਰੇਗਾ ਕਾਨੂੰਨ ਤਹਿਤ ਕੇਂਦਰ ਸਰਕਾਰ ਮਨਰੇਗਾ ਦੇ ਕੁਲ ਖਰਚੇ ਦਾ ਘੱਟੋ ਘੱਟ 90 ਪ੍ਰਤੀਸ਼ਤ ਹਿੱਸਾ ਦੇਣ ਲਈ ਪਾਬੰਦ ਸੀ ਅਤੇ ਰਾਜ ਸਰਕਾਰਾਂ ਨੂੰ ਵੱਧ ਤੋਂ ਵੱਧ ਕੇਵਲ 10 ਪ੍ਰਤੀਸ਼ਤ ਹਿੱਸਾ ਹੀ ਪਾਉਣਾ ਪੈਂਦਾ ਸੀ । ਹੁਣ ਨਵੇਂ ਕਾਨੂੰਨ ਤਹਿਤ ਕੇਂਦਰ ਨੇ ਆਪਣਾ ਹਿੱਸਾ ਘਟਾ ਕੇ 60 ਪ੍ਰਤੀਸ਼ਤ ਕਰ ਦਿੱਤਾ ਹੈ ਅਤੇ ਰਾਜ ਸਰਕਾਰਾਂ ਦੀ ਹਿੱਸੇਦਾਰੀ ਵਧਾ ਕੇ 40 ਪ੍ਰਤੀਸ਼ਤ ਕਰ ਦਿੱਤੀ ਹੈ, ਜੋ ਕਿ ਕਿਸੇ ਵੀ ਰਾਜ ਸਰਕਾਰ ਲਈ ਲਾਗੂ ਕਰਨਾ ਸੰਭਵ ਨਹੀਂ ਹੋਵੇਗਾ। ਅਜਿਹਾ ਕਰਕੇ ਕੇਂਦਰ ਦੀ ਭਾਜਪਾ ਸਰਕਾਰ ਨੇ ਮਜ਼ਦੂਰਾਂ ਦੇ ਰੁਜ਼ਗਾਰ ਦੇ ਹੱਕ ਦਾ ਭੋਗ ਪਾ ਦਿੱਤਾ ਹੈ।ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਨਛੱਤਰ ਸਿੰਘ ਅਰਾਈਂ ਮਾਜਰਾ ਨੇ ਕਿਹਾ ਕਾਂਗਰਸ ਪਾਰਟੀ ਵਲੋਂ ਉਹ ਪੂਰੇ ਹਲਕੇ ਦੇ ਹਰ ਪਿੰਡ ਵਿੱਚ ਉਹ ਮਨਰੇਗਾ ਮਜ਼ਦੂਰਾਂ ਨੂੰ ਸਰਕਾਰ ਦੀਆਂ ਘਟੀਆ ਚਾਲਾਂ ਤੋਂ ਮਨਰੇਗਾ ਮਜ਼ਦੂਰਾਂ ਨੂੰ ਚੇਤੰਨ ਕਰਦੇ ਲੰਬੇ ਤੇ ਵਿਸ਼ਾਲ ਅੰਦੋਲਨ ਦੀ ਤਿਆਰੀ ਲਈ ਲਾਮਬੰਦੀ ਕਰਨਗੇ। ਇਸ ਮੌਕੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਡੇਲੀਗੇਟ ਪ੍ਰਿਤਪਾਲ ਸਿੰਘ ਸ਼ਾਹਪੁਰ ਨੇ ਕਿਹਾ ਅਸੀਂ ਮਨਰੇਗਾ ਕਾਨੂੰਨ ਲਈ ਪੂਰੀ ਤਾਕਤ ਝੋਕ ਦਿਆਂਗੇ। ਇਸ ਦੌਰਾ ਗੁਰਸੇਵਕ ਸਿੰਘ ਭੰਗੂ, ਗੁਰਪ੍ਰੀਤ ਸਿੰਘ, ਹੈਪੀ ਮਵੀ ਅਤੇ ਗੁਰਨਾਮ ਸਿੰਘ ਸਾਬਕਾ ਸਰਪੰਚ ਮਰੋੜੀ ਹਾਜ਼ਰ ਸਨ।

## ਕ੍ਰਿਸ਼ੀ ਉਨਤੀ ਯੋਜਨਾ ਦਾ ਐਕਸ਼ਨ ਪਲੈਨ ਤਿਆਰ ਕਰਨ ਲਈ ਮੀਟਿੰਗ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਕ੍ਰਿਸ਼ੀ ਉਨਤੀ ਯੋਜਨਾ ਆਤਮਾ ਦਾ ਸਾਲ 2026-27 ਦਾ ਐਕਸ਼ਨ ਪਲੈਨ ਤਿਆਰ ਕਰਨ ਲਈ ਸਮੂਹ ਵਿਭਾਗਾਂ ਦੇ ਮੁੱਖੀ, ਸਮੂਹ ਬਲਾਕ ਖੇਤੀਬਾੜੀ ਅਫਸਰ-ਕਮ-ਬੀ.ਟੀ.ਟੀ. ਕਨਵੀਨਰ ਆਤਮਾ ਅਤੇ ਅਗਾਂਹਵਧੂ ਕਿਸਾਨਾਂ ਨਾਲ ਮੁੱਖ ਖੇਤੀਬਾੜੀ ਅਫਸਰ ਮੈਡਮ ਹਰਪ੍ਰੀਤ ਪਾਲ ਕੌਰ ਵੱਲੋਂ ਅਹਿਮ ਮੀਟਿੰਗ ਕੀਤੀ ਗਈ।ਮੀਟਿੰਗ ਦੌਰਾਨ ਉਨ੍ਹਾਂ ਖੇਤੀਬਾੜੀ ਦੀ ਨਵੀਨਤਮ ਤਕਨੀਕਾਂ ਬਾਰੇ ਜਾਣੂ ਕਰਵਾਉਣ ਅਤੇ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨ ਵਾਲੇ ਸਹਾਇਕ ਧੰਦਿਆਂ ਨਾਲ ਜੋੜਨ ਲਈ ਕੀਤੇ ਜਾਣ ਵਾਲੇ ਉਪਰਾਲਿਆਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਸਾਲ 2025-26 ਦੌਰਾਨ ਕੀਤੀਆਂ ਗਈਆਂ ਗਤੀਵਿਧੀਆਂ ਬਾਰੇ ਜਾਣੂ ਕਰਵਾਇਆ ਗਿਆ ਅਤੇ ਸਾਲ 2026-27 ਦੌਰਾਨ ਕੀਤੀਆਂ ਜਾਣ ਵਾਲੀਆਂ ਗਤੀਵਿਧੀਆਂ ਸਬੰਧੀ ਐਕਸ਼ਨ ਪਲਾਨ ਬਣਾਉਣ ਲਈ ਕਿਹਾ ਗਿਆ ਤਾਂ ਜੋ ਸਹੀ ਸਮੇ 'ਤੇ ਸਹੀ ਜਾਣਕਾਰੀ ਕਿਸਾਨਾਂ ਨੂੰ ਮੁੱਹਈਆ ਕਰਵਾਈ ਜਾ ਸਕੇ।

## ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਲੱਡੂਆਂ ਦਾ ਲੰਗਰ



**ਜਗਰਾਉਂ (ਸੰਜੀਵ ਅਰੋੜਾ)**-ਜਗਰਾਉਂ ਦੀ ਸਭ ਤੋਂ ਵੱਡੀ ਸਮਾਜ ਸੇਵੀ ਸੰਸਥਾ ਲੋਕ ਸੇਵਾ ਸੁਸਾਇਟੀ ਜਗਰਾਉਂ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਦੀ ਖ਼ੁਸ਼ੀ ਵਿੱਚ ਸਜਾਏ ਨਗਰ ਕੀਰਤਨ ਮੌਕੇ ਲੱਡੂਆਂ ਦਾ ਲੰਗਰ ਲਗਾਇਆ ਗਿਆ। ਸੁਸਾਇਟੀ ਦੇ ਚੇਅਰਮੈਨ ਗੁਲਸ਼ਨ ਅਰੋੜਾ, ਪ੍ਰਧਾਨ ਮਦਨ ਲਾਲ ਅਰੋੜਾ, ਸੈਕਟਰੀ ਡਾਕਟਰ ਕੁਲਭੂਸ਼ਨ ਗੁਪਤਾ ਅਤੇ ਕੈਸ਼ੀਅਰ ਸੁਨੀਲ ਬਜਾਜ ਦੀ ਅਗਵਾਈ ਵਿੱਚ ਸਥਾਨਕ ਰਮੇਸ਼ ਮੈਡੀਕਲ ਹਾਲ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਦੀ ਖ਼ੁਸ਼ੀ ਵਿੱਚ ਸਜਾਏ ਨਗਰ ਕੀਰਤਨ ਦੌਰਾਨ ਲੱਡੂਆਂ ਦੀ ਸੇਵਾ ਕੀਤੀ ਗਈ ਤੇ ਲੰਗਰ ਲਗਾਇਆ ਗਿਆ। ਇਸ ਮੌਕੇ ਸੁਸਾਇਟੀ ਦੇ ਸਮੂਹ ਮੈਂਬਰਾਂ ਨੇ ਨਗਰ ਕੀਰਤਨ ਵਿੱਚ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਰਾਜ ਜੀ ਦੇ ਸਰੂਪ ਅੱਗੇ ਮੱਥਾ ਟੇਕਿਆ ਅਤੇ ਸਾਰਿਆਂ ਨੂੰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਦੀਆਂ ਵਧਾਈਆਂ ਦਿੱਤੀਆਂ। ਇਸ ਮੌਕੇ ਸੁਸਾਇਟੀ ਦੇ ਵਾਈਸ ਚੇਅਰਮੈਨ ਸੁਖਜਿੰਦਰ ਸਿੰਘ ਢਿੱਲੋਂ ਤੇ ਕੰਵਲ ਕੱਕੜ, ਪ੍ਰੋਜੈਕਟ ਚੇਅਰਮੈਨ ਮਨੋਹਰ ਸਿੰਘ ਟੱਕਰ, ਪ੍ਰੋਜੈਕਟ ਕੈਸ਼ੀਅਰ ਰਜੀਵ ਗੁਪਤਾ ਸਮੇਤ ਜਗਦੀਪ ਸਿੰਘ, ਆਰ. ਕੇ. ਗੋਇਲ, ਕੈਪਟਨ ਨਰੇਸ਼ ਵਰਮਾ, ਕਰ ਭਲਾ ਹੋ ਭਲਾ ਸੁਸਾਇਟੀ ਦੇ ਪ੍ਰਧਾਨ ਵਿਸ਼ਾਲ ਸ਼ਰਮਾ ਤੇ ਬਿਕਰਮ ਬਾਂਸਲ ਆਦਿ ਹਾਜ਼ਰ ਸਨ।

## ਵਿਧਾਇਕ ਦੇਵ ਮਾਨ ਵੱਲੋਂ ਐਡਵੋਕੇਟ ਮੋਹਲ ਦਾ ਸਨਮਾਨ



**ਨਾਭਾ (ਵਰਿੰਦਰ ਵਰਮਾ)**-ਪਿਛਲੇ ਦਿਨੀਂ ਆਮ ਆਦਮੀ ਪਾਰਟੀ ਵੱਲੋਂ ਪੰਜਾਬ ਵਿੱਚ ਵੱਡੇ ਪੱਧਰ 'ਤੇ ਅਲੱਗ ਅਲੱਗ ਵਿੰਗਾਂ ਦੀਆਂ ਨਿਯੁਕਤੀਆਂ ਕੀਤੀਆਂ ਗਈਆਂ।ਜਿਸ ਤਹਿਤ ਬੀ ਸੀ ਵਿੰਗ ਦੀਆਂ ਨਿਯੁਕਤੀਆਂ ਵੀ ਕੀਤੀਆਂ ਗਈਆਂ ਹਨ।ਇਸ ਤਰ੍ਹਾਂ ਐਡਵੋਕੇਟ ਰਜਿੰਦਰ ਸਿੰਘ ਮੋਹਲ ਨਾਭਾ ਨੂੰ ਜ਼ਿਲ੍ਹਾ ਦਿਹਾਤੀ ਪ੍ਰਧਾਨ ਬੀ ਸੀ ਵਿੰਗ ਨਿਯੁਕਤ ਕੀਤਾ ਗਿਆ । ਬੁੱਧਵਾਰ ਐਮ ਐਲ ਏ ਦਫਤਰ ਨਾਭਾ ਵਿਖੇ ਪੁਹੰਚਣ 'ਤੇ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨਾਭਾ ਵੱਲੋਂ ਨਵ ਨਿਯੁਕਤ ਜ਼ਿਲ੍ਹਾ ਦਿਹਾਤੀ ਪ੍ਰਧਾਨ ਬੀ ਸੀ ਵਿੰਗ ਰਾਜਿੰਦਰ ਸਿੰਘ ਮੋਹਲ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਸ ਨਿਯੁਕਤੀ ਨਾਲ ਜ਼ਿਲ੍ਹਾ ਪਟਿਆਲਾ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ।ਵਿਧਾਇਕ ਦੇਵ ਮਾਨ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਹਲਕਾ ਨਾਭਾ ਵਿੱਚ ਵੀ ਮਿਹਨਤੀ ਵਰਕਰਾਂ ਨੂੰ ਅਹੁਦਿਆਂ ਨਾਲ ਨਿਵਾਜਿਆ ਜਾਵੇਗਾ। ਸਨਮਾਨਤ ਹੋਣ ਉਪਰੰਤ ਜ਼ਿਲ੍ਹਾ ਪ੍ਰਧਾਨ ਰਾਜਿੰਦਰ ਸਿੰਘ ਮੋਹਲ ਨੇ ਕਿਹਾ ਕਿ ਪਾਰਟੀ ਵੱਲੋਂ ਦਿੱਤੀ ਗਈ ਜ਼ਿੰਮੇਵਾਰੀ ਨੂੰ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਵਾਂਗਾ । ਇਸ ਮੌਕੇ ਉਨਾਂ ਦੇ ਨਾਲ ਤੇਜਿੰਦਰ ਸਿੰਘ ਖਹਿਰਾ ਡਾਇਰੈਕਟਰ, ਸਾਬਕਾ ਚੇਅਰਮੈਨ ਇੰਪਰੂਵਮੈਂਟ ਟਰਸਟ ਅਮਰਦੀਪ ਸਿੰਘ ਖੰਨਾ, ਧਰਮਿੰਦਰ ਸਿੰਘ ਸੁੱਖੇਵਾਲ, ਗੁਰਲਾਲ ਸਿੰਘ ਮੱਲੀ ਚੇਅਰਮੈਨ, ਕੁਲਜੀਤ ਸਿੰਘ ਲੁਹਾਰ ਮਾਜਰਾ, ਯਾਦਵਿੰਦਰ ਸਿੰਘ ਯਾਦੂ, ਸੁਖਦੇਵ ਸਿੰਘ ਮਾਨ, ਜਸਵੀਰ ਸਿੰਘ ਵਜੀਦਪੁਰ, ਪ੍ਰਭ ਰਾਮਗੜ੍ਹੀਆ ਅਤੇ ਹੋਰ ਅਹੁਦੇਦਾਰਾਂ ਮੌਜੂਦ ਸਨ।

## ਕਾਮਰੇਡ ਰੇਸ਼ਮ ਸਿੰਘ ਨਮਿਤ ਸ਼ਰਧਾਂਜਲੀ ਸਮਾਰੋਹ ਅੱਜ

**ਪਾਤੜਾਂ (ਪੱਤਰ ਪ੍ਰੇਰਕ)**
ਭਾਰਤੀ ਕਮਿਊਨਿਸਟ ਪਾਰਟੀ ਮਾਰਕਸਵਾਦੀ ਦੇ ਸੀਨੀਅਰ ਆਗੂ ਤੇ ਇਲਾਕੇ ਦੀ ਨਾਮਵਰ ਸਮਾਜ ਸੇਵੀ ਸੰਸਥਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਕਾਲਜ ਟਰੱਸਟ ਪਾਤਰਾਂ ਦੇ ਮੈਂਬਰ



ਕਾਮਰੇਡ ਰੇਸ਼ਮ ਸਿੰਘ, ਜੋ ਪਿਛਲੇ ਦਿਨੀਂ ਇਸ ਫਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਸਨ, ਉਨ੍ਹਾਂ ਨਮਿੱਤ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਰੋਹ 30 ਜਨਵਰੀ ਨੂੰ ਹੋਵੇਗਾ।ਉਨ੍ਹਾਂ ਦੇ ਸਪੁੱਤਰ ਨਵਤੇਜ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੰਤਿਮ ਅਰਦਾਸ ਸਮਾਗਮ 11 ਤੋਂ 1 ਵਜੇ ਤੱਕ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਪਾਤੜਾਂ ਵਿਖੇ ਹੋਵੇਗਾ।ਉਪਰੰਤ ਹੋਣ ਵਾਲੇ ਸ਼ਰਧਾਂਜਲੀ ਸਮਾਰੋਹ ਦੌਰਾਨ ਵੱਖ-ਵੱਖ ਰਾਜਨੀਤਕ, ਧਾਰਮਿਕ ਤੇ ਸਮਾਜਿਕ ਸ਼ਖ਼ਸੀਅਤਾਂ ਦੇ ਆਗੂ ਕਾਮਰੇਡ ਰੇਸ਼ਮ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਗੇ।

## ਸਰਕਾਰੀ ਹਾਈ ਸਕੂਲ ਮਧੇਕੇ ਦੀ ਖਿਡਾਰਨ ਬਣੀ ਨੈਸ਼ਨਲ ਚੈਂਪੀਅਨ

### ਸਕੂਲ 'ਚ ਹੋਇਆ ਵਿਸ਼ੇਸ਼ ਸਨਮਾਨ ਸਮਰੋਹ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਸਰਕਾਰੀ ਹਾਈ ਸਕੂਲ ਮਧੇਕੇ ਜ਼ਿਲ੍ਹਾ ਮੋਗਾ ਦੀ ਵਿਦਿਆਰਥਣ ਅਮਨਦੀਪ ਕੌਰ ਨੈਸ਼ਨਲ ਲੈਵਲ ਖੋ ਖੋ ਚੈਂਪੀਅਨਸ਼ਿਪ (ਸੂਰਤ ਗੁਜਰਾਤ) ਵਿੱਚ ਪੰਜਾਬ ਦੀ ਟੀਮ ਵੱਲੋਂ ਖੇਡਦਿਆਂ ਮਹਾਰਾਸ਼ਟਰ ਨੂੰ ਹਰਾ ਕੇ ਨੈਸ਼ਨਲ ਚੈਂਪੀਅਨ ਬਣੀ। ਉਸ ਦੀ ਇਸ ਪ੍ਰਾਪਤੀ ਨੇ ਪੂਰੇ ਸਕੂਲ, ਮਾਪਿਆਂ ਅਤੇ ਪਿੰਡ ਦਾ ਨਾਮ ਰੌਸ਼ਨ ਕੀਤਾ। ਇਸ ਵਿਦਿਆਰਥਣ ਨੂੰ ਵਿਸ਼ੇਸ਼ ਤੌਰ 'ਤੇ ਸਕੂਲ ਵਿੱਚ ਸਨਮਾਨ ਸਮਾਰੋਹ ਰੱਖ ਕੇ ਸਨਮਾਨਿਤ ਕੀਤਾ ਗਿਆ ਅਤੇ ਹੌਸਲਾ ਅਫ਼ਜ਼ਾਈ ਕੀਤੀ ਗਈ। ਇਸ ਦੇ ਨਾਲ ਹੀ ਸੂਰਤ ਗੁਜਰਾਤ ਵਿੱਚ ਹੋ ਰਹੀ ਖੋ ਖੋ ਚੈਂਪੀਅਨਸ਼ਿਪ ਵਿੱਚ ਹਿੱਸਾ ਲੈਣ ਵਾਲੇ ਸਕੂਲ ਦੇ ਹੀ ਪੰਜ ਵਿਦਿਆਰਥੀਆਂ ਦਾ ਸਨਮਾਨ ਵੀ ਕੀਤਾ ਗਿਆ।ਸਕੂਲ ਦੀ ਪ੍ਰਬੰਧਕ ਕਮੇਟੀ, ਪਿੰਡ ਦੀ ਸਮੁੱਚੀ ਗ੍ਰਾਮ ਪੰਚਾਇਤ, ਪਿੰਡ ਦੇ ਪਤਵੰਤੇ ਸੱਜਣ ਅਤੇ ਐਨ.ਆਰ.ਆਈ. ਵੀਰਾਂ ਦੇ ਸਹਿਯੋਗ ਨਾਲ ਵਿਦਿਆਰਥਣ ਅਮਨਦੀਪ ਕੌਰ ਨੂੰ ਓਪਨ ਜੀਪ ਵਿੱਚ ਬਿਠਾ ਕੇ ਸ੍ਰੀ ਪਾਕਾ ਸਾਹਿਬ ਗੁਰਦੁਆਰਾ ਵਿਖੇ ਜਾ ਕੇ ਮੱਥਾ ਟੇਕਿਆ ਗਿਆ। ਪਾਕਾ ਸਾਹਿਬ ਗੁਰਦੁਆਰਾ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਜਸਪਿੰਦਰ ਸਿੰਘ ਵੱਲੋਂ ਵਿਦਿਆਰਥੀਆਂ, ਦੇਵਰਾਜ ਡੀ.ਪੀ.ਈ., ਕੋਚ ਜਸਵਿੰਦਰ ਸਿੰਘ ਅਤੇ ਸਕੂਲ ਦੇ ਹੈਡ ਮਾਸਟਰ ਸਰਦਾਰ ਭੁਪਿੰਦਰ ਸਿੰਘ ਦਾ ਸਰੋਪੇ ਪਾ ਕੇ ਸਨਮਾਨ ਕੀਤਾ। ਸਕੂਲ ਵਿੱਚ ਸਮਾਗਮ ਦੌਰਾਨ ਨਿਹਾਲ ਸਿੰਘ ਵਾਲਾ ਦੇ ਪ੍ਰਸਿੱਧ ਡਾਕਟਰ ਹਰਗੁਰਪ੍ਰਤਾਪ ਸਿੰਘ ਵੱਲੋਂ ਸੰਬੋਧਨ ਕੀਤਾ ਗਿਆ।ਉਨ੍ਹਾਂ ਵੱਲੋਂ ਸਕੂਲ ਵਿੱਚ ਨਵੇਂ ਸ਼ੁਰੂ ਹੋਏ ਰੈਸਲਿੰਗ ਵਿੰਗ ਦੀ ਸ਼ਲਾਘਾ ਕੀਤੀ। ਇਸ ਮੌਕੇ ਸਕੂਲ ਦੇ ਅਧਿਆਪਕ ਸ੍ਰੀਮਤੀ ਹਰਦੀਪ ਕੌਰ, ਗੁਰਪ੍ਰੀਤ ਕੌਰ ਤੇ ਮਨਪ੍ਰੀਤ ਕੌਰ ਨੇ ਦੱਸਿਆ ਕਿ ਸਰਕਾਰੀ ਹਾਈ ਸਕੂਲ ਪੜ੍ਹਾਈ ਵਿੱਚ ਵੀ ਇਲਾਕੇ ਵਿੱਚੋਂ ਇੱਕ ਮੋਹਰੀ ਸੰਸਥਾ ਬਣ ਕੇ ਉਭਰ ਰਿਹਾ ਹੈ ਅਤੇ ਸਕੂਲ ਵਿੱਚ ਆਸ ਪਾਸ ਦੇ ਤਿੰਨ ਪਿੰਡਾਂ ਤੋਂ ਬੱਚੇ ਪੜ੍ਹਨ ਲਈ ਆਉਂਦੇ ਹਨ।ਇਸ ਮੌਕੇ ਸਟੇਜ ਸੰਚਾਲਨ ਕੁਲਵਿੰਦਰ ਸਿੰਘ ਪੰਜਾਬੀ ਮਾਸਟਰ ਵੱਲੋਂ ਕੀਤਾ ਗਿਆ।ਮਧੇਕੇ ਪਿੰਡ ਦੇ ਐੱਨ.ਆਰ.ਆਈ. ਸਰਦਾਰ ਨਵਦੀਪ ਸਿੰਘ ਧਾਲੀਵਾਲ ਤੇ ਉਨ੍ਹਾਂ ਦੇ ਪਿਤਾ ਜਗਮੇਲ ਸਿੰਘ ਧਾਲੀਵਾਲ ਵੱਲੋਂ ਵਿਦਿਆਰਥੀਆਂ ਨੂੰ 50 ਹਜਾਰ ਰੁਪਏ ਦੇ ਕੇ ਸਨਮਾਨਤ ਕੀਤਾ।ਸਵਰਨ ਸਿੰਘ ਧਾਲੀਵਾਲ ਵੱਲੋਂ ਸਕੂਲ ਦੀਆਂ ਪ੍ਰਾਪਤੀਆਂ ਤੋਂ ਖੁਸ਼ ਹੋ ਕੇ ਸਕੂਲ ਨੂੰ 10 ਹਜ਼ਾਰ ਦੀ ਰਾਸ਼ੀ ਭੇਟ ਕੀਤੀ।ਪਿੰਡ ਦੇ ਸਰਪੰਚ ਕੁਲਦੀਪ ਸਿੰਘ ਅਤੇ ਸਮੁੱਚੀ ਪੰਚਾਇਤ ਵੱਲੋਂ ਵਿਦਿਆਰਥੀਆਂ ਨੂੰ 5100 ਰੁਪਏ ਦੇ ਕੇ ਸਨਮਾਨਤ ਕੀਤਾ ਗਿਆ।

## ਮੁੱਖ ਡਾਕਘਰ ਵਿਖੇ ਗਣਤੰਤਰ ਦਿਵਸ ਮਨਾਇਆ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਬਠਿੰਡਾ ਦੇ ਮੁੱਖ ਡਾਕਘਰ ਵਿਖੇ ਗਣਤੰਤਰ ਦਿਵਸ 'ਤੇ ਰਾਜ ਕੁਮਾਰ ਪੋਸਟ ਮਾਸਟਰ ਅਤੇ ਮੱਘਰ ਸਿੰਘ ਸਾਬਕਾ ਉਪ ਡਾਕਪਾਲ ਨੇ ਝੰਡਾ ਲਹਿਰਾਇਆ ਅਤੇ ਛੋਟੇ ਬੱਚਿਆਂ ਰਾਸ਼ਟਰੀ ਗੀਤ ਗਾਇਆ। ਇਸ ਸਮੇਂ ਸਾਬਕਾ ਡਾਕ ਕਰਮਚਾਰੀ ਮੱਘਰ ਸਿੰਘ ਸਾਬਕਾ ਉਪ ਡਾਕ ਪਾਲ ਜੋ ਕਿ ਤਕਰੀਬਨ 34 ਸਾਲ ਤੋਂ ਲਗਾਤਾਰ ਗਣਤੰਤਰ ਦਿਵਸ ਅਤੇ ਸੁਤੰਤਰਤਾ ਦਿਵਸ ਉਪਰ ਹਰ ਵਾਰ ਪਹੁੰਚਦੇ ਹਨ ਅਤੇ ਹਰਦੇਵ ਸਿੰਘ ਅਤੇ ਫੁੰਮਣ ਸਿੰਘ ਸਾਬਕਾ ਡਾਕ ਕਰਮਚਾਰੀ ਵੀ ਇਸ ਮੌਕੇ ਪਹੁੰਚੇ। ਝੰਡਾ ਲਹਿਰਾਉਣ ਤੋਂ ਬਾਅਦ ਸਟੇਜ ਸੈਕਟਰੀ ਰਣਜੀਤ ਸਿੰਘ ਨੇ ਬੱਚਿਆਂ ਨੂੰ ਗਣਤੰਤਰ ਦਿਵਸ ਬਾਰੇ ਦੱਸਿਆ। ਛੋਟੇ ਬੱਚਿਆਂ ਨੇ ਰੰਗਾ ਰੰਗ ਪ੍ਰੋਗਰਾਮ ਵਿਚ ਗੀਤ ਅਤੇ ਡਾਂਸ ਕੀਤਾ। ਅਖੀਰ ਵਿਚ ਬੱਚਿਆਂ ਨੂੰ ਪੋਸਟ ਮਾਸਟਰ ਰਾਜ ਕੁਮਾਰ, ਸਹਾਇਕ ਡਾਕ ਪਾਲ ਗਰੀਸ਼ ਕੁਮਾਰ ਅਤੇ ਵਿਕਾਸ ਚੌਹਾਨ ਨੇ ਇਨਾਮ ਵੰਡੇ ਅਤੇ ਆਏ ਹੋਏ ਸਾਬਕਾ ਕਰਮਚਾਰੀਆਂ ਦਾ ਸਨਮਾਨ ਕੀਤਾ ਗਿਆ। ਫੋਟੋਗ੍ਰਾਫੀ ਭੁਪਿੰਦਰ ਕੁਮਾਰ ਪੀ ਏ ਵਲੋਂ ਕੀਤੀ ਗਈ। ਸਟਾਫ, ਛੋਟੇ ਬੱਚਿਆਂ ਅਤੇ ਸਾਬਕਾ ਕਰਮਚਾਰੀਆਂ ਨੂੰ ਚਾਹ ਸਮੋਸਾ ਅਤੇ ਲੱਡੂਆਂ ਦੀ ਪਾਰਟੀ ਦਿੱਤੀ ਗਈ ਅਤੇ ਸਾਰਿਆਂ ਦਾ ਧੰਨਵਾਦ ਕੀਤਾ ਗਿਆ

## ਸੜਕਾਂ ਦੇ ਕੰਮ 'ਚ ਢਿੱਲਮੱਠ ਬਰਦਾਸ਼ਤ ਨਹੀਂ ਕਰਾਂਗੇ : ਕਾਕਾ ਬਰਾੜ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸੂਬਾ ਸਰਕਾਰ ਵੱਲੋਂ ਸੂਬੇ ਦੀਆਂ ਸੜਕਾਂ ਦੇ ਨਵੀਨੀਕਰਨ ਦਾ ਕੰਮ ਲਗਾਤਾਰ ਜਾਰੀ ਹੈ।ਮੁਕਤਸਰ ਹਲਕੇ ਦੀਆਂ ਰਹਿੰਦੀਆਂ ਸੜਕਾਂ ਦਾ ਕੰਮ ਵੀ 31 ਮਾਰਚ ਤੱਕ ਮੁਕੰਮਲ ਹੋ ਜਾਵੇਗਾ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਤੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਵੱਲੋਂ ਪਿੰਡ ਭੁੱਲਰ ਦੀ ਫਿਰਨੀ ਤੇ ਪਿੰਡ ਥਾਂਦੇਵਾਲਾ ਤੋਂ ਭੁੱਲਰ ਦੀ ਸੜਕ ਨੂੰ 18 ਫੁੱਟੀ ਬਣਾਉਣ ਦੇ ਕੰਮ ਦਾ ਉਦਘਾਟਨ ਕਰਦਿਆਂ ਕੀਤਾ ਗਿਆ। ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਕਿਹਾ ਕਿ ਹਲਕੇ ਦੀਆਂ ਸੜਕਾਂ ਨੂੰ ਵਿਕਸਤ ਕਰਨ ਲਈ ਉਹ ਲਗਾਤਾਰ ਯਤਨਸ਼ੀਲ ਹਨ ਤੇ ਇਸ ਕੰਮ ਵਿੱਚ ਕਿਸੇ ਤਰ੍ਹਾਂ ਦੀ ਢਿੱਲਮੱਠ ਬਰਦਾਸ਼ਤ ਨਹੀਂ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਸੜਕਾਂ ਦੇ ਬਣਨ ਨਾਲ ਪਿੰਡਾਂ ਦੇ ਲੋਕਾਂ ਨੂੰ ਆਉਣ-ਜਾਣ ਵਿੱਚ ਸਹੂਲਤ ਹੋਵੇਗੀ ਤੇ ਉਨ੍ਹਾਂ ਦਾ ਜੀਵਨ ਪੱਧਰ ਉੱਚਾ ਹੋਵੇਗਾ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਸੂਬੇ ਦੇ ਲੋਕਾਂ ਨੂੰ ਬਿਹਤਰ ਸਹੂਲਤਾਂ ਦੇਣ ਲਈ ਵਚਨਬੱਧ ਹੈ। ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਕਿਹਾ ਕਿ ਸਰਕਾਰ ਪਿੰਡਾਂ ਦੇ ਵਿਕਾਸ ਲਈ ਵਚਨਬੱਧ ਹੈ ਤੇ ਇਸ ਦਿਸ਼ਾ ਵਿੱਚ ਲਗਾਤਾਰ ਕੰਮ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਪਿੰਡਾਂ ਵਿੱਚ ਸੜਕਾਂ, ਪਾਣੀ, ਸੀਵਰੇਜ ਅਤੇ ਬਿਜਲੀ ਵਰਗੀਆਂ ਬੁਨਿਆਦੀ ਸਹੂਲਤਾਂ ਨੂੰ ਯਕੀਨੀ ਬਣਾਉਣ ਲਈ ਸਰਕਾਰ ਵੱਲੋਂ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਪਿੰਡਾਂ ਦੇ ਲੋਕਾਂ ਨੂੰ ਸ਼ਹਿਰਾਂ ਵਰਗੀਆਂ ਸਹੂਲਤਾਂ ਪ੍ਰਦਾਨ ਕਰਨ ਲਈ ਸਰਕਾਰ ਵਚਨਬੱਧ ਹੈ।ਇਸ ਮੌਕੇ ਉਨ੍ਹਾਂ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਸਰਕਾਰ ਦੇ ਵਿਕਾਸ ਕਾਰਜਾਂ ਵਿੱਚ ਸਹਿਯੋਗ ਦੇਣ ਤਾਂ ਜੁ ਪਿੰਡਾਂ ਨੂੰ ਹੋਰ ਵਿਕਸਤ ਬਣਾਇਆ ਜਾ ਸਕੇ। ਪਿੰਡ ਥਾਂਦੇਵਾਲਾ ਦੇ ਸਰਪੰਚ ਬਲਵਿੰਦਰ ਸਿੰਘ ਬਿੰਦਾ ਤੇ ਪਿੰਡ ਵਾਸੀਆਂ ਨੇ ਸੂਬਾ ਸਰਕਾਰ ਤੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਦਾ ਧੰਨਵਾਦ ਕਰਦਿਆਂ ਆਖਿਆ ਕਿ ਹੁਣ ਇਸ ਸੜਕ ਦੇ 18 ਫੁੱਟ ਬਨਣ ਨਾਲ ਪਿੰਡ ਵਾਸੀਆਂ ਨੂੰ ਵੱਡੀ ਸਹੂਲਤ ਮਿਲੇਗੀ।

## ਨਗਰ ਕੌਂਸਲ ਪ੍ਰਧਾਨ ਨੂੰ ਭੇਜਿਆ ਹਰਜਾਨੇ ਦਾ ਕਾਨੂੰਨੀ ਨੋਟਿਸ

**ਤਲਵੰਡੀ ਸਾਬੋ (ਜਗਦੀਪ ਗਿੱਲ)**-ਹਲਕਾ ਮੌੜ ਮੰਡੀ ਤੋਂ ਵਿਧਾਇਕ ਸੁਖਬੀਰ ਸਿੰਘ ਮਾਈਸਰ ਖਾਨਾ ਨੇ ਮੌੜ ਮੰਡੀ ਦੇ ਨਗਰ ਕੌਂਸਲ ਪ੍ਰਧਾਨ ਕਰਨੈਲ ਸਿੰਘ ਨੂੰ ਆਪਣੇ ਵਕੀਲ ਰਾਹੀਂ ਪੰਜ ਕਰੋੜ ਰੁਪਏ ਦੇ ਮਾਣਹਾਨੀ ਦਾ ਨੋਟਿਸ ਭੇਜਿਆ ਹੈ।ਚੇਤੇ ਰਹੇ ਕਿ ਪਿਛਲੇ ਦਿਨੀਂ 26 ਜਨਵਰੀ ਨੂੰ ਗਣਤੰਤਰ ਦਿਵਸ ਮੌਕੇ ਮੌੜ ਮੰਡੀ ਵਿਖੇ ਹੋਏ ਸਮਾਗਮ ਵਿੱਚ ਕਰਨੈਲ ਸਿੰਘ ਪ੍ਰਧਾਨ ਨਗਰ ਕੌਂਸਲ ਮੌੜ ਮੰਡੀ ਵੱਲੋਂ ਵਿਧਾਇਕ ਸੁਖਬੀਰ ਸਿੰਘ ਮਾਈਸਰ ਖਾਨਾ ਉੱਪਰ ਉਨ੍ਹਾਂ ਨੂੰ ਪ੍ਰਧਾਨ ਬਣਾਉਣ ਬਦਲੇ ਸ਼ਰੇਆਮ ਉਨ੍ਹਾਂ ਤੋਂ 30 ਲੱਖ ਰੁਪਿਆ ਲੈਣ ਦੇ ਦੋਸ਼ ਲਾਏ ਸਨ।ਵਰਨਣਯੋਗ ਹੈ ਕਿ ਇਹ ਦੋਸ਼ ਲਗਾਉਂਦਿਆਂ ਪ੍ਰਧਾਨ ਕਰਨੈਲ ਸਿੰਘ ਦੀਆਂ ਵੀਡੀਓਜ਼ ਵੱਖ ਵੱਖ ਮੀਡੀਆ ਚੈਨਲਾਂ 'ਤੇ ਵਾਇਰਲ ਹੋਈਆਂ ਹਨ।ਐੱਮ ਐੱਲ ਏ ਸੁਖਬੀਰ ਮਾਈਸਰ ਖਾਨਾ ਦੇ ਵਕੀਲ ਨੇ ਕਾਨੂੰਨੀ ਨੋਟਿਸ ਜਾਰੀ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਸਾਇਲ ਇਕ ਇਮਾਨਦਾਰ ਵਿਅਕਤੀ ਹੈ, ਜਿਸ ਉੱਪਰ ਬੇਬੁਨਿਆਦ ਦੋਸ਼ ਲਾਏ ਗਏ ਹਨ।ਉਨ੍ਹਾਂ ਨੋਟਿਸ ਰਾਹੀਂ ਕਿਹਾ ਹੈ ਕਿ ਜਾਂ ਤਾਂ ਨਗਰ ਕੌਂਸਲ ਪ੍ਰਧਾਨ ਕਰਨੈਲ ਸਿੰਘ 15 ਦਿਨ ਦੇ ਅੰਦਰ ਅੰਦਰ ਸ਼ਰੇਆਮ ਮੁਆਫੀ ਮੰਗੇ ਤੇ ਨਹੀਂ ਉਨ੍ਹਾਂ ਦਾ ਸੈੱਲ ਤੁਹਾਡੇ (ਪ੍ਰਧਾਨ) ਉੱਪਰ ਬਣਦੀ ਕਾਨੂੰਨੀ ਕਾਰਵਾਈ ਕਰਨ ਦਾ ਹੱਕਦਾਰ ਹੋਵੇਗਾ।

## ਟ੍ਰੈਫਿਕ ਦੀ ਸਮੱਸਿਆ ਤੋਂ ਲੋਕ ਪਰੇਸ਼ਾਨ



**ਬਰੇਟਾ (ਰੀਤਵਾਲ)**-ਸਥਾਨਕ ਸ਼ਹਿਰ 'ਚ ਦਿਨੋ ਦਿਨ ਟ੍ਰੈਫਿਕ ਦੀ ਸਮੱਸਿਆ ਗੰਭੀਰ ਹੁੰਦੀ ਜਾ ਰਹੀ ਹੈ। ਹਾਲਾਂਕਿ ਸਰਕਾਰ ਵੱਲੋਂ ਟ੍ਰੈਫਿਕ ਸਮੱਸਿਆ ਦੇ ਹੱਲ ਲਈ ਵੱਡੇ-ਵੱਡੇ ਦਾਅਵੇ ਜ਼ਰੂਰ ਕੀਤੇ ਜਾਂਦੇ ਹਨ, ਪਰ ਇਹ ਦਾਅਵੇ ਉਸ ਸਮੇਂ ਖੋਖਲੇ ਸਾਬਿਤ ਹੁੰਦੇ ਹਨ ਜਦੋਂ ਕਿਸੇ ਵਿਅਕਤੀ ਨੂੰ ਜ਼ਰੂਰੀ ਕੰਮ 'ਤੇ ਪਹੁੰਚਣ ਵਿਚ 2-3 ਘੰਟੇ ਦੀ ਆਮ ਹੀ ਦੇਰੀ ਹੋ ਜਾਂਦੀ ਹੈ। ਸ਼ਹਿਰ 'ਚ ਟ੍ਰੈਫਿਕ ਸਮੱਸਿਆ ਇਕ ਗੰਭੀਰ ਸਮੱਸਿਆ ਬਣਦੀ ਜਾ ਰਹੀ ਹੈ। ਸ਼ਹਿਰ ਦੇ ਕੈਂਚੀਆਂ ਅਤੇ ਕਿਰਸਨਾ ਮੰਦਰ ਚੌਂਕ 'ਚ ਇਹ ਸਮੱਸਿਆਂ ਬਹੁਤ ਗੰਭੀਰ ਬਣੀ ਹੋਈ ਹੈ ਜਿਥੇ ਆਏ ਦਿਨ ਕੋਈ ਨਾ ਕੋਈ ਹਾਦਸਾ ਵਾਪਰਦਾ ਰਹਿੰਦਾ ਹੈ। ਲੋਕਾਂ ਦੀ ਮੰਗ ਹੈ ਕਿ ਇਸ ਸਮੱਸਿਆਂ ਦੇ ਹੱਲ ਲਈ ਇਨ੍ਹਾਂ ਚੌਂਕਾਂ 'ਚ 24 ਘੰਟੇ ਪੁਲਸ ਦਾ ਨਾਕਾ ਲਗਾਇਆ ਜਾਵੇ। ਇਸ ਤੋਂ ਇਲਾਵਾ ਸੜਕਾਂ 'ਤੇ ਲਗਾਤਾਰ ਵਧ ਰਹੀ ਵਾਹਨਾਂ ਦੀ ਗਿਣਤੀ, ਸੜਕੀ ਨਿਯਮਾਂ ਦੀ ਪਾਲਣਾ ਨਾ ਕਰਨਾ ਤੇ ਸ਼ਰਾਬ ਪੀ ਕੇ ਗੱਡੀ ਚਲਾਉਣਾ ਵਧ ਰਹੇ ਸੜਕੀ ਹਾਦਸਿਆਂ ਦੇ ਮੁੱਖ ਕਾਰਨ ਹਨ। ਇਹ ਦੇਖਣ ਵਿਚ ਆਉਂਦਾ ਹੈ ਕਿ ਜਾਮ ਲੱਗਣ ਤੋਂ ਬਾਅਦ ਕੁਝ ਵਾਹਨ ਚਾਲਕ ਆਪਣੀ ਲਾਈਨ 'ਚੋਂ ਗੱਡੀ ਦੂਸਰੀ ਸਾਈਡ ਲੈ ਜਾਂਦੇ ਹਨ, ਜਿਸ ਕਾਰਨ ਅੱਗਿਉਂ ਆ ਰਹੀ ਟ੍ਰੈਫਿਕ ਨੂੰ ਔਖਾ ਹੋ ਜਾਂਦਾ ਹੈ ਤੇ ਇਸ ਕਾਰਨ ਵੀ ਜਾਮ ਵਧੇਰੇ ਲੱਗਦੇ ਹਨ। ਇਸ ਤੋਂ ਇਲਾਵਾ ਕਈ ਥਾਈਂ ਸੜਕਾਂ ਦੀ ਖਸਤਾ ਹਾਲਤ ਕਾਰਨ ਵੀ ਵਾਹਨ ਚਾਲਕਾਂ ਨੂੰ ਬੇਹੱਦ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਖਾਸ ਕਰਕੇ ਜੇਕਰ ਥੋੜ੍ਹੀ ਜਿਹੀ ਬਾਰਿਸ਼ ਹੋ ਜਾਵੇ ਤਾਂ ਸੜਕਾਂ 'ਤੇ ਗੋਡੇ-ਗੋਡੇ ਪਾਣੀ ਖੜ੍ਹਾ ਹੋ ਜਾਂਦਾ ਹੈ।

## ਨਛੱਤਰ ਯਾਦਗਾਰੀ ਭਵਨ ਵਿਖੇ 'ਬੰਦੇ ਬਣੋ ਬੰਦੇ' ਦਾ ਸਫਲ ਅਯੋਜਨ

**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬੀ ਰੰਗਮੰਚ ਪ੍ਰੇਮੀਆਂ ਲਈ ਉਸ ਵੇਲੇ ਇੱਕ ਯਾਦਗਾਰੀ ਸ਼ਾਮ ਬਣ ਗਈ, ਜਦੋਂ ਮਸ਼ਹੂਰ ਨਾਟਕ 'ਬੰਦੇ ਬਣੋ ਬੰਦੇ' ਦੀ ਸ਼ਾਨਦਾਰ ਪੇਸ਼ਕਾਰੀ ਪੰਜਾਬੀ ਸਿਨੇਮਾ ਤੇ ਥੀਏਟਰ ਦੇ ਮਹਾਨ ਕਲਾਕਾਰ ਰਾਣਾ ਰਣਬੀਰ ਤੇ ਰਾਜਵੀਰ ਬੋਪਾਰਾਏ ਕੈਨੇਡਾ ਵੱਲੋਂ ਸ਼ਹੀਦ ਨਛੱਤਰ ਸਿੰਘ ਮੈਮੋਰੀਅਲ ਹਾਲ ਬੱਸ ਸਟੈਂਡ ਮੋਗਾ ਵਿਖੇ ਕੀਤੀ ਗਈ।ਇਹ ਪ੍ਰੋਗਰਾਮ ਵੱਖ ਵੱਖ ਜਥੇਬੰਦੀਆਂ ਤੇ ਏਜੰਸੀਆਂ ਦੇ ਸਹਿਯੋਗ ਨਾਲ ਬਹੁਤ ਹੀ ਸਫਲਤਾ ਨਾਲ ਆਯੋਜਤ ਕੀਤਾ ਗਿਆ।ਨਾਟਕ ਦੀ ਸੰਵੇਦਨਸ਼ੀਲ ਕਹਾਣੀ, ਮਜ਼ਬੂਤ ਸਮਾਜਿਕ ਸੰਦੇਸ਼ ਤੇ ਰਾਣਾ ਰਣਬੀਰ ਦੀ ਬੇਮਿਸਾਲ ਅਦਾਕਾਰੀ ਨੇ ਦਰਸ਼ਕਾਂ ਨੂੰ ਖੂਬ ਪ੍ਰਭਾਵਿਤ ਕੀਤਾ ਤੇ ਹਾਲ ਵਿੱਚ ਡੇਢ ਘੰਟੇ ਤੱਕ ਤਾਲੀਆਂ ਦੀ ਗੂੰਜ ਸੁਣਾਈ ਦਿੰਦੀ ਰਹੀ।ਸਟੇਜ ਤੋਂ ਸਿਮਰਨਜੀਤ ਸਿੰਘ ਤੇ ਦਲਜੀਤ ਸਿੰਘ ਗੇਦੂ ਕੈਨੇਡਾ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ, ਜਿਨ੍ਹਾਂ ਦੇ ਵੱਡਮੁੱਲੇ ਸਹਿਯੋਗ ਨਾਲ ਸਮਾਗਮ ਵੱਡੀ ਕਾਮਯਾਬੀ ਨਾਲ ਯਾਦਗਾਰੀ ਹੋ ਨਿੱਬੜਿਆ।

## ਨਰਸਿੰਗ ਪੇਸ਼ਾ ਨਹੀਂ, ਮਨੁੱਖਤਾ ਦੀ ਸੇਵਾ ਦਾ ਮਾਧਿਅਮ : ਹਰਚੰਦ ਬਰਸਟ

### ਆਦਰਸ਼ ਕਾਲਜ ਆਫ ਨਰਸਿੰਗ 'ਚ ਸਹੁੰ ਚੁੱਕ ਸਮਾਗਮ



**ਸਮਾਣਾ (ਗੁਰਪਿਆਰ ਸਿੰਘ ਬੱਲ)**-ਆਦਰਸ਼ ਕਾਲਜ ਆਫ ਨਰਸਿੰਗ ਚੋਹਠ ਸਮਾਣਾ ਰੋਡ ਪਟਿਆਲਾ ਵਿਖੇ ਸਹੁੰ ਚੁੱਕ ਸਮਾਗਮ ਬੜੇ ਹੀ ਉਤਸ਼ਾਹ ਨਾਲ ਕੀਤਾ ਗਿਆ।ਇਸ ਸਮਾਗਮ ਵਿੱਚ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਤੇ ਆਮ ਆਦਮੀ ਪਾਰਟੀ ਪੰਜਾਬ ਦੇ ਸੂਬਾ ਜਨਰਲ ਸਕੱਤਰ ਸ੍ਰ. ਹਰਚੰਦ ਸਿੰਘ ਬਰਸਟ ਵੱਲੋਂ ਬਤੌਰ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਗਈ।ਸਮਾਗਮ ਦੌਰਾਨ ਵਿਦਿਆਰਥੀਆਂ, ਅਧਿਆਪਕਾਂ, ਸਟਾਫ ਤੇ ਪ੍ਰਬੰਧਕਾਂ ਵਿੱਚ ਬਹੁਤ ਉਤਸ਼ਾਹ ਵੇਖਣ ਨੂੰ ਮਿਲਿਆ।ਇਸ ਦੌਰਾਨ ਨਰਸਿੰਗ ਦੇ ਵਿਦਿਆਰਥੀਆਂ ਨੂੰ ਸਹੁੰ ਦਿਵਾਈ ਗਈ, ਜਿਸ ਵਿੱਚ ਉਨ੍ਹਾਂ ਨੇ ਸੱਚਾਈ, ਇਮਾਨਦਾਰੀ ਤੇ ਸੇਵਾ ਭਾਵ ਨਾਲ ਆਪਣਾ ਫਰਜ਼ ਨਿਭਾਉਣ ਦਾ ਸੰਕਲਪ ਲਿਆ। ਮੁੱਖ ਮਹਿਮਾਨ ਸ੍ਰ. ਹਰਚੰਦ ਸਿੰਘ ਬਰਸਟ ਨੇ ਆਪਣੇ ਸੰਬੋਧਨ ਦੌਰਾਨ ਨਰਸਿੰਗ ਖੇਤਰ ਦੀ ਮਹੱਤਤਾ ਉੱਤੇ ਵਿਸਥਾਰ ਨਾਲ ਰੋਸ਼ਨੀ ਪਾਈ।ਉਨ੍ਹਾਂ ਕਿਹਾ ਕਿ ਨਰਸਿੰਗ ਸਿਰਫ਼ ਇੱਕ ਪੇਸ਼ਾ ਨਹੀਂ, ਸਗੋਂ ਮਨੁੱਖਤਾ ਦੀ ਸੇਵਾ ਦਾ ਮਾਧਿਅਮ ਹੈ।ਉਨ੍ਹਾਂ ਵਿਦਿਆਰਥੀਆਂ ਨੂੰ ਸੇਵਾ ਭਾਵ, ਮਿਹਨਤ ਤੇ ਅਨੁਸ਼ਾਸਨ ਨਾਲ ਸਮਾਜ ਦੀ ਸੇਵਾ ਵਿੱਚ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਿਹਤ ਤੇ ਸਿੱਖਿਆ ਖੇਤਰ ਵਿੱਚ ਕੀਤੇ ਜਾ ਰਹੇ ਉਪਰਾਲੇ ਨਵੇਂ ਮੌਕੇ ਪੈਦਾ ਕਰ ਰਹੇ ਹਨ।ਸ੍ਰ. ਬਰਸਟ ਨੇ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਮੁੱਖ ਮੰਤਰੀ ਸਿਹਤ ਯੋਜਨਾ ਦਾ ਆਗਾਜ਼ ਕੀਤਾ ਗਿਆ ਹੈ।ਇਸ ਇਤਿਹਾਸਕ ਪਹਿਲ ਰਾਹੀਂ ਸੂਬੇ ਦੇ 65 ਲੱਖ ਪਰਿਵਾਰਾਂ ਨੂੰ ਸਾਲਾਨਾ 10 ਲੱਖ ਰੁਪਏ ਤੱਕ ਦਾ ਮੁਫ਼ਤ ਤੇ ਕੈਸ਼ਲੈੱਸ ਇਲਾਜ ਮਿਲੇਗਾ।ਇਹ ਸਹੂਲਤ ਸਿਰਫ਼ ਸਰਕਾਰੀ ਹਸਪਤਾਲਾਂ ਤੱਕ ਸੀਮਤ ਨਹੀਂ ਹੈ, ਸਗੋਂ ਇਸ ਵਿੱਚ ਨਿੱਜੀ ਹਸਪਤਾਲਾਂ ਨੂੰ ਵੀ ਸੂਚੀਬੱਧ ਕੀਤਾ ਗਿਆ ਹੈ।ਸਮਾਗਮ ਦੌਰਾਨ ਕਾਲਜ ਪ੍ਰਬੰਧਕਾਂ ਵੱਲੋਂ ਸ. ਹਰਚੰਦ ਸਿੰਘ ਬਰਸਟ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਆਦਰਸ਼ ਕਾਲਜ ਆਫ ਨਰਸਿੰਗ ਦੇ ਚੇਅਰਮੈਨ ਡਾ. ਕੇ. ਕੇ. ਜੌਹਰੀ, ਪ੍ਰਿੰਸੀਪਲ ਸਿਮਰਨਜੀਤ ਕੌਰ, ਸਤਪਾਲ ਜੌਹਰੀ, ਹਜ਼ਾਰੀ ਲਾਲ ਜੌਹਰੀ, ਹਰਿੰਦਰ ਸਿੰਘ ਧਬਲਾਨ ਸਮੇਤ ਸਮੂਹ ਕਾਲਜ ਸਟਾਫ ਤੇ ਵਿਦਿਆਰਥੀ ਮੌਜੂਦ ਰਹੇ।

## ਪਠਾਣ ਮਾਜਰਾ ਦੀ ਸਰਕਾਰੀ ਕੋਠੀ ਦਾ ਕਬਜ਼ਾ ਲਿਆ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਦੀ ਸਰਕਾਰੀ ਕੋਠੀ ਦਾ ਕਬਜ਼ਾ ਲੈ ਲਿਆ ਗਿਆ। ਅੱਜ ਸਵੇਰੇ ਵੱਡੀ ਗਿਣਤੀ ਵਿਚ ਪੁਲਸ ਫੋਰਸ ਨੂੰ ਤਾਇਨਾਤ ਕਰਕੇ ਵਿਧਾਇਕ ਪਠਾਣਮਾਜਰਾ ਦਾ ਸਮਾਨ ਟਰੱਕਾਂ ਵਿਚ ਭਰ ਕੇ ਭੇਜ ਦਿੱਤਾ ਗਿਆ। ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਦੇ ਖਿਲਾਫ ਕੇਸ ਦਰਜ ਹੋਣ ਤੋਂ ਬਾਅਦ ਉਹ ਗ੍ਰਿਫਤਾਰ ਨਹੀਂ ਹੋਏ ਜਿਸ ਕਾਰਨ ਉਨ੍ਹਾਂ ਨੂੰ ਅਦਾਲਤ ਨੇ ਭਗੌੜਾ ਵੀ ਕਰਾਰ ਦਿੱਤਾ ਹੋਇਆ ਹੈ ਅਤੇ ਹੁਣ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਉਨ੍ਹਾਂ ਦੀ ਸਰਕਾਰੀ ਕੋਠੀ ਨੂੰ ਖਾਲੀ ਕਰਵਾ ਲਿਆ ਗਿਆ ਹੈ।ਦੂਸਰੇ ਪਾਸੇ ਵਿਧਾਇਕ ਪਠਾਣਮਾਜਰਾ ਦੀ ਪਤਨੀ ਸਿਮਰਜੀਤ ਕੌਰ ਵੱਲੋਂ ਇਸ ਮੌਕੇ ਸਰਕਾਰ ਵਲੋਂ ਕੀਤੀ ਇਸ ਕਾਰਵਾਈ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੇ ਹੋਏ ਕਿਹਾ ਹੈ ਕਿ ਭਗਵੰਤ ਮਾਨ ਸਰਕਾਰ ਉਹਨਾ ਨੂੰ ਪੰਜਾਬ ਦੀ ਆਵਾਜ਼ ਉਠਾਉਣ ਲਈ ਤੋਹਫ਼ਾ ਦੇ ਰਹੀ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਨ ਸਮੇਂ ਕਿਹਾ ਕਿ ਜਦੋਂ ਉਹਨਾ ਦੇ ਪਤੀ ਆਮ ਆਦਮੀ ਪਾਰਟੀ ਦੇ ਵਿਧਾਇਕ ਹਨ ਤਾਂ ਉਨ੍ਹਾਂ ਨੂੰ ਉਹਨਾਂ ਦੀ ਸਰਕਾਰੀ ਕੋਠੀ ਖ਼ਾਲੀ ਕਰਵਾਉਣ ਦਾ ਕੋਈ ਹੱਕ ਨਹੀਂ।

## ਸਕੂਲ ਟੀਚਰਜ਼ ਫੈਡਰੇਸ਼ਨ ਆਫ਼ ਇੰਡੀਆ ਵੱਲੋਂ ਪਾਰਲੀਮੈਂਟ ਮਾਰਚ 'ਚ ਸ਼ਾਮਲ ਹੋਣ ਦਾ ਸੱਦਾ



**ਫ਼ਾਜ਼ਿਲਕਾ/ਜਲਾਲਾਬਾਦ (ਪਰਮਜੀਤ ਢਾਬਾਂ, ਬਲਵਿੰਦਰ ਸਿੰਘ/ਜੀਤ ਕੁਮਾਰ)**
ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ (ਵਿਗਿਆਨਕ) ਵੱਲੋਂ ਨੂੰ ਦਰਪੇਸ਼ ਸਮੱਸਿਆਵਾਂ ਤੇ ਕੇਂਦਰ ਦੀ ਨਵੀ ਸਿੱਖਿਆ ਨੀਤੀ 'ਤੇ ਪ੍ਰਭਾਵਸ਼ਾਲੀ ਕਨਵੈਨਸ਼ਨ ਕੀਤੀ ਗਈ, ਜਿਸ ਵਿੱਚ ਜ਼ਿਲ੍ਹਾ ਭਰ ਤੋਂ ਅਧਿਆਪਕਾਂ ਤੇ ਇਸਤਰੀ ਅਧਿਆਪਕਾਂ ਨੇ ਵੱਡੀ ਗਿਣਤੀ ਵਿਚ ਭਾਗ ਲਿਆ।ਕਨਵੈਨਸ਼ਨ ਨੂੰ ਸੰਬੋਧਨ ਕਰਨ ਲਈ ਮੁੱਖ ਬੁਲਾਰੇ ਸਾਥੀ ਰਾਧੇ ਸ਼ਾਮ ਯਾਦਵ (ਰਾਜਸਥਾਨ) ਪ੍ਰਮੁੱਖ ਆਗੂ ਸਕੂਲ ਟੀਚਰਜ਼ ਫੈਡਰੇਸ਼ਨ ਆਫ ਇੰਡੀਆ, ਹਰਭਜਨ ਸਿੰਘ ਖੁੰਗਰ ਜ਼ਿਲ੍ਹਾ ਪ੍ਰਧਾਨ ਗੌਰਮਿੰਟ ਪੈਨਸ਼ਨਰਜ਼ ਯੂਨੀਅਨ ਪੰਜਾਬ ਫ਼ਾਜ਼ਿਲਕਾ, ਮੇਜਰ ਸਿੰਘ ਅਧਿਆਪਕ ਆਗੂ ਤੇ ਸੁਰਿੰਦਰ ਕੰਬੋਜ ਸੂਬਾ ਜਨਰਲ ਸਕੱਤਰ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ (ਵਿਗਿਆਨਿਕ) ਕਨਵੈਨਸ਼ਨ 'ਚ ਉਚੇਚੇ ਤੌਰ 'ਤੇ ਸ਼ਾਮਲ ਹੋਏ ਗੌਰਮਿੰਟ ਟੀਚਰ ਯੂਨੀਅਨ ਪੰਜਾਬ (ਵਿਗਿਆਨਕ) ਦੀ ਕਨਵੈਨਸ਼ਨ 'ਚ ਜੁੜੇ ਪ੍ਰਭਾਵਸ਼ਾਲੀ ਇਕੱਠ ਨੂੰ ਸਬੋਧਨ ਕਰਦਿਆਂ ਸਾਥੀ ਰਾਧੇ ਸ਼ਾਮ ਯਾਦਵ ਪ੍ਰਮੁੱਖ ਆਗੂ (ਰਾਜਸਥਾਨ) ਸਕੂਲ ਟੀਚਰ ਫੈਡਰੇਸ਼ਨ ਆਫ ਇੰਡੀਆ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਨਵੀਂ ਸਿੱਖਿਆ ਨੀਤੀ 2020 ਲਾਗੂ ਕਰਕੇ ਦੇਸ਼ ਦੀ ਸਿੱਖਿਆ ਵਿਵਸਥਾ ਨੂੰ ਤਬਾਹ ਕੀਤਾ ਜਾ ਰਿਹਾ ਹੈ।ਮੇਜਰ ਸਿੰਘ ਨੇ ਕਿਹਾ ਕਿ ਦੇਸ਼ ਦੀ ਪੂਰੀ ਸਿੱਖਿਆ ਪ੍ਰਣਾਲੀ ਨੂੰ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕੀਤਾ ਜਾ ਰਿਹਾ ਹੈ ਤੇ ਇਕਜੁਟ ਤੇ ਬੱਝਵੇਂ ਸੰਘਰਸ਼ ਨਾਲ ਹੀ ਸਿੱਖਿਆ ਨੂੰ ਬਚਾਇਆ ਜਾ ਸਕਦਾ ਹੈ।

ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਸਾਥੀ ਹਰਭਜਨ ਸਿੰਘ ਖੁੰਗਰ ਜ਼ਿਲ੍ਹਾ ਪ੍ਰਧਾਨ ਗੌਰਮਿੰਟ ਪੈਨਸ਼ਨਰਜ ਯੂਨੀਅਨ ਪੰਜਾਬ ਨੇ ਕਿਹਾ ਕਿ ਅੰਤਰਰਾਸ਼ਟਰੀ ਵਪਾਰਕ ਨੀਤੀਆਂ ਕਾਰਨ ਦੇਸ਼ ਨੂੰ ਗੁਲਾਮੀ ਵੱਲ ਧੱਕਿਆ ਜਾ ਰਿਹਾ ਹੈ।ਕਾਰਪੋਰੇਟ ਮਾਡਲ ਰਾਹੀਂ ਸਿੱਖਿਆ ਲੋਕਾਂ ਤੋਂ ਦੂਰ ਹੋ ਜਾਏਗੀ।

ਉਨ੍ਹਾਂ ਕਿਹਾ ਕਿ ਅਧਿਆਪਕ ਵਰਗ ਨੂੰ ਇਹ ਲੜਾਈ ਸ਼ਿੱਦਤ ਨਾਲ ਲੜਨੀ ਹੋਵੇਗੀ।ਉਨ੍ਹਾਂ ਕਿਹਾ ਕਿ ਕੇਂਦਰੀ ਤੇ ਰਾਜਾ ਦੀਆਂ ਟਰੇਡ ਯੂਨੀਅਨਾਂ ਵੱਲੋਂ ਕੇਂਦਰ ਤੇ ਪੰਜਾਬ ਸਰਕਾਰ ਦੀ ਨੀਤੀਆਂ ਖਿਲਾਫ਼ 12 ਫਰਵਰੀ 2026 ਦੀ ਦੇਸ਼ ਵਿਆਪੀ ਹੜਤਾਲ ਹੋਣ ਜਾ ਰਹੀ ਹੈ। ਉਨ੍ਹਾਂ ਇਸ ਨੂੰ ਸਫਲ ਬਣਾਉਣ ਦਾ ਸੱਦਾ ਦਿੱਤਾ। ਕਨਵੈਨਸ਼ਨ ਨੂੰ ਗੌਰਮਿੰਟ ਟੀਚਰਜ਼ ਯੂਨੀਅਨ ਵਿਗਿਆਨਿਕ ਦੇ ਆਗੂਆਂ ਰੇਸ਼ਮ ਸਿੰਘ, ਕਪਿਲ ਕਪੂਰ, ਰਜੀਵ ਕੁਮਾਰ, ਬਲਜਿੰਦਰ ਕੁਮਾਰ, ਪ੍ਰੇਮ ਚੰਦ, ਅਸ਼ੋਕ ਕੁਮਾਰ ਤੇ ਪਰਮਜੀਤ ਸਿੰਘ ਨੇ ਕਨਵੈਨਸ਼ਨ ਦੀ ਸਫਲਤਾ ਲਈ ਸਮੂਹ ਅਧਿਆਪਕ ਸਾਥੀਆਂ ਦਾ ਧੰਨਵਾਦ ਕੀਤਾ ਤੇ 5 ਫਰਵਰੀ ਨੂੰ ਸਕੂਲ ਟੀਚਰਜ਼ ਫੈਡਰੇਸ਼ਨ ਆਫ਼ ਇੰਡੀਆ ਵੱਲੋਂ ਦਿੱਤੇ ਗਏ ਪਾਰਲੀਮੈਂਟ ਮਾਰਚ 'ਚ ਵੱਡੀ ਗਿਣਤੀ 'ਚ ਸ਼ਾਮਲ ਹੋਣ ਦੀ ਅਪੀਲ ਕੀਤੀ।

## ਦਸਮੇਸ਼ ਪੈਦਲ ਮਾਰਚ ਦਾ ਸੰਗਤਾਂ ਵੱਲੋਂ ਪੁਰਜ਼ੋਰ ਸਵਾਗਤ



**ਜਗਰਾਉਂ (ਸੰਜੀਵ ਅਰੋੜਾ)**-ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕਿਲ੍ਹਾ ਸ੍ਰੀ ਆਨੰਦਪੁਰ ਸਾਹਿਬ ਨੂੰ ਛੱਡਣ ਦੇ ਵੈਰਾਗਮਈ ਪਲਾਂ ਤੋਂ ਸੰਗਤਾਂ ਨੂੰ ਜਾਣੂ ਕਰਵਾਉਂਦਾ 31ਵਾਂ ਅਲੌਕਿਕ ਦਸ਼ਮੇਸ਼ 21 ਦਿਨਾਂ ਦੇ ਵਿਸ਼ਰਾਮ ਤੋਂ ਬਾਅਦ ਬੀਤੇ ਦਿਨੀਂ ਗੁਰਦੁਆਰਾ ਸ੍ਰੀ ਮੈਹਿਦੇਆਣਾ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ 'ਚ ਜੈਕਾਰਿਆਂ ਦੀ ਗੂੰਜ ਨਾਲ ਦੀਨਾ ਸਾਹਿਬ ਲਈ ਰਵਾਨਾ ਹੋਇਆ ਸੀ, ਜਿਸ ਦਾ ਸੰਗਤਾਂ ਵੱਲੋਂ ਥਾਂ-ਥਾਂ ਭਰਵਾਂ ਸਵਾਗਤ ਕੀਤਾ ਜਾ ਰਿਹਾ ਹੈ। ਰਵਾਨਗੀ ਮੌਕੇ ਪ੍ਰਬੰਧਕ ਅਤੇ ਮੁੱਖ ਸੇਵਾਦਾਰ ਬਾਬਾ ਕੁਲਵੰਤ ਸਿੰਘ ਲੱਖਾ, ਜਥੇਦਾਰ ਸੁਖਦੇਵ ਸਿੰਘ ਦੇਹੜਕਾ, ਜਥੇਦਾਰ ਪਰਮਿੰਦਰ ਸਿੰਘ ਮਾਣੂੰਕੇ, ਅਜੈਬ ਸਿੰਘ ਯੂ. ਪੀ., ਸੈਕਟਰੀ ਗੁਰਮੀਤ ਸਿੰਘ ਲੱਖਾ, ਬਲਵੀਰ ਸਿੰਘ ਲੱਖਾ, ਗੁਰਪ੍ਰੀਤ ਸਿੰਘ ਦੇਹੜਕਾ, ਗ੍ਰੰਥੀ ਬਲਵਿੰਦਰ ਸਿੰਘ ਸ਼ਿੰਦਾ, ਦਿਨੇਸ਼ ਯੂ. ਪੀ., ਜੋਗਿੰਦਰ ਸਿੰਘ ਲੱਖਾ, ਭਾਈ ਸਤਨਾਮ ਸਿੰਘ ਘਾਲਾ, ਹਰਬੰਸ ਸਿੰਘ ਲੱਖਾ ਆਦਿ ਹਾਜ਼ਰ ਸਨ। ਬਾਬਾ ਕੁਲਵੰਤ ਸਿੰਘ ਲੱਖਾ ਨੇ ਦੱਸਿਆ ਕਿ ਇਸ ਪੈਦਲ ਮਾਰਚ ਦੌਰਾਨ ਰਾਗੀ ਭਾਈ ਹਰਜਿੰਦਰ ਸਿੰਘ ਰਾਜਾ ਰਸੂਲਪੁਰੀ ਕੀਰਤਨ ਦੁਆਰਾ ਹਾਜ਼ਰੀ ਭਰ ਰਹੇ ਹਨ। ਬੀਤੇ ਦਿਨੀਂ ਨਗਰ ਕੀਰਤਨ ਸਵੇਰੇ ਤਖ਼ਤੂਪੁਰਾ ਸਾਹਿਬ ਤੋਂ ਰਵਾਨਾ ਹੋ ਕੇ ਰਾਤ ਨੂੰ ਵਿਸ਼ਰਾਮ ਗੁਰਦੁਆਰਾ ਪਾਕਾ ਸਾਹਿਬ ਮਧੇਕੇ ਕਰਕੇ ਸੈਦੋਕੇ ਪੁੱਜਾ ਉਪਰੰਤ ਗਾਜੀਆਣਾ ਤੇ ਬੁਰਜ ਤੋਂ ਹੁੰਦੇ ਹੋਏ ਗੁਰਦੁਆਰਾ ਲੋਹਗੜ੍ਹ ਸਾਹਿਬ (ਜ਼ਫ਼ਰਨਾਮਾ) ਦੀਨਾ ਸਾਹਿਬ ਵਿਖੇ ਪੁੱਜਾ ਜਿਥੇ ਰਾਤ ਦੇ ਵਿਸ਼ਰਾਮ ਉਪਰੰਤ 28 ਜਨਵਰੀ ਨੂੰ ਦੀਨਾ ਸਾਹਿਬ ਨਗਰ ਦੀ ਪਰਿਕਰਮਾ ਤੋਂ ਬਾਅਦ ਸੰਪੂਰਨਤਾ ਹੋਈ।

# ਬਟਾਲਾ ਨੂੰ ਖੂਬਸੂਰਤ ਬਣਾਉਣ ਲਈ ਨਿਰੰਤਰ ਯਤਨਸ਼ੀਲ ਹਾਂ : ਸ਼ੈਰੀ ਕਲਸੀ



ਬਟਾਲਾ (ਤਰਲੋਕ ਬੱਗਾ)- ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ, ਸ਼ੈਰੀ ਕਲਸੀ ਵਲੋਂ ਬਟਾਲਾ ਸ਼ਹਿਰ ਨੂੰ ਖੂਬਸੂਰਤ ਬਣਾਉਣ ਅਤੇ ਆਵਾਜਾਈ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਖਾਸ ਉਪਰਾਲੇ ਕੀਤੇ ਗਏ ਹਨ, ਜਿਸ ਦੇ ਚੱਲਦਿਆਂ ਉਨ੍ਹਾਂ ਵਲੋਂ ਸ਼ਹਿਰ ਵਾਸੀਆਂ ਤੇ ਦੁਕਾਨਦਾਰਾਂ ਦੀ ਮੌਜੂਦਗੀ ਵਿੱਚ ਗੁਰਦਾਸਪੁਰ ਰੋਡ 'ਤੇ ਲੱਗੀਆਂ ਅਤਿ ਆਧੁਨਿਕ ਕਿਸਮ ਦੀਆਂ ਸਟਰੀਟ ਲਾਈਟਾਂ ਦਾ ਉਦਘਾਟਨ ਕੀਤਾ। ਸ਼ਹਿਰ ਵਾਸੀਆਂ ਨਾਲ ਗੱਲਬਾਤ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਇਤਿਹਾਸਕ ਤੇ ਧਾਰਮਿਕ ਸ਼ਹਿਰ ਬਟਾਲਾ ਨੂੰ ਹੋਰ ਖੂਬਸੂਰਤ ਬਣਾਉਣ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ ਅਤੇ ਪਾਰਦਰਸ਼ੀ ਢੰਗ ਨਾਲ ਵਿਕਾਸ ਕੰਮ ਤੇਜ ਗਤੀ ਨਾਲ ਚੱਲ ਰਹੇ ਹਨ।ਉਨ੍ਹਾਂ ਦੱਸਿਆ ਕਿ ਸ਼ਹਿਰ ਦੀਆਂ ਵੱਖ-ਵੱਖ ਵਾਰਡਾਂ ਵਿੱਚ ਵਿਕਾਸ ਕੰਮ ਬਿਨਾਂ ਪੱਖਪਾਤ ਦੇ ਕਰਵਾਏ ਜਾ ਰਹੇ ਹਨ। ਸ਼ਹਿਰ ਅੰਦਰ ਚੌਂਕਾਂ ਨੂੰ ਚੌੜਾ ਕਰਕੇ ਖੂਬਸੂਰਤ ਬਣਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਸ਼ਹੀਦ ਭਾਈ ਸੁੱਖਾ ਸਿੰਘ ਭਾਈ ਮਹਿਤਾਬ ਦੀ ਯਾਦ ਵਿੱਚ ਉਸਾਰੇ ਨਵੇਂ ਚੌਂਕ ਦਾ ਉਦਘਾਟਨ ਕਰਕੇ ਲੋਕ ਸਮਰਪਿਤ ਕੀਤਾ ਗਿਆ ਹੈ। ਇਸ ਚੌਂਕ ਵਿੱਚ ਸ਼ਾਨਦਾਰ ਲਾਈਟਾਂ ਵੀ ਲਗਾਈਆਂ ਗਈਆਂ ਹਨ। ਇਸ ਤੋਂ ਪਹਿਲਾਂ ਵੀ ਸ਼ਹੀਦ ਭਗਤ ਸਿੰਘ ਚੌਂਕ ਅਗਰਸੈਨ ਚੌਂਕ ਆਦਿ ਦੀ ਉਸਾਰੀ ਕੀਤੀ ਜਾ ਚੁੱਕੀ ਹੈ। ਇਸ ਮੌਕੇ ਚੇਅਰਮੈਨ ਯਸ਼ਪਾਲ ਚੌਹਾਨ, ਚੇਅਰਮੈਨ ਮਾਣਿਕ ਮਹਿਤਾ, ਸੀਨੀਅਰ ਆਗੂ ਬਲਬੀਰ ਸਿੰਘ ਬਿੱਟੂ, ਮਾਸਟਰ ਤਿਲਕ ਰਾਜ, ਅਵਤਾਰ ਸਿੰਘ ਕਲਸੀ, ਮਨਜੀਤ ਸਿੰਘ ਬਮਰਾਹ, ਹਨੀ ਚੌਹਾਨ, ਅਮਿਤ ਸੋਢੀ, ਵਿਨੇ ਤਰੇਹਨ, ਪਰਦੀਪ ਕੁਮਾਰ, ਦਵਿੰਦਰ ਸਿੰਘ, ਰਾਕੇਸ਼ ਕੁਮਾਰ ਸਮੇਤ ਵੱਡੀ ਗਿਣਤੀ ਵਿੱਚ ਸ਼ਹਿਰ ਵਾਸੀ ਮੌਜੂਦ ਸਨ।

# ਅਜਨਾਲਾ 'ਚ 3 ਰੋਜ਼ਾ ਫੁੱਟਬਾਲ ਟੂਰਨਾਮੈਂਟ ਅੱਜ ਤੋਂ



ਅਜਨਾਲਾ (ਸੁੱਖਤਿੰਦਰ ਸਿੰਘ ਰਾਜੂ)- ਸ਼ਹੀਦ ਮੇਜਰ ਸਰਵਣ ਸਪੋਰਟਸ ਕਲੱਬ ਅਜਨਾਲਾ (ਰਜਿ.) ਵੱਲੋਂ ਗ੍ਰਾਊਂਡ ਅਜਨਾਲਾ ਵਿਖੇ 3 ਰੋਜ਼ਾ ਫੁੱਟਬਾਲ ਟੂਰਨਾਮੈਂਟ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਹ ਟੂਰਨਾਮੈਂਟ 30 , 31 ਜਨਵਰੀ ਅਤੇ 1 ਫ਼ਰਵਰੀ ਨੂੰ ਖੇਡਿਆ ਜਾਵੇਗਾ। ਟੂਰਨਾਮੈਂਟ ਦਾ ਉਦਘਾਟਨ ਸਮਾਰੋਹ 30 ਜਨਵਰੀ ਨੂੰ ਸਵੇਰੇ 10 ਵਜੇ ਕਰਵਾਇਆ ਜਾਵੇਗਾ।ਟੂਰਨਾਮੈਂਟ ਵਿੱਚ ਇਲਾਕੇ ਦੀਆਂ ਵੱਖ-ਵੱਖ ਟੀਮਾਂ ਭਾਗ ਲੈ ਰਹੀਆਂ ਹਨ ਅਤੇ ਜੇਤੂ ਟੀਮਾਂ ਨੂੰ ਨਗਦ ਇਨਾਮ ਅਤੇ ਟ੍ਰਾਫੀਆਂ ਨਾਲ ਸਨਮਾਨਿਤ ਕੀਤਾ ਜਾਵੇਗਾ।ਟੂਰਨਾਮੈਂਟ ਲਈ ਭੁਪਿੰਦਰ ਸਿੰਘ ਬੈਂਕ ਵਾਲੇ, ਮੰਗਲ ਸਿੰਘ ਨਿੱਜਰ, ਤਲਵਿੰਦਰ ਸਿੰਘ ਪੁਰਖਾ, ਅਮਰਬੀਰ ਸਿੰਘ ਢਿੱਲੋਂ, ਕਾਬਲ ਸਿੰਘ ਨਿੱਜਰ, ਗੁਰਦੇਵ ਸਿੰਘ ਨਿੱਜਰ, ਸਿਮਰਨਜੀਤ ਸਿੰਘ ਨਿੱਜਰ, ਗੁਰਦੇਵ ਸਿੰਘ ਕੁੱਕਾ, ਹਰਿੰਦਰ ਸਿੰਘ ਹਨੀ ਸਮੇਤ ਜਸਬੀਰ, ਟੈਨੀ, ਕਾਕਾ, ਅਨਮੋਲ, ਜੋਬਨ, ਅਮਨ, ਲਵ, ਰਘਵ, ਗੋਪੀ, ਕੁਲਦੀਪ ਸਿੰਘ ਔਲਖ, ਮਨਜੀਤ ਸਿੰਘ ਕਰਮਜੀਤ ਸਿੰਘ ਗੋਲਡੀ, ਰਿਆਜ਼ ਮਾਸਟਰ, ਸੁਰਜਾਸ ਸਿੰਘ ਰਿਆਜ਼ ਅਤੇ ਅਮ੍ਰਿਤਪਾਲ ਸਿੰਘ ਰਾਹੂ ਵੱਲੋਂ ਵਿਸ਼ੇਸ਼ ਤੌਰ 'ਤੇ ਸਹਿਯੋਗ ਦਿੱਤਾ ਗਿਆ ਹੈ।

# ਸ਼ੋਭਾ ਯਾਤਰਾ ਨੂੰ ਲੈ ਕੇ ਅੱਜ ਅੱਧੀ ਛੁੱਟੀ

ਪਠਾਨਕੋਟ (ਦਵਿੰਦਰ ਸਿੰਘ) - ਡਾ. ਪੱਲਵੀ ਡਿਪਟੀ ਕਮਿਸ਼ਨਰ ਪਠਾਨਕੋਟ ਨੇ ਇੱਕ ਹੁਕਮ ਜਾਰੀ ਕਰਦਿਆਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਉਤਸਵ ਦੇ ਸਬੰਧ ਵਿੱਚ 30 ਜਨਵਰੀ ਨੂੰ ਸ੍ਰੀ ਗੁਰੂ ਰਵਿਦਾਸ ਸਭਾ ਪਠਾਨਕੋਟ ਅਤੇ ਡੇਰਾ ਸੁਆਮੀ ਜਗਤ ਗਿਰੀ ਟਰੱਸਟ, ਪਠਾਨਕੋਟ ਵੱਲੋਂ ਪਠਾਨਕੋਟ ਸ਼ਹਿਰ ਵਿੱਚ ਵਿਸ਼ਾਲ ਸ਼ੋਭਾ ਯਾਤਰਾ ਕੱਢੀ ਜਾ ਰਹੀ ਹੈ। ਸ਼ੋਭਾ ਯਾਤਰਾ ਕਰਕੇ ਸ਼ਹਿਰ ਦੇ ਟਰੈਫਿਕ ਦੇ ਕਈ ਰੂਟ ਡਾਇਵਰਟ ਕੀਤੇ ਗਏ ਹਨ। ਧਾਰਮਿਕ ਭਾਵਨਾਵਾਂ ਅਤੇ ਸਕੂਲਾਂ/ਕਾਲਜਾਂ ਦੇ ਵਿਦਿਆਰਥੀਆਂ ਦੀ ਸਹੂਲਤ ਅਤੇ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਜ਼ਿਲ੍ਹਾ ਪਠਾਨਕੋਟ ਦੀ ਹਦੂਦ ਅੰਦਰ ਆਉਂਦੇ ਸਾਰੇ ਸਰਕਾਰੀ/ਗੈਰ ਸਰਕਾਰੀ ਸਕੂਲਾਂ, ਕਾਲਜਾਂ ਵਿੱਚ ਮਿਤੀ 30.01.2026 ਨੂੰ ਪਿਛਲੇ ਅੱਧੇ ਦਿਨ ਦੀ ਛੁੱਟੀ ਘੋਸ਼ਿਤ ਕੀਤੀ ਜਾਂਦੀ ਹੈ। ਇਥੇ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਜਿਨ੍ਹਾਂ ਸਕੂਲਾਂ/ਕਾਲਜਾਂ ਵਿੱਚ ਬੋਰਡ/ਯੂਨੀਵਰਸਿਟੀ ਦੀਆਂ ਪ੍ਰੀਖਿਆਵਾਂ ਉਕਤ ਮਿਤੀ ਤੋਂ ਨਿਰਧਾਰਤ ਹਨ, ਉਨ੍ਹਾਂ ਸਕੂਲਾਂ/ਕਾਲਜਾਂ 'ਚ ਇਹ ਛੁੱਟੀ ਦੇ ਹੁਕਮ ਲਾਗੂ ਨਹੀਂ ਹੋਣਗੇ।

# ਚਾਇਨਾ ਡੋਰ ਨੇ 6 ਸਾਲਾ ਬੱਚੀ ਨੂੰ ਕੀਤਾ ਗੰਭੀਰ ਜ਼ਖ਼ਮੀ



ਮਜੀਠਾ (ਸੋਇਮ ਆਨੰਦ)-ਸੂਬੇ ਅੰਦਰ ਪਾਬੰਦੀਸ਼ੁਦਾ ਖ਼ੂਨੀ ਚਾਇਨਾ ਡੋਰ ਨਾਲ ਆਏ ਦਿਨ ਅਨੇਕਾਂ ਘਟਨਾਵਾਂ ਹੋ ਰਹੀਆਂ ਹਨ ਪਰ ਸਿਵਲ ਅਤੇ ਪੁਲਸ ਪ੍ਰਸ਼ਾਸਨ ਮੂਕ ਦਰਸ਼ਕ ਬਣ ਕੇ ਦੇਖ ਰਿਹਾ ਹੈ।ਇਸ ਬਾਬਤ ਅਧਿਕਾਰੀਆਂ ਵੱਲੋਂ ਕੋਈ ਤਸੱਲੀਬਖ਼ਸ਼ ਕਾਰਵਾਈ ਨਹੀਂ ਕੀਤੀ ਜਾ ਰਹੀ। ਜਿਸ ਕਰਕੇ ਇਹ ਹਾਦਸੇ ਨਿੱਤ ਦਿਨ ਵਾਪਰ ਰਹੇ ਹਨ। ਅੱਜ ਹੀ ਤਾਜ਼ਾ ਘਟਨਾ ਇਲਾਕੇ ਵਿਚ ਵਾਪਰੀ ਹੈ ਜਦ ਕਿ ਇੱਕ ਪਰਵਾਰ ਆਪਣੀ ਛੋਟੀ ਬੱਚੀ ਉਮਰ ਕਰੀਬ 6 ਸਾਲਾ ਨੂੰ ਮੋਟਰਸਾਈਕਲ ਦੇ ਅੱਗੇ ਬਿਠਾ ਕੇ ਅੰਮ੍ਰਿਤਸਰ ਤੋਂ ਫਤਹਿਗੜ੍ਹ ਚੂੜੀਆਂ ਸੜਕ 'ਤੇ ਪਿੰਡ ਨੰਗਲੀ ਭੱਠਾ ਤੋਂ ਵਾਇਆ ਮਜੀਠਾ ਜਾ ਰਿਹਾ ਸੀ ਕਿ ਪਿੰਡ ਭੋਮਾ ਦੇ ਨੇੜੇ ਮੋਟਰਸਾਈਕਲ ਸਵਾਰ ਪਤੀ ਪਤਨੀ ਤੇ ਬੱਚੀ ਤਿੰਨੋ ਹੀ ਇਸ ਖ਼ੂਨੀ ਚਾਇਨਾ ਡੋਰ ਦੇ ਲਪੇਟ ਵਿਚ ਆ ਗਏ ਅਤੇ ਅੱਗੇ ਬੈਠੀ 6 ਸਾਲਾ ਬੱਚੀ ਦੇ ਮੂੰਹ 'ਤੇ ਡੋਰ ਫਿਰਨ ਕਰਕੇ ਉਹ ਗੰਭੀਰ ਜਖਮੀ ਹੋ ਗਈ। ਜਿਸ ਨਾਲ ਬੱਚੀ ਦਾ ਮੂੰਹ ਦਾ ਜਬਾੜਾ ਬੁਰੀ ਤਰਾਂ ਵੱਢਿਆ ਗਿਆ। ਇਸ ਦੌਰਾਨ ਰਾਹਗੀਰਾਂ ਨੇ ਲਹੂ ਲੁਹਾਣ ਹੋਈ ਬੱਚੀ ਨੂੰ ਫਤੇਹਗੜ੍ਹ ਚੂੜੀਆਂ ਹਸਪਤਾਲ ਵਿਚ ਇਲਾਜ ਲਈ ਲਿਜਾਇਆ। ਜਿੱਥੇ ਡਾਕਟਰਾਂ ਨੇ ਉਸ ਬੱਚੀ ਨੂੰ ਅੰਮ੍ਰਿਤਸਰ ਹਸਪਤਾਲ ਵਿਚ ਰੈਫਰ ਕਰ ਦਿੱਤਾ। ਸਮਾਜ ਸੁਧਾਰ ਸੰਸਥਾ ਪੰਜਾਬ ਦੇ ਪ੍ਰਧਾਨ ਰਣਜੀਤ ਸਿੰਘ ਭੋਮਾ ਦੇ ਦੱਸਣ ਅਨੁਸਾਰ ਬੱਚੀ ਦੇ ਮੂੰਹ 'ਤੇ ਕਰੀਬ 40 ਟਾਂਕੇ ਲੱਗੇ ਹਨ। ਇਸ ਦੌਰਾਨ ਬੱਚੀ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ।ਗੱਲਬਾਤ ਕਰਦਿਆਂ ਪ੍ਰਧਾਨ ਰਣਜੀਤ ਸਿੰਘ ਭੋਮਾ ਨੇ ਕਿਹਾ ਕਿ ਇਸ ਡੋਰ ਦੇ ਵੇਚਣ, ਖਰੀਦਣ ਅਤੇ ਵਰਤਣ 'ਤੇ ਪਾਬੰਦੀ ਲੱਗੀ ਹੋਣ ਦੇ ਬਾਵਜੂਦ ਮਜੀਠਾ ਅਤੇ ਆਸ ਪਾਸ ਪਿੰਡਾਂ ਵਿਚ ਵੱਡੀ ਮਾਤਰਾ ਵਿਚ ਧੜੱਲੇ ਨਾਲ ਇਹ ਚਾਇਨਾ ਡੋਰ ਦੀ ਵਿਕਰੀ ਹੋਈ ਹੈ। ਪਰ ਹੈਰਾਨੀ ਵਾਲੀ ਗੱਲ ਹੈ ਮਜੀਠਾ ਦੇ ਲਾਗਲੇ ਥਾਣਿਆਂ ਦੀ ਪੁਲਸ ਵੱਲੋਂ ਹੁਣ ਤੱਕ ਇੱਕ ਵੀ ਮਾਮਲਾ ਇਨ੍ਹਾਂ ਡੋਰ ਵੇਚਣ ਵਾਲਿਆਂ ਜਾਂ ਵਰਤਣ ਵਾਲਿਆਂ ਖਿਲਾਫ ਦਰਜ ਨਹੀਂ ਕੀਤਾ। ਭੋਮਾ ਨੇ ਮੰਗ ਕੀਤੀ ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ ਸਖ਼ਤੀ ਨਾਲ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ ਅਤੇ ਘੱਟ ਤੋਂ ਘੱਟ 20 ਸਾਲ ਦੀ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ ਤਾਂ ਕਿ ਅੱਗੇ ਤੋਂ ਕੋਈ ਵਿਅਕਤੀ ਇਸ ਖ਼ੂਨੀ ਚਾਇਨਾ ਡੋਰ ਦੀ ਵਿਕਰੀ ਜਾਂ ਵਰਤੋਂ ਨਾ ਕਰ ਸਕੇ ਅਤੇ ਮਨੁੱਖੀ ਜਾਨਾਂ ਦਾ ਬਚਾਅ ਹੋ ਸਕੇ।

## ਬਾਬਾ ਦੀਪ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਿਤ ਲੰਗਰ ਲਾਇਆ



ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)-ਧੰਨ-ਧੰਨ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਅਜਨਾਲਾ ਸ਼ਹਿਰ ਵਿੱਚ ਚੁਗਾਵਾਂ ਰੋਡ ਵਿਖੇ ਪਾਰਸ ਕਰੋਕਰੀ ਵਾਲਿਆਂ ਵੱਲੋਂ ਅਤੇ ਸਹਿਯੋਗੀ ਸੇਵਾਦਾਰਾਂ ਵੱਲੋਂ ਰਲ ਕੇ ਬਾਬਾ ਲੰਗਰ ਲਗਾਇਆ ਗਿਆ। ਇਸ ਮੌਕੇ ਬੋਲਦਿਆਂ ਪਾਰਸ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਗੁਰੂ ਮਹਾਰਾਜ ਦੇ ਪਾਏ ਹੋਏ ਪੂਰਨਿਆਂ 'ਤੇ ਚੱਲਣਾ ਚਾਹੀਦਾ ਅਤੇ ਜਵਾਨੀ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਆਪਣੀ ਵਧੀਆ ਜ਼ਿੰਦਗੀ ਜਿਊਣੀ ਚਾਹੀਦੀ ਹੈ। ਇਸ ਮੌਕੇ ਨਗਰ ਪੰਚਾਇਤ ਅਜਨਾਲਾ ਦੇ ਪ੍ਰਧਾਨ ਜਸਪਾਲ ਸਿੰਘ ਭੱਟੀ, ਗੁਰਦੀਪ ਸਿੰਘ ਸਰਸਾ, ਸ਼ੁਭ ਸਰਸਾ, ਮੇਜਰ ਸਿੰਘ, ਬਿੱਟਾ ਸਹਿਗਲ, ਵਿਸ਼ਵ ਕੁਮਾਰ, ਗੋਰਾ ਸਾਹੋਵਾਲ ਸ਼ਾਹ ਤਲਵੰਡੀ ਆਦਿ ਹਾਜ਼ਰ ਸਨ।

## ਜੀ ਆਰ ਡੀ ਕਾਨਵੈਂਟ ਸਕੂਲ 'ਚ ਗਣਤੰਤਰ ਦਿਵਸ ਮਨਾਇਆ



ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਜੀ. ਆਰ. ਡੀ. ਕਾਨਵੈਂਟ ਸਕੂਲ ਵਿੱਚ ਗਣਤੰਤਰ ਦਿਵਸ ਬੜੇ ਹੀ ਉਤਸ਼ਾਹ ਅਤੇ ਦੇਸ਼ਭਗਤੀ ਦੇ ਮਾਹੌਲ ਵਿੱਚ ਮਨਾਇਆ ਗਿਆ।ਇਸ ਮੌਕੇ ਨਰਸਰੀ ਤੋਂ ਲੈ ਕੇ ਦੂਜੀ ਕਲਾਸ ਤੱਕ ਦੇ ਛੋਟੇ-ਛੋਟੇ ਬੱਚਿਆਂ ਵੱਲੋਂ ਰੰਗਾ-ਰੰਗ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ ਗਏ।ਬੱਚਿਆਂ ਨੇ ਦੇਸ਼ਭਗਤੀ ਗੀਤਾਂ, ਨ੍ਰਿਤ ਅਤੇ ਹੋਰ ਮਨਮੋਹਕ ਪ੍ਰਸਤੁਤੀਆਂ ਰਾਹੀਂ ਦਰਸ਼ਕਾਂ ਦਾ ਦਿਲ ਜਿੱਤ ਲਿਆ।ਇਸ ਸਮਾਰੋਹ ਦੌਰਾਨ ਦੇਸ਼ ਨਾਲ ਪਿਆਰ ਅਤੇ ਇਕਤਾ ਦਾ ਸੰਦੇਸ਼ ਦਿੱਤਾ ਗਿਆ। ਬੱਚਿਆਂ ਦੀਆਂ ਸ਼ਾਨਦਾਰ ਪੇਸ਼ਕਾਰੀਆਂ ਨੇ ਹਾਜ਼ਰ ਦਰਸ਼ਕਾਂ ਨੂੰ ਭਾਵੁਕ ਕਰ ਦਿੱਤਾ ਅਤੇ ਸਭ ਵੱਲੋਂ ਤਾਲੀਆਂ ਦੀ ਗੂੰਜ ਸੁਣੀ ਗਈ।ਇਸ ਮੌਕੇ ਸਕੂਲ ਦੀ ਐੱਮ. ਡੀ. ਮੈਡਮ ਸੰਤੋਸ਼ ਬਜਾਜ, ਪ੍ਰਿੰਸੀਪਲ ਗੁਰਦਰਸ਼ਨ ਬਜਾਜ ਅਤੇ ਕੋਆਰਡੀਨੇਟਰ ਰੇਨੂ ਸ਼ਰਮਾ ਨੇ ਬੱਚਿਆਂ ਦੀ ਹੌਸਲਾ ਅਫ਼ਜ਼ਾਈ ਕੀਤੀ ਅਤੇ ਉਨ੍ਹਾਂ ਦੇ ਉਜਲ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।ਇਸ ਸਮਾਰੋਹ ਨੂੰ ਸਫ਼ਲ ਬਣਾਉਣ ਵਿੱਚ ਅਧਿਆਪਕਾਂ ਐੱਸ. ਕੇ. ਸਮਰੀਨ, ਰਮਨ, ਗੀਤਾ, ਸੋਨੀਆ, ਡਿੰਪਲ, ਨਵਜੋਤ, ਸਪਨਾ, ਮਹਿਕ, ਲਵਪ੍ਰੀਤ, ਨਵਦੀਪ ਅਤੇ ਹੋਰ ਸਟਾਫ ਮੈਂਬਰਾਂ ਦਾ ਵਿਸ਼ੇਸ਼ ਯੋਗਦਾਨ ਰਿਹਾ।

## ਸਿਵਲ ਡਿਫੈਂਸ ਸਿਖਲਾਈ ਤੇ ਸਮਰੱਥਾ ਨਿਰਮਾਣ ਯੋਜਨਾ ਤਹਿਤ ਦੂਜੇ ਕੈਂਪ ਦੀ ਸ਼ੁਰੂਆਤ



ਬਟਾਲਾ, (ਡਾ. ਮਲਵਿੰਦਰ ਸਿੰਘ)-ਸੰਜੀਵ ਕਾਲੜਾ ਆਈਪੀਐੱਸ ਡਾਇਰੈਕਟਰ ਜਰਨਲ ਆਫ ਪੁਲਸ, ਪੰਜਾਬ ਹੋਮ ਗਾਰਡਜ ਅਤੇ ਡਾਇਰੈਕਟਰ ਸਿਵਲ ਡਿਫੈਂਸ ਪੰਜਾਬ ਅਤੇ ਅਡੀਸ਼ਨਲ ਕਮਾਡੈਂਟ ਜਨਰਲ ਹਰਮਨਜੀਤ ਸਿੰਘ, ਡਵੀਜਨਲ ਕਮਾਡੈਂਟ ਅਨਿਲ ਕੁਮਾਰ ਪਰੂਥੀ ਜਲੰਧਰ ਦੇ ਨਿਰਦੇਸ਼ ਅਨੁਸਾਰ ਰਵੇਲ ਸਿੰਘ ਰੰਧਾਵਾ ਜ਼ਿਲ੍ਹਾ ਕਮਾਂਡਰ ਅਤੇ ਅਡੀਸ਼ਨਲ ਕੰਟਰੋਲਰ ਸਿਵਲ ਡਿਫੈਂਸ ਗੁਰਦਾਸਪੁਰ ਦੀ ਅਗਵਾਈ ਵਿੱਚ ਦੂਸਰਾ 07 ਰੋਜ਼ਾ ਸਿਵਲ ਡਿਫੈਂਸ ਦੀ ਸਿਖਲਾਈ ਅਤੇ ਸਮਰੱਥਾ ਨਿਰਮਾਣ ਯੋਜਨਾ ਤਹਿਤ ਕੈਂਪ ਦੀ ਸਰਕਾਰੀ ਕਾਲਜ ਵਿਖੇ ਸ਼ੁਰੂਆਤ ਹੋਈ।ਕੈਂਪ ਵਿੱਚ ਪ੍ਰਿੰਸੀਪਲ ਅਸ਼ਵਨੀ ਕੁਮਾਰ ਭੱਲਾ, ਇੰਸਟੈਕਟਰ, ਕੈਂਪ ਐਡਮਿਨ, ਸਟੋਰ ਸੁਪਰਡੈਂਟ ਗੁਰਦਾਸਪੁਰ ਤੇ ਬਟਾਲਾ, ਹਰਬਖਸ਼ ਸਿੰਘ ਦੇ ਨਾਲ 120 ਵਲੰਟੀਅਰ ਹਾਜ਼ਰ ਹੋਏ।ਇਸ ਦੌਰਾਨ ਸਿਖਿਆਰਥੀਆਂ ਨੂੰ ਨਾਗਰਿਕ ਸੁੱਰਖਿਆ, ਫਾਇਰ ਸੇਫਟੀ, ਮੁੱਢਲੀ ਸਹਾਇਤਾ, ਸੀਪੀਆਰ, ਡੁੱਬਦੇ ਨੂੰ ਬਚਾਉਣਾ, ਕੁਦਰਤੀ ਅਤੇ ਗੈਰ-ਕੁਦਰਤੀ ਆਫਤਾਂ, ਰੋਡ ਸੈਫਟੀ, ਲਿਫਟਿੰਗ-ਸਿਫਟਿੰਗ, ਅਪਨੀ ਸੁਰੱਖਿਆ ਕਰਦੇ ਹੋਏ ਰਾਹਤ ਕਾਰਜਾਂ ਵਿੱਚ ਹਿੱਸਾ ਲੈਣਾ ਆਦਿ ਬਾਰੇ ਦੱਸਿਆ ਤੇ ਅਭਿਆਸ ਕਰਵਾਇਆ ਜਾਵੇਗਾ।ਇਨ੍ਹਾਂ ਸਾਰੇ ਵਲੰਟੀਅਰਾਂ ਨੂੰ ਆਖਿਰ ਵਿੱਚ ਸਰਟੀਫਿਕੇਟ, ਟਰੈਕ ਸੂਟ, ਟੀ-ਸ਼ਰਟ, ਸਿਵਲ ਡਿਫੈਂਸ ਦੀਆਂ ਕਿਤਾਬਾਂ ਵੰਡੀਆਂ ਜਾਣ ਗਈਆਂ।ਇਨ੍ਹਾਂ ਵਲੰਟੀਅਰਾਂ ਨੂੰ ਰੋਜ਼ਾਨਾ ਰਿਫਰੈਸ਼ਮੈਂਟ ਵੀ ਦਿੱਤੀ ਜਾਵੇਗੀ।

## ਸ਼ਹੀਦ ਭਾਈ ਸਰਵਨ ਸਿੰਘ ਲਾਧੂਪੁਰ ਦੀ ਯਾਦ 'ਚ ਸ਼ਹੀਦੀ ਸਮਾਗਮ 2 ਨੂੰ



ਧਾਰੀਵਾਲ/ਕਾਹਨੂੰਵਾਨ(ਮਨਦੀਪ ਵਿੱਕੀ)-ਕਸਬਾ ਕਾਹਨੂੰਵਾਨ ਦੇ ਅੰਦਰ ਸਿੰਘ ਬ੍ਰਦਰ ਦੁਕਾਨ 'ਤੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਬਾਬੂ ਗੁਰਚਰਨ ਸਿੰਘ ਫਰੀਡਮ ਫਾਈਟਰ ਚੈਰੀਟੇਬਲ ਟਰਸਟ ਦੇ ਪ੍ਰਧਾਨ ਬਖਤਾਰ ਸਿੰਘ ਨੇ ਕਿਹਾ ਕਿ ਸ਼ਹੀਦ ਭਾਈ ਸਰਵਣ ਸਿੰਘ ਲਾਧੂਪੁਰ ਦੀ ਮਿੱਠੀ ਯਾਦ ਅਤੇ ਕੌਮ ਦੇ ਸਮੂਹ ਸ਼ਹੀਦਾਂ ਨੂੰ ਸਮਰਪਤ ਗੁਰਮਤਿ ਸ਼ਹੀਦੀ ਸਮਾਗਮ ਕਰਾਇਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਇਹ ਸ਼ਹੀਦੀ ਸਮਾਗਮ 2 ਫਰਵਰੀ ਨੂੰ ਸਵੇਰੇ 10 ਵਜੇ ਤੋਂ ਲੈ ਕੇ 2 ਵਜੇ ਤੱਕ ਬਾਪੂ ਗੁਰਚਰਨ ਸਿੰਘ ਫਰੀਡਮ ਫਾਈਟਰ ਸਮਾਰਕ ਲਾਧੂਪੁਰ ਵਿਖੇ ਕਰਾਇਆ ਜਾ ਰਿਹਾ ਹੈ।

ਇਸ ਸਮੇਂ ਦਲ ਖਾਲਸਾ ਦੇ ਜ਼ਿਲ੍ਹਾ ਪ੍ਰਧਾਨ ਦਿਲਬਾਗ ਸਿੰਘ ਨੇ ਕਿਹਾ ਕਿ ਇਸ ਸ਼ਹੀਦੀ ਸਮਾਗਮ ਵਿੱਚ ਭਾਈ ਨਰਾਇਣ ਸਿੰਘ ਚੌੜਾ, ਬਲਵਿੰਦਰ ਸਿੰਘ ਪੱਖੋਕੇ, ਹਰਬੰਸ ਸਿੰਘ ਮੰਜਪੁਰ, ਪ੍ਰਿੰਸੀਪਲ ਸਵਰਨ ਸਿੰਘ ਵਿਰਕ, ਐਡਵੋਕੇਟ ਸਿਮਰਨਜੀਤ ਸਿੰਘ ਹਾਈ ਕੋਰਟ ਅਤੇ ਭਾਈ ਰਣਜੀਤ ਸਿੰਘ ਟਕਸਾਲ ਅਤੇ ਜਸਵਿੰਦਰ ਸਿੰਘ ਕਾਹਨੂੰਵਾਨ ਕਥਾਵਾਚਕ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਪਹੁੰਚ ਰਹੇ ਹਨ। ਇਸ ਸਮੇਂ ਉੱਥੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਇਸਤਰੀ ਪ੍ਰਧਾਨ ਬੀਬੀ ਕੁਲਵਿੰਦਰ ਕੌਰ ਖਾਲਸਾ ਅਤੇ ਵਾਰਿਸ ਪੰਜਾਬ ਤੋਂ ਪ੍ਰਿੰਸ ਕਾਹਨੂੰਵਾਨ ਤੇ ਲਖਵੀਰ ਸਿੰਘ ਖਾਲਸਾ ਹਾਜ਼ਰ ਸਨ।

## ਬੀ ਐੱਸ ਐੱਫ਼ ਵੱਲੋਂ ਪਾਕਿਸਤਾਨੀ ਤਸਕਰ ਢੇਰ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਡੇਰਾ ਬਾਬਾ ਨਾਨਕ ਨਜ਼ਦੀਕ ਪੈਂਦੀ ਅੰਤਰਰਾਸ਼ਟਰੀ ਸਰਹੱਦ ਘਣੀਏ ਕੇ ਬੇਟ ਵਿਖੇ ਭਾਰਤੀ ਖੇਤਰ ਵਿਚ ਪ੍ਰਵੇਸ਼ ਕਰ ਰਹੇ ਪਾਕਿਸਤਾਨੀ ਘੁਸਪੈਠੀਆਂ ਨੂੰ ਬੀ.ਐਸ.ਐਫ਼. ਦੇ ਜਵਾਨਾਂ ਵਲੋਂ ਗੋਲੀਆਂ ਮਾਰ ਕੇ ਮਾਰਨ ਦੀ ਖ਼ਬਰ ਸਾਹਮਣੇ ਆਈ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਬੀ ਐੱਸ ਐੱਫ਼ ਦੀ 113 ਬਟਾਲੀਅਨ ਦੀ ਬੀ.ਓ.ਪੀ.ਘਣੀਆ ਕੇ ਬੇਟ ਦੇ ਨਜ਼ਦੀਕ ਅੰਤਰਰਾਸ਼ਟਰੀ ਸਰਹੱਦ 'ਤੇ ਬੀ ਐੱਸ ਐੱਫ਼ ਦੇ ਚੌਕਸ ਜਵਾਨਾਂ ਵਲੋਂ ਭਾਰਤ ਪਾਕਿ ਆਈ ਈ ਬੀ ਪਾਰ ਕਰਕੇ ਭਾਰਤੀ ਖੇਤਰ ਵਿਚ ਪ੍ਰਵੇਸ਼ ਕੀਤੇ ਘੁਸਪੈਠੀਆਂ ਨੂੰ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ ਗਿਆ ਹੈ। ਬੀ ਐੱਸ ਐੱਫ਼ ਵੱਲੋਂ ਕੰਡਿਆਲੀ ਤਾਰ ਨੇੜੇ ਤਲਾਸ਼ੀ ਮੁਹਿੰਮ ਸ਼ੁਰੂ ਕਰ ਦਿੱਤੀ ਗਈ ਹੈ।

## ਬਿਨਾਂ ਪੈਸੇ ਦਿੱਤੇ ਤੇਲ ਪਵਾ ਕੇ ਕਾਰ ਚਾਲਕ ਹੋਏ ਰਫੂ-ਚੱਕਰ

ਗੁਰਦਾਸਪੁਰ, (ਜਨਕ ਮਹਾਜਨ)-ਗੁਰਦਾਸਪੁਰ-ਮੁਕੇਰੀਆਂ ਸੜਕ 'ਤੇ ਪੈਂਦੇ ਪਿੰਡ ਚਾਵਾ ਵਿਖੇ ਸਥਿਤ ਪੈਟਰੋਲ ਪੰਪ ਤੋਂ ਗੱਡੀ ਚਾਲਕਾਂ ਵੱਲੋਂ ਤੇਲ ਪਵਾਉਣ ਤੋਂ ਬਾਅਦ ਬਿਨਾਂ ਪੈਸੇ ਦਿੱਤੇ ਫਰਾਰ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸਬੰਧੀ ਪੈਟਰੋਲ ਪੰਪ ਦੇ ਇੱਕ ਕਰਿੰਦੇ ਨੇ ਦੱਸਿਆ ਕਿ ਐਤਵਾਰ 4 ਵਜੇ ਦੇ ਕਰੀਬ ਇੱਕ ਗੱਡੀ ਤੇਲ ਪਵਾਉਣ ਲਈ ਆਈ ਜਿਸ ਵਿੱਚ ਇੱਕ ਕਿੰਨਰ ਅਤੇ ਇੱਕ ਆਦਮੀ ਬੈਠਾ ਹੋਇਆ ਸੀ। ਉਸ ਨੇ ਦੱਸਿਆ ਕਿ ਗੱਡੀ ਚਾਲਕ ਵੱਲੋਂ ਗੱਡੀ ਵਿੱਚ 2000 ਤਾਂ ਤੇਲ ਪਵਾਇਆ ਗਿਆ ਅਤੇ ਗੱਡੀ ਵਿੱਚ ਤੇਲ ਪਵਾਉਣ ਤੋਂ ਬਾਅਦ ਗੱਡੀ ਚਾਲਕ ਵੱਲੋਂ ਪੈਸਿਆਂ ਦੀ ਪੇਮੈਂਟ ਆਨਲਾਈਨ ਕਰਨ ਲਈ ਕਿਹਾ ਗਿਆ। ਜਦੋਂ ਉਹ ਆਨਲਾਈਨ ਪੇਮੈਂਟ ਕਰਵਾਉਣ ਲਈ ਸਕੈਨਰ ਦੇਣ ਲੱਗਾ ਤਾਂ ਗੱਡੀ ਚਾਲਕ ਤੇਜ਼ੀ ਨਾਲ ਗੱਡੀ ਭਜਾ ਕੇ ਉਥੋਂ ਫਰਾਰ ਹੋ ਗਏ। ਉਨ੍ਹਾਂ ਨੇ ਦੱਸਿਆ ਕਿ ਦੋ ਹਜ਼ਾਰ ਦੇ ਕਰੀਬ ਗੱਡੀ ਚਾਲਕ ਵੱਲੋਂ ਤੇਲ ਗੱਡੀ ਵਿੱਚ ਭਰਵਾਇਆ ਗਿਆ ਜਿਸ ਦੇ ਪੈਸੇ ਨਹੀਂ ਦਿੱਤੇ। ਉਨ੍ਹਾਂ ਜ਼ਿਲ੍ਹਾ ਪੁਲਸ ਮੁਖੀ ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਗੱਡੀ ਵਿੱਚ ਤੇਲ ਪਵਾ ਕਿ ਭੱਜਣ ਵਾਲੇ ਗੱਡੀ ਚਾਲਕਾਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ।

# ਗੁਰੂ ਨਾਨਕ ਦੇਵ 'ਵਰਸਿਟੀ 'ਚ ਇਸੈਂਸ਼ਲ ਸਕਿੱਲ ਵਰਕਸ਼ਾਪ ਆਨ ਇਲੈਕਟ੍ਰੀਕਲਜ਼ ਕੰਪਿਊਟਰ ਹਾਰਡਵੇਅਰ 'ਤੇ ਵਰਕਸ਼ਾਪ



ਪੱਟੀ, (ਬਲਦੇਵ ਸਿੰਘ ਸੰਧੂ)-ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਪੱਟੀ ਵਿਖੇ ਕਾਲਜ ਦੇ ਕੰਪਿਊਟਰ ਵਿਭਾਗ ਵੱਲੋਂ ਕਾਲਜ ਪ੍ਰਿੰਸੀਪਲ ਕਿੰਦਰਜੀਤ ਕੌਰ ਦੀ ਯੋਗ ਅਗਵਾਈ ਵਿੱਚ 'ਇਸੈਂਸ਼ਲ ਸਕਿੱਲ ਵਰਕਸ਼ਾਪ ਆਨ ਇਲੈਕਟ੍ਰੀਕਲਜ਼, ਕੰਪਿਊਟਰ ਹਾਰਡਵੇਅਰ, ਸਾਫਟਵੇਅਰ ਐਂਡ ਪਲੰਬਿੰਗ ਸਕਿੱਲਜ਼' ਵਿਸ਼ੇ 'ਤੇ 27 ਅਤੇ 28 ਜਨਵਰੀ ਨੂੰ ਦੋ ਦਿਨਾ ਨੈਸ਼ਨਲ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਸ ਵਰਕਸ਼ਾਪ ਨੂੰ ਰਾਸ਼ਟਰੀ ਉੱਚਤਰ ਸਿੱਖਿਆ ਅਭਿਆਨ' ਵੱਲੋਂ ਸਪਾਂਸਰ ਕੀਤਾ ਗਿਆ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਗੋਲਡਨ ਜੁਬਲੀ ਸੈਂਟਰ ਫਾਰ ਐਂਟਰਪ੍ਰਨਿਊਰਸ਼ਿਪ ਐਂਡ ਇਨੋਵੇਸ਼ਨ ਵੱਲੋਂ ਸਹਿਯੋਗ ਕੀਤਾ ਗਿਆ। ਵਰਕਸ਼ਾਪ ਦੇ ਪਹਿਲੇ ਦਿਨ ਡਾ. ਵਿਭਾ ਚੋਪੜਾ, ਫਿਜ਼ਿਕਸ ਵਿਭਾਗ, ਗੁਰੂਗ੍ਰਾਮ ਯੂਨੀਵਰਸਿਟੀ, ਗੁਰੂਗ੍ਰਾਮ, ਹਰਿਆਣਾ ਅਤੇ ਇੰਜੀ. ਸੰਦੀਪ ਕੌਰ, ਕੰਪਿਊਟਰ ਸਾਇੰਸ ਐਂਡ ਇੰਜੀਨੀਅਰਿੰਗ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਲੈਕਚਰ ਦੇਣ ਲਈ ਰਿਸੋਰਸ ਪਰਸਨ ਦੇ ਤੌਰ 'ਤੇ ਪਹੁੰਚੇ। ਵਰਕਸ਼ਾਪ ਦੇ ਕੋਆਰਡੀਨੇਟਰ ਡਾ. ਅਨੂ ਮਿੱਤਲ ਅਤੇ ਡਾ. ਰਮਨਪ੍ਰੀਤ ਕੌਰ ਔਲਖ ਵੱਲੋਂ ਉਹਨਾਂ ਦਾ ਨਿੱਘਾ ਸਵਾਗਤ ਕੀਤਾ ਗਿਆ।ਡਿਪਟੀ ਕੋਆਡੀਨੇਟਰ ਗੁਰਜੀਤ ਵੱਲੋਂ ਵਰਕਸ਼ਾਪ ਬਾਰੇ ਜਾਣਕਾਰੀ ਦਿੱਤੀ ਗਈ। ਡਾ. ਵਿਭਾ ਚੋਪੜਾ ਨੇ ਇਲੈਕਟਰੀਕਲ ਸਰਕਟ ਬਾਰੇ ਦੱਸਦਿਆਂ ਹੋਇਆਂ ਵਿਦਿਆਰਥੀਆਂ ਨੂੰ ਟ੍ਰੇਨਿੰਗ ਦਿੱਤੀ। ਵਰਕਸ਼ਾਪ ਵਿੱਚ ਇੰਜੀ. ਸੰਦੀਪ ਕੌਰ ਵੱਲੋਂ ਕੰਪਿਊਟਰ ਹਾਰਡਵੇਅਰ ਅਤੇ ਸਾਫਟਵੇਅਰ ਬਾਰੇ ਵਿਦਿਆਰਥੀਆਂ ਨੂੰ ਪ੍ਰੈਕਟੀਕਲ ਟ੍ਰੇਨਿੰਗ ਦਿੱਤੀ ਗਈ । ਪ੍ਰੋ. ਮਨਜਿੰਦਰ ਕੌਰ, ਪ੍ਰੋ ਹੇਮਰਾਜ, ਪ੍ਰੋ ਨਿਸ਼ਾ ਸ਼ਰਮਾ ਨੇ ਵਿਦਿਆਰਥੀਆਂ ਨੂੰ ਵਰਕਸ਼ਾਪ ਦੀ ਮਹੱਤਤਾ ਬਾਰੇ ਜਾਣਕਾਰੀ ਦਿੰਦਿਆਂ ਹੋਇਆਂ ਉਹਨਾਂ ਨੂੰ ਕਾਰੋਬਾਰੀ ਉੱਦਮਿਤਾ ਦੀਆਂ ਯੋਗਤਾਵਾਂ ਅਤੇ ਹੁਨਰ ਵਿਕਸਿਤ ਕਰਨ ਲਈ ਪ੍ਰੇਰਿਤ ਕੀਤਾ। ਮੰਚ ਸੰਚਾਲਨ ਪ੍ਰੋ ਤਨਬੀਰ ਕੌਰ, ਪ੍ਰੋ ਸਮੀਕਸ਼ਾ ਮੇਹਰਾ, ਡਾ ਅਨੁਪਮ ਸੂਦ ਅਤੇ ਪ੍ਰੋ. ਸਿਮਰਜੀਤ ਕੌਰ ਵੱਲੋਂ ਕੀਤਾ ਗਿਆ।ਵਰਕਸ਼ਾਪ ਦੇ ਦੂਸਰੇ ਦਿਨ ਇੰਜੀ. ਪ੍ਰੀਤ ਮਹਿੰਦਰ, ਟੈਕਨੋਵੇਵ ਆਈ ਟੀ ਆਈ, ਨੌਸ਼ਹਿਰਾ ਪਨੂੰਆਂ ਅਤੇ ਜਸਪਾਲ ਸਿੰਘ, ਇੰਸਟਰੱਕਟਰ, ਸਰਕਾਰੀ ਆਈ ਟੀ ਆਈ, ਪੱਟੀ ਬਤੌਰ ਰਿਸੋਰਸ ਪਰਸਨ ਪਹੁੰਚੇ । ਉਹਨਾਂ ਨੇ ਵਿਦਿਆਰਥੀਆਂ ਨੂੰ ਇਲੈਕਟਰੀਕਲ ਅਤੇ ਪਲੰਬਿੰਗ ਸਕਿੱਲਜ਼ ਵਿਕਸਿਤ ਕਰਨ ਲਈ ਟ੍ਰੇਨਿੰਗ ਦਿੱਤੀ। ਇਸ ਵਰਕਸ਼ਾਪ ਦਾ ਉਦੇਸ਼ ਉੱਦਮੀਆਂ ਦੀ ਅਗਲੀ ਪੀੜ੍ਹੀ ਨੂੰ ਨੌਕਰੀ ਲੱਭਣ ਵਾਲਿਆਂ ਦੀ ਬਜਾਏ ਨੌਕਰੀ ਸਿਰਜਣਹਾਰ ਬਣਨ ਦੇ ਟੀਚੇ 'ਤੇ ਜ਼ੋਰ ਦੇ ਕੇ ਪ੍ਰੇਰਿਤ ਕਰਨਾ ਸੀ। ਇਸ ਵਰਕਸ਼ਾਪ ਦੌਰਾਨ ਸਮੂਹ ਸਟਾਫ ਮੈਂਬਰ ਅਤੇ ਵਿਦਿਆਰਥੀ ਹਾਜ਼ਰ ਸਨ।

# ਮਜ਼ਦੂਰਾਂ-ਕਿਸਾਨਾਂ ਦੇ ਹੱਕਾਂ ਲਈ ਲੜਨ ਵਾਲੇ ਕਾਮਰੇਡ ਜਸਪਾਲ ਝਬਾਲ ਦਾ ਦੇਹਾਂਤ



ਤਰਨ ਤਾਰਨ ( ਪ੍ਰਿਤਪਾਲ ਸਿੰਘ)-ਸੀ ਪੀ ਐੱਮ ਪੰਜਾਬ ਅਤੇ ਆਰ ਐੱਮ ਪੀ ਆਈ ਦੀ ਸਥਾਪਨਾ ਕਰਨ ਵਾਲੇ ਮੁਢਲੇ ਆਗੂਆਂ 'ਚ ਸ਼ੁਮਾਰ ਕਾਮਰੇਡ ਜਸਪਾਲ ਸਿੰਘ ਝਬਾਲ ਵੀਰਵਾਰ ਸਵੇਰੇ ਸਦੀਵੀ ਵਿਛੋੜਾ ਦੇ ਗਏ।ਉਹ ਪਿਛਲੇ ਕਾਫੀ ਸਮੇਂ ਤੋਂ ਬਿਮਾਰ ਸਨ।ਸਾਥੀ ਝਬਾਲ ਨੇ ਮਜ਼ਦੂਰਾਂ-ਕਿਸਾਨਾਂ, ਮਿਹਨਤੀ ਤਬਕਿਆਂ ਦੇ ਹੱਕਾਂ-ਹਿਤਾਂ ਦੀ ਰਾਖੀ ਲਈ ਲੜੇ ਗਏ ਅਨੇਕਾਂ ਘੋਲਾਂ ਦੀ ਅਗਵਾਈ ਕੀਤੀ ਸੀ। ਉਨ੍ਹਾਂ ਦੀ ਸ਼ਾਨਦਾਰ ਸ਼ਖਸੀਅਤ ਦੀ ਸਭ ਤੋਂ ਸਖ਼ਤ ਪਰਖ ਉਦੋਂ ਹੋਈ ਸੀ ਜਦੋਂ ਖਾਲਿਸਤਾਨੀ ਦਹਿਸ਼ਤਗਰਦਾਂ ਦੇ ਅਮਾਨਵੀ ਕਾਰਿਆਂ ਦਾ ਵਿਰੋਧ ਕਰਦਿਆਂ ਉਹ ਅਨੇਕਾਂ ਵਾਰ ਮੌਤ ਦੇ ਮੂੰਹ ਜਾ ਪਏ ਸਨ। ਸਾਥੀ ਝਬਾਲ ਨੇ ਉਦੋਂ ਜਾਨ ਹੂਲ ਕੇ ਮਾਨਵੀ ਸਰੋਕਾਰਾਂ ਤੇ ਪਾਰਟੀ ਦੀ ਲਾਈਨ 'ਤੇ ਡਟਵਾਂ ਪਹਿਰਾ ਦਿੱਤਾ। ਉਨ੍ਹਾਂ ਕਾਫੀ ਸਮਾਂ ਹਥਿਆਰਬੰਦ ਮੋਰਚੇ ਦੀ ਅਗਵਾਈ ਕਰਦਿਆਂ ਮਨੁੱਖਤਾ ਦੇ ਕਾਤਲਾਂ ਨੂੰ ਤਕੜੀ ਵੰਗਾਰ ਪਾਈ ਸੀ। ਸਾਥੀ ਝਬਾਲ ਨੇ ਆਪਣੀਆਂ ਦੋਨੋਂ ਧੀਆਂ ਰੋਜ਼ ਦੀਪ ਤੇ ਵਤਨ ਦੀਪ ਨੂੰ ਪਾਰਟੀ ਸੰਗ ਜੋੜਿਆ ਤੇ ਉਨ੍ਹਾਂ ਦੇ ਵਿਆਹ ਵੀ ਪਾਰਟੀ ਤੇ ਖੱਬੀ ਲਹਿਰ ਨਾਲ ਜੁੜੇ ਪਰਵਾਰਾਂ 'ਚ ਹੀ ਕੀਤੇ ਹਨ। ਬੀ ਕੇ ਯੂ ਉਗਰਾਹਾਂ ਦੇ ਹਰਿਆਣਾ ਦੇ ਆਗੂ ਨਿਰਭੈ ਸਿੰਘ ਰਤੀਆ ਤੇ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਪੰਜਾਬ ਦੇ ਪ੍ਰਧਾਨ ਸਾਥੀ ਮਨਜਿੰਦਰ ਸਿੰਘ ਢੇਸੀ ਉਨ੍ਹਾਂ ਦੇ ਦਾਮਾਦ ਹਨ। ਜਸਪਾਲ ਝਬਾਲ ਦੀ ਸੁਪਤਨੀ ਲਖਵਿੰਦਰ ਕੌਰ ਪਾਰਟੀ ਦੀ ਕੇਂਦਰੀ ਕਮੇਟੀ ਦੇ ਮੈਂਬਰ ਸਾਥੀ ਗੁਰਨਾਮ ਸਿੰਘ ਦਾਊਦ ਦੀ ਛੋਟੀ ਭੈਣ ਹੈ।ਸਾਥੀ ਜਸਪਾਲ ਝਬਾਲ ਦੇ ਦੁਖਦਾਈ ਵਿਛੋੜੇ ਨਾਲ ਪਾਰਟੀ, ਲਹਿਰ ਤੇ ਪਰਵਾਰ ਨੂੰ ਵੱਡਾ ਘਾਟਾ ਪਿਆ ਹੈ। ਪਾਰਟੀ ਦੀ ਤਰਨ ਤਾਰਨ ਜ਼ਿਲ੍ਹਾ ਕਮੇਟੀ ਦੇ ਪ੍ਰਧਾਨ ਤੇ ਸਕੱਤਰ ਸਾਥੀ ਚਮਨ ਲਾਲ ਦਰਾਜਕੇ, ਮੁਖਤਿਆਰ ਸਿੰਘ ਮੱਲ੍ਹਾ, ਬਲਦੇਵ ਸਿੰਘ ਪੰਡੋਰੀ ਨੇ ਸਾਥੀ ਜਸਪਾਲ ਝਬਾਲ ਦੀਆਂ ਘਾਲਣਾਵਾਂ ਨੂੰ ਸੂਹਾ ਸਲਾਮ ਪੇਸ਼ ਕਰਦਿਆਂ ਪਰਵਾਰ ਦਾ ਦੁੱਖ ਵੰਡਾਇਆ ਹੈ। ਪਾਰਟੀ ਦੀ ਸਮੁੱਚੀ ਜ਼ਿਲ੍ਹਾ ਕਮੇਟੀ ਅਤੇ ਤਹਿਸੀਲ ਕਮੇਟੀ ਵੱਲੋਂ ਪਰਵਾਰ ਨਾਲ ਡਾਢੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਉਹਨਾਂ ਵੱਲੋਂ ਆਪਣੀ ਜ਼ਿੰਦਗੀ ਦਾ ਇਕ ਇਕ ਪਲ ਕਿਰਤੀ ਲੋਕਾਂ ਦੇ ਲਾਉਣ 'ਤੇ ਸੂਹੀ ਸਲਾਮ ਕੀਤੀ। ਉਨ੍ਹਾਂ ਦਾ ਅੰਤਮ ਸੰਸਕਾਰ ਅੱਜ 2 ਵਜੇ ਉਨ੍ਹਾ ਦੇ ਪਿੰਡ ਕੋਟ ਧਰਮਚੰਦ ਵਿਖੇ ਕੀਤਾ ਜਾਵੇਗਾ।

# ਪਿੰਡੀ ਦੇ ਸਕੂਲ 'ਚ ਸੜਕ ਸੁਰੱਖਿਆ ਨੂੰ ਲੈ ਕੇ ਸੈਮੀਨਾਰ



ਫਤਹਿਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)- ਡੀ ਡੀ ਆਈ ਸਕੂਲ ਪਿੰਡ ਪਿੰਡੀ ਵਿਖੇ ਬਾਲ ਸੁਰੱਖਿਆ ਅਫਸਰ ਸੁਨੀਲ ਕੁਮਾਰ ਜੋਸ਼ੀ ਵੱਲੋਂ ਰੋਡ ਸੇਫਟੀ ਨੂੰ ਲੈ ਕੇ ਸਕੂਲ ਵਿੱਚ ਇੱਕ ਸੈਮੀਨਾਰ ਕਰਵਾਇਆ ਗਿਆ । ਇਸ ਸੈਮੀਨਾਰ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਆਰ ਟੀ ਓ ਗੁਰਦਾਸਪੁਰ ਅਡੀਸ਼ਨਲ ਚਾਰਜ ਫਤਿਹਗੜ੍ਹ ਚੂੜੀਆਂ ਦੇ ਐਸ ਡੀ ਐਮ ਡਾਕਟਰ ਨਵਜੋਤ ਸ਼ਰਮਾ ਸਨ । ਇਹਨਾਂ ਦੇ ਨਾਲ ਡੀ ਐਸ ਪੀ ਫਤਿਹਗੜ੍ਹ ਚੂੜੀਆਂ ਰਜੇਸ਼ ਕੱਕੜ , ਏ ਆਰ ਟੀ ਓ ਸੰਗਰਾਮ ਸਿੰਘ, ਗੁਰਨਾਮ ਸਿੰਘ ਦਫਤਰੀ ਮੁਲਾਜ਼ਮ ਮੌਜੂਦ ਸਨ। ਸਭ ਤੋਂ ਪਹਿਲਾਂ ਆਏ ਹੋਏ ਮੁੱਖ ਮਹਿਮਾਨ ਡਾਕਟਰ ਨਵਜੋਤ ਸ਼ਰਮਾ ਅਤੇ ਡੀ ਐਸ ਪੀ ਰਜੇਸ਼ ਕੱਕੜ ਦਾ ਬੁੱਕੇ ਦੇ ਕੇ ਸਕੂਲ ਵੱਲੋਂ ਜੀ ਆਇਆਂ ਆਖਿਆ ਗਿਆ । ਇਸ ਤੋਂ ਤੁਰੰਤ ਬਾਅਦ ਬਾਲ ਸੁਰੱਖਿਆ ਅਫਸਰ ਸੁਨੀਲ ਜੋਸ਼ੀ ਤੇ ਡੀ ਐਸ ਪੀ ਰਜੇਸ਼ ਕੱਕੜ ਨੇ ਬੱਚਿਆਂ ਨੂੰ ਰੋਡ ਸੇਫਟੀ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ । ਡਾਕਟਰ ਨਵਜੋਤ ਸ਼ਰਮਾ ਨੇ ਆਪਣੇ ਸੰਬੋਧਨ ਵਿੱਚ ਬੱਚਿਆਂ ਨੂੰ ਕਿਹਾ ਕਿ ਇਹ ਜਨਵਰੀ ਦਾ ਮਹੀਨਾ ਰੋਡ ਸੇਫਟੀ ਵੱਲੋਂ ਮਨਾਇਆ ਜਾਂਦਾ ਹੈ। ਜਿਸ ਦੇ ਚਲਦੇ ਅੱਜ ਸਕੂਲ ਵਿੱਚ ਇਹ ਸੈਮੀਨਾਰ ਲਗਵਾਇਆ ਗਿਆ ਹੈ ਉਹਨਾਂ ਕਿਹਾ ਕਿ ਸਾਨੂੰ ਸੜਕ 'ਤੇ ਚਲਦੇ ਸਮੇ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਉਹਨਾਂ ਕਿਹਾ ਕਿ ਜਿਹੜੇ ਬੱਚੇ 18 ਸਾਲ ਤੋਂ ਘੱਟ ਉਮਰ ਦੇ ਹਨ , ਜਿਨ੍ਹਾਂ ਦਾ ਅਜੇ ਡਰਾਈਵਿੰਗ ਲਾਈਸੈਂਸ ਨਹੀਂ ਬਣਿਆ ਉਹ ਸੜਕ 'ਤੇ ਵਾਹਣ ਨਾ ਚਲਾਉਣ। ਸਕੂਲ ਦੇ ਐਮ ਡੀ ਸਰਦਾਰ ਇੰਦਰਜੀਤ ਸਿੰਘ ਭਾਟੀਆ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਅੱਜ ਜੋ ਰੋਡ ਸੇਫਟੀ ਬਾਰੇ ਬੱਚਿਆਂ ਨੂੰ ਜਾਣਕਾਰੀ ਦਿੱਤੀ ਹੈ ਇਹ ਬਹੁਤ ਵਧੀਆ ਉਪਰਾਲਾ ਹੈ ।

ਆਖਿਰ ਵਿੱਚ ਇੰਦਰਜੀਤ ਸਿੰਘ ਭਾਟੀਆ , ਪ੍ਰਿੰਸੀਪਲ ਮੈਡਮ ਸਵਲੀਨ ਭਾਟੀਆ ਤੇ ਡਾਇਰੈਕਟਰ ਮੈਡਮ ਗੁਰਪ੍ਰੀਤ ਕੌਰ ਭਾਟੀਆ ਨੇ ਆਏ ਮੁੱਖ ਮਹਿਮਾਨ ਤੇ ਅਧਿਕਾਰੀਆਂ ਦਾ ਧੰਨਵਾਦ ਕੀਤਾ। ਅਧਿਕਾਰੀਆਂ ਨੂੰ ਯਾਦਗਾਰੀ ਚਿੰਨ ਦੇ ਕੇ ਸਨਮਾਨਿਤ ਕੀਤਾ।

# ਯੁਵਾ ਮਿੱਤਰ ਵਲੰਟੀਅਰਾਂ ਨੂੰ ਸੱਪ ਦੇ ਡੰਗ ਨਾਲ ਨਜਿੱਠਣ ਲਈ ਦਿੱਤੀ ਟ੍ਰੇਨਿੰਗ



ਸ੍ਰੀ ਅੰਮ੍ਰਿਤਸਰ ਸਾਹਿਬ (ਜਗਦੀਸ਼ ਕਮਲੇਸ਼)-ਕੇਂਦਰ ਸਰਕਾਰ ਦੀ ਪ੍ਰਮੁੱਖ ਯੁਵਾ ਮਿੱਤਰ ਸਕੀਮ ਅਧੀਨ ਚੱਲ ਰਹੀ ਯੁਵਾ ਮਿੱਤਰ ਟ੍ਰੇਨਿੰਗ ਦੇ ਛੇਵੇਂ ਦਿਨ ਵਲੰਟੀਅਰਾਂ ਨੂੰ ਆਪਦਾ ਪ੍ਰਬੰਧਨ ਨਾਲ ਸੰਬੰਧਿਤ ਵਿਸਤ੍ਰਿਤ ਸਿਧਾਂਤਕ ਅਤੇ ਪ੍ਰਯੋਗਿਕ ਟ੍ਰੇਨਿੰਗ ਪ੍ਰਦਾਨ ਕੀਤੀ ਗਈ। ਇਸ ਟ੍ਰੇਨਿੰਗ ਦੌਰਾਨ ਐਮਰਜੈਂਸੀ ਪ੍ਰਤੀਕਿਰਿਆ, ਪ੍ਰਾਥਮਿਕ ਚਿਕਿਤਸਾ ਅਤੇ ਸੁਰੱਖਿਅਤ ਬਚਾਓ ਕਾਰਵਾਈਆਂ 'ਤੇ ਵਿਸ਼ੇਸ਼ ਧਿਆਨ ਦਿੱਤਾ ਗਿਆ। ਟ੍ਰੇਨਿੰਗ ਦਾ ਮੁੱਖ ਉਦੇਸ਼ ਵਲੰਟੀਅਰਾਂ ਨੂੰ ਮੈਦਾਨੀ ਪੱਧਰ 'ਤੇ ਐਮਰਜੈਂਸੀ ਸਥਿਤੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸੰਭਾਲਣ ਯੋਗ ਬਣਾਉਣਾ ਸੀ। ਟ੍ਰੇਨਿੰਗ ਦੌਰਾਨ ਸੁਨੀਲ ਕੁਮਾਰ, ਤਜਰਬੇਕਾਰ ਇੰਸਟ੍ਰਕਟਰ ਵੱਲੋਂ ਸੱਪ ਦੇ ਡੰਗ, ਪਸ਼ੂਆਂ ਅਤੇ ਕੀੜਿਆਂ ਦੇ ਕੱਟਣ ਦੀ ਸਥਿਤੀ ਵਿੱਚ ਅਪਣਾਈ ਜਾਣ ਵਾਲੀ ਸਹੀ ਪ੍ਰਾਥਮਿਕ ਚਿਕਿਤਸਾ ਬਾਰੇ ਜਾਣਕਾਰੀ ਦਿੱਤੀ ਗਈ। ਉਨ੍ਹਾਂ ਐਮਰਜੈਂਸੀ ਦੌਰਾਨ ਸ਼ਾਂਤ ਰਹਿਣ ਦੀ ਮਹੱਤਤਾ ਸਮਝਾਈ ਅਤੇ ਪੀੜਤ ਵਿਅਕਤੀ ਨੂੰ ਸੁਰੱਖਿਅਤ ਢੰਗ ਨਾਲ ਸੰਭਾਲਣ ਦੇ ਤਰੀਕਿਆਂ ਦੀ ਪ੍ਰਯੋਗਿਕ ਡੈਮੋਨਸਟ੍ਰੇਸ਼ਨ ਦਿੱਤੀ।ਨਾਲ ਹੀ ਜ਼ਖ਼ਮੀ ਵਿਅਕਤੀ ਨੂੰ ਸਹੀ ਤਰੀਕੇ ਨਾਲ ਉਠਾਉਣ ਅਤੇ ਇੱਕ ਥਾਂ ਤੋਂ ਦੂਜੀ ਥਾਂ ਸੁਰੱਖਿਅਤ ਢੰਗ ਨਾਲ ਲਿਜਾਣ ਦੇ ਤਰੀਕੇ ਵੀ ਦੱਸੇ ਗਏ। ਇਸ ਮੌਕੇ ਭਾਰਤੀ ਰੈਡ ਕ੍ਰਾਸ ਸੋਸਾਇਟੀ ਵੱਲੋਂ ਵੀ ਟ੍ਰੇਨਿੰਗ ਪ੍ਰੋਗਰਾਮ ਵਿੱਚ ਭਾਗ ਲਿਆ ਗਿਆ। ਰੈਡ ਕ੍ਰਾਸ ਦੇ ਨੁਮਾਇੰਦਿਆਂ ਵੱਲੋਂ ਵਲੰਟੀਅਰਾਂ ਅਤੇ ਬੱਚਿਆਂ ਨੂੰ ਪ੍ਰਾਥਮਿਕ ਚਿਕਿਤਸਾ, ਸੁਰੱਖਿਆ ਉਪਾਅ ਅਤੇ ਆਪਦਾ ਸਮੇਂ ਅਪਣਾਏ ਜਾਣ ਵਾਲੀਆਂ ਅਹਿਮ ਸਾਵਧਾਨੀਆਂ ਬਾਰੇ ਜਾਣਕਾਰੀ ਦਿੱਤੀ ਗਈ। ਇਸ ਤੋਂ ਇਲਾਵਾ ਸ਼ੁਭਮ ਵਰਮਾ, ਮੈਗਸਿਪਾ (ਮਹਾਤਮਾ ਗਾਂਧੀ ਸਟੇਟ ਇੰਸਟੀਚਿਊਟ ਆਫ਼ ਪਬਲਿਕ ਐਡਮਿਨਿਸਟ੍ਰੇਸ਼ਨ) ਦੇ ਇੰਸਟ੍ਰਕਟਰ ਵੱਲੋਂ ਮਾਸਪੇਸ਼ੀਆਂ ਅਤੇ ਹੱਡੀਆਂ ਨਾਲ ਸੰਬੰਧਿਤ ਚੋਟਾਂ ਬਾਰੇ ਵਿਸਤ੍ਰਿਤ ਲੈਕਚਰ ਦਿੱਤਾ ਗਿਆ। ਉਨ੍ਹਾਂ ਨੇ ਮੋਚ, ਮਾਸਪੇਸ਼ੀ ਖਿੱਚ, ਜੋੜਾਂ ਦੀਆਂ ਚੋਟਾਂ ਅਤੇ ਤੁਰੰਤ ਸਹੀ ਸਹਾਰਾ ਦੇਣ ਦੀ ਮਹੱਤਤਾ 'ਤੇ ਰੋਸ਼ਨੀ ਪਾਈ। ਸ਼ਾਇਨਾ ਕੌਰ ਵੱਲੋਂ ਬਿਜਲੀ ਬੰਦ ਹੋਣ (ਬਲੈਕਆਊਟ) ਦੀ ਸਥਿਤੀ ਦੌਰਾਨ ਅਪਨਾਏ ਜਾਣ ਵਾਲੇ ਸੁਰੱਖਿਆ ਉਪਾਅ ਬਾਰੇ ਜਾਣਕਾਰੀ ਦਿੱਤੀ ਗਈ। ਟ੍ਰੇਨਿੰਗ ਦੌਰਾਨ ਸਲੋਨੀ ਸ਼ਰਮਾ ਅਤੇ ਅੰਜਨਾ ਸ਼ਰਮਾ ਵੱਲੋਂ ਵਲੰਟੀਅਰਾਂ ਲਈ ਇੱਕ ਹੱਥੋਂ-ਹੱਥ ਪ੍ਰਯੋਗਿਕ ਸੈਸ਼ਨ ਕਰਵਾਇਆ ਗਿਆ, ਜਿਸ ਵਿੱਚ ਪ੍ਰਾਥਮਿਕ ਚਿਕਿਤਸਾ ਦੀ ਪ੍ਰੈਕਟਿਸ, ਟੀਮ ਵਰਕ, ਸਰੀਰਕ ਤਿਆਰੀ ਅਤੇ ਮੈਦਾਨੀ ਅਨੁਸ਼ਾਸਨ 'ਤੇ ਖ਼ਾਸ ਧਿਆਨ ਦਿੱਤਾ ਗਿਆ।

# ਖ਼ਾਲਸਾ ਸੰਸਥਾਵਾਂ ਨੇ ਮਨਾਇਆ ਗਣਤੰਤਰ ਦਿਵਸ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ )-ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਅਧੀਨ ਖਾਲਸਾ ਕਾਲਜ ਆਫ ਐਜੂਕੇਸ਼ਨ, ਜੀ. ਟੀ. ਰੋਡ ਸ੍ਰੀ ਗੁਰੂ ਤੇਗ ਬਹਾਦਰ ਕਾਲਜ ਫ਼ਾਰ ਵੂਮੈਨ, ਖ਼ਾਲਸਾ ਕਾਲਜ ਪਬਲਿਕ ਸਕੂਲ, ਜੀ. ਟੀ. ਰੋਡ ਅਤੇ ਖ਼ਾਲਸਾ ਕਾਲਜ ਇੰਟਰਨੈਸ਼ਨਲ ਪਬਲਿਕ ਸਕੂਲ, ਰਣਜੀਤ ਐਵੀਨਿਊ ਵਿਖੇ ਗਣਤੰਤਰ ਦਿਵਸ ਬੜੇ ਹੀ ਉਤਸ਼ਾਹ ਨਾਲ ਮਨਾਇਆ ਗਿਆ।ਐਜੂਕੇਸ਼ਨ ਕਾਲਜ ਵਿਖੇ ਖਾਲਸਾ ਯੂਨੀਵਰਸਿਟੀ ਦੇ ਰਜਿਸਟਰਾਰ ਡਾ. ਖੁਸ਼ਵਿੰਦਰ ਕੁਮਾਰ, ਸ੍ਰੀ ਗੁਰੂ ਤੇਗ ਬਹਾਦਰ ਕਾਲਜ ਵਿਖੇ ਪ੍ਰਿੰਸੀਪਲ ਡਾ. ਲਕਸ਼ਮੀ ਮਲਹੋਤਰਾ, ਪਬਲਿਕ ਸਕੂਲ ਵਿਖੇ ਗਵਰਨਿੰਗ ਕੌਂਸਲ ਦੇ ਜੁਆਇੰਟ ਸਕੱਤਰ ਗੁਨਬੀਰ ਸਿੰਘ ਨੇ ਜੁਆਇੰਟ ਸਕੱਤਰ ਸੰਤੋਖ ਸਿੰਘ ਸੇਠੀ, ਪ੍ਰਿੰਸੀਪਲ ਅਮਰਜੀਤ ਸਿੰਘ ਨਾਲ ਮਿਲ ਕੇ ਅਤੇ ਇੰਟਰਨੈਸ਼ਨਲ ਪਬਲਿਕ ਸਕੂਲ ਵਿਖੇ ਪ੍ਰਿੰਸੀਪਲ ਨਿਰਮਲਜੀਤ ਕੌਰ ਨੇ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ।ਇਸ ਮੌਕੇ ਐਜੂਕੇਸ਼ਨ ਵਿਖੇ ਡਾ. ਕੁਮਾਰ ਦੇ ਸਹਿਯੋਗ ਨਾਲ 77ਵਾਂ ਗਣਤੰਤਰ ਦਿਵਸ ਡਾ: ਅੰਜੂ ਤਿਆਗੀ (ਅਸਿਸਟੈਂਟ ਪ੍ਰੋਫੈਸਰ) ਦੀ ਯੋਗ ਅਗਵਾਈ ਹੇਠ ਮਨਾਇਆ ਗਿਆ, ਡਾ. ਕੁਮਾਰ ਨੇ ਸੰਵਿਧਾਨ ਦੀ ਮਹਤੱਤਾ ਦੱਸਦਿਆਂ ਵਿਦਿਆਰਥੀਆਂ ਨੂੰ ਨਿਆਂ, ਅਜ਼ਾਦੀ, ਸਮਾਨਤਾ ਅਤੇ ਭਾਈਚਾਰੇ ਜਿਹੀਆਂ ਕਦਰਾਂ ਕੀਮਤਾਂ ਨੂੰ ਆਪਣੇ ਜੀਵਨ 'ਚ ਅਪਨਾਉਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਕਾਲਜ ਵਿਦਿਆਰਥੀਆ ਵੱਲੋਂ ਦੇਸ਼ ਭਗਤੀ ਸਬੰਧੀ ਕਵਿਤਾ ਉਚਾਰਨ, ਸਕਿੱਟ ਅਤੇ ਡਾਂਸ ਦਾ ਆਯੋਜਨ ਕੀਤਾ ਗਿਆ।ਇੰਟਰਨੈਸ਼ਨਲ ਪਬਲਿਕ ਸਕੂਲ ਵਿਖੇ ਮਨਦੀਪ ਕੌਰ, ਸ੍ਰੀ ਤਾਂਨ, ਮੈਡਮ ਪੂਜਾ ਮਹਿਰਾ, ਮਨਮੀਤ ਸਿੰਘ, ਮੈਡਮ ਕਨਿਕਾ, ਮੈਡਮ ਦਵੱਗਿਆ ਅਤੇ ਵਾਈਸ ਪ੍ਰਿੰਸੀਪਲ ਪਿੰਦਰ ਕੌਰ ਮਾਹਲ ਨੇ ਕਵਿਤਾ, ਭਾਸ਼ਣ ਅਤੇ ਦੇਸ਼ ਪ੍ਰੇਮ ਗੀਤਾਂ ਰਾਹੀਂ ਗਣਤੰਤਰ ਦਿਵਸ ਦੀ ਮਹੱਤਤਾ ਸਬੰਧੀ ਜਾਣੂ ਕਰਵਾਇਆ।ਇਸ ਤੋਂ ਇਲਾਵਾ ਸ੍ਰੀ ਗੁਰੂ ਤੇਗ ਬਹਾਦਰ ਵੂਮੈਨ ਕਾਲਜ ਦੇ ਪ੍ਰਿੰ: ਡਾ. ਮਲਹੋਤਰਾ, ਪਬਲਿਕ ਸਕੂਲ ਦੇ ਪ੍ਰਿੰਸੀਪਲ ਅਮਰਜੀਤ ਸਿੰਘ ਗਿੱਲ ਅਤੇ ਇੰਟਰਨੈਸ਼ਨਲ ਪਬਲਿਕ ਸਕੂਲ ਵਿਖੇ ਪ੍ਰਿੰਸੀਪਲ ਸ੍ਰੀਮਤੀ ਗਿੱਲ ਨੇ ਸਾਂਝੇ ਤੌਰ 'ਤੇ ਵਿਦਿਆਰਥੀਆਂ ਨੂੰ ਪੜ੍ਹਾਈ ਤੋਂ ਇਲਾਵਾ ਸਮਾਜਿਕ ਗਤੀਵਿਧੀਆਂ 'ਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਉਨ੍ਹਾਂ ਵਿਦਿਆਰਥੀਆਂ ਨੂੰ 26 ਜਨਵਰੀ (ਗਣਤੰਤਰ ਦਿਵਸ) ਸਬੰਧੀ ਜਾਣਕਾਰੀ ਪ੍ਰਦਾਨ ਕਰਦਿਆਂ ਮਹੱਤਤਾ ਬਾਰੇ ਚਾਨਣਾ ਪਾਇਆ। ਇਸ ਮੌਕੇ ਪਬਲਿਕ ਸਕੂਲ ਸਾਲਾਨਾ ਇਨਾਮ ਵੰਡ ਸਮਾਰੋਹ ਵੀ ਆਯੋਜਿਤ ਕੀਤਾ ਗਿਆ, ਇਸ ਦੌਰਾਨ ਸੇਠੀ ਨੇ ਕੌਂਸਲ ਦੇ ਮੈਂਬਰ ਗੁਰਮਹਿੰਦਰ ਸਿੰਘ ਅਤੇ ਪ੍ਰਿੰ: ਗਿੱਲ ਨਾਲ ਮਿਲ ਕੇ ਵਿਦਿਆਰਥੀਆਂ ਇਨਾਮ ਤਕਸੀਮ ਕੀਤੇ। ਇਸ ਦੌਰਾਨ ਉਕਤ ਅਦਾਰਿਆਂ 'ਚ ਸਟਾਫ਼ ਅਤੇ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਭਰਪੂਰ ਰੰਗਾਰੰਗ ਪ੍ਰੋਗਰਾਮ ਦਾ ਪੇਸ਼ ਕੀਤਾ ਗਿਆ।

## ਡਾਕਟਰ ਪ੍ਰਗਤੀ ਸਿੰਘ ਸਮੇਤ ਮੈਡੀਕਲ ਟੀਮ ਦਾ ਵਿਸ਼ੇਸ਼ ਤੌਰ 'ਤੇ ਸਨਮਾਨ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)- ਸਬ ਡਿਵੀਜ਼ਨ ਡੇਰਾ ਬਾਬਾ ਨਾਨਕ ਵਿਖੇ ਗਣਤੰਤਰ ਦਿਵਸ ਧੂਮ ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਐਸ ਡੀ ਐਮ ਆਦਿੱਤਿਆ ਸ਼ਰਮਾ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ ਜਿਨਾਂ ਵੱਲੋਂ ਕੌਮੀ ਝੰਡਾ ਲਹਿਰਾਇਆ ਗਿਆ ਤੇ ਪਰੇਡ ਤੋਂ ਸਲਾਮੀ ਲਈ ਗਈ। ਐਸ ਡੀ ਐਮ ਆਦਿੱਤਿਆ ਸ਼ਰਮਾ ਵੱਲੋਂ ਸਿਵਲ ਹਸਪਤਾਲ ਡੇਰਾ ਬਾਬਾ ਨਾਨਕ ਵਿਖੇ ਤਾਇਨਾਤ ਸੀਨੀਅਰ ਮੈਡੀਕਲ ਅਫਸਰ ਡਾਕਟਰ ਪ੍ਰਗਤੀ ਸਿੰਘ,ਮੈਡੀਕਲ ਅਫ਼ਸਰ ਡਾਕਟਰ ਜਤਿੰਦਰ ਸਿੰਘ,ਡਾਕਟਰ ਸਾਹਿਲ ਮਹਾਜਨ ਅਤੇ ਉਨਾਂ ਦੀ ਮੈਡੀਕਲ ਟੀਮ ਨੂੰ ਸਿਵਲ ਹਸਪਤਾਲ ਡੇਰਾ ਬਾਬਾ ਨਾਨਕ ਵਿੱਚ ਇਲਾਕੇ ਦੇ ਲੋਕਾਂ ਨੂੰ ਵਧੀਆ ਸਿਹਤ ਸੇਵਾਵਾਂ ਦੇਣ ਬਦਲੇ ਸਨਮਾਨ ਚਿੰਨ੍ਹ ਤੇ ਪ੍ਰਸ਼ੰਸਾ ਪੱਤਰ ਦੇ ਕੇ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ । ਇਸ ਮੌਕੇ ਐਸ ਡੀ ਐਮ ਆਦਿੱਤਿਆ ਸ਼ਰਮਾ,ਹਲਕਾ ਵਿਧਾਇਕ ਗੁਰਦੀਪ ਸਿੰਘ ਰੰਧਾਵਾ,ਤਹਿਸੀਲਦਾਰ ਲਛਮਣ ਸਿੰਘ,ਡੀ ਐਸ ਪੀ ਜੋਗਾ ਸਿੰਘ, ਪ੍ਰਧਾਨ ਰਾਜੇਸ਼ ਕੁਮਾਰ ਗੁਪਤਾ,ਡਾਕਟਰ ਮਨਮੋਹਨ ਸਿੰਘ ਭੱਟੀ ਫਾਰਮੇਸੀ ਅਫਸਰ,ਦੀਪਕ ਕੁਮਾਰ,ਆਸ਼ਾ ਕੁਮਾਰੀ,ਰੋਸ਼ਨ ਲਾਲ,ਨਾਇਬ ਤਹਿਸੀਲਦਾਰ ਗੁਰਦੀਪ ਸਿੰਘ,ਰੀਡਰ ਸਰਬਜੀਤ ਸਿੰਘ,ਰੀਡਰ ਪਰਮਜੀਤ ਸਿੰਘ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

## ਗੁਰੂ ਤੇਗ ਬਹਾਦਰ ਇੰਟਰਨੈਸ਼ਨਲ ਸਕੂਲ ਵਿਖੇ ਗਣਤੰਤਰ ਦਿਵਸ ਮਨਾਇਆ



ਧਾਰੀਵਾਲ, (ਮਨਦੀਪ ਵਿੱਕੀ)-ਗੁਰੂ ਤੇਗ ਬਹਾਦਰ ਇੰਟਰਨੈਸ਼ਨਲ (ਜੀਟੀਬੀਆਈ) ਸਕੂਲ ਕਲਿਆਣਪੁਰ (ਧਾਰੀਵਾਲ) ਵਿਖੇ ਗਣਤੰਤਰ ਦਿਵਸ ਪੂਰੇ ਉਤਸ਼ਾਹ ਅਤੇ ਦੇਸ-ਭਗਤੀ ਦੀ ਭਾਵਨਾ ਨਾਲ ਮਨਾਇਆ। ਇਸ ਸਬੰਧੀ ਸਕੂਲ ਦੇ ਪ੍ਰਬੰਧਕ ਐਡਵੋਕੇਟ ਪ੍ਰਿਤਪਾਲ ਸਿੰਘ ਨੇ ਦੱਸਿਆ ਕਿ ਸਕੂਲ ਦੇ ਚੇਅਰਮੈਨ ਸੁਰਜੀਤ ਸਿੰਘ ਦੀ ਅਗਵਾਈ ਹੋਏ ਸਮਾਗਮ ਦੀ ਸ਼ੁਰੂਆਤ ਸਕੂਲ ਦੇ ਪ੍ਰਿੰਸੀਪਲ ਸੈਮੂਅਲ ਦਾਸ ਵੱਲੋਂ ਤਿਰੰਗਾ ਝੰਡਾ ਲਹਿਰਾਉਣ ਦੀ ਰਸਮ ਨਾਲ ਕੀਤੀ ਗਈ।

ਉਪਰੰਤ ਸਮੂਹ ਹਾਜ਼ਰੀਨ ਵੱਲੋਂ ਰਾਸ਼ਟਰੀ ਗੀਤ ਗਾਇਆ ਗਿਆ। ਸਮਾਗਮ ਦੌਰਾਨ ਸਕੂਲੀ ਬੱਚਿਆਂ ਨੇ ਸ਼ਬਦ ਕੀਰਤਨ ਕੀਤਾ। ਉਪਰੰਤ ਬੱਚਿਆਂ ਨੇ ਦੇਸ਼-ਭਗਤੀ 'ਤੇ ਅਧਾਰਿਤ ਕੋਰੀਓਗ੍ਰਾਫੀ ਅਤੇ ਸਕਿੱਟਾਂ ਰਾਹੀਂ ਭਾਰਤ ਦੇਸ਼ ਦੇ ਸੰਵਿਧਾਨ ਦੀ ਮਹੱਤਤਾ ਨੂੰ ਬਾਖੂਬੀ ਪੇਸ਼ ਕੀਤਾ। ਪ੍ਰਿੰਸੀਪਲ ਸੈਮੂਅਲ ਦਾਸ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਡਾ ਸੰਵਿਧਾਨ ਸਾਨੂੰ ਬਰਾਬਰੀ ਦਾ ਅਧਿਕਾਰ ਦਿੰਦਾ ਹੈ ਅਤੇ ਸਾਨੂੰ ਆਪਣੇ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ। ਉਨ੍ਹਾਂ ਨੇ ਬੱਚਿਆਂ ਦੇ ਜਜ਼ਬੇ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਪੜ੍ਹਾਈ ਦੇ ਨਾਲ-ਨਾਲ ਦੇਸ਼ ਸੇਵਾ ਲਈ ਵੀ ਤਿਆਰ ਰਹਿਣ ਦਾ ਸੱਦਾ ਦਿੱਤਾ। ਇਸ ਮੌਕੇ ਸਕੂਲ ਦਾ ਸਮੂਹ ਸਟਾਫ, ਕੋਆਰਡੀਨੇਟਰ ਅਤੇ ਵਿਦਿਆਰਥੀ ਹਾਜ਼ਰ ਸਨ।

## ਬਾਬਾ ਦੀਪ ਸਿੰਘ ਦੇ ਜਨਮ ਦਿਹਾੜੇ 'ਤੇ ਕਥਾ ਕੀਰਤਨ ਸਮਾਗਮ ਕਰਾਇਆ

ਮਜੀਠਾ (ਸੋਇਮ ਆਨੰਦ)-ਗੁਰਦੁਆਰਾ ਬਾਬਾ ਕਾਹਨ ਸਿੰਘ ਮਜੀਠਾ ਵਿਖੇ ਗੁਰਦੁਆਰਾ ਕਮੇਟੀ, ਧੰਨ ਧੰਨ ਬਾਬਾ ਦੀਪ ਸਿੰਘ ਜੀ ਨਿਸ਼ਕਾਮ ਸੇਵਾ ਸੁਸਾਇਟੀ, ਸਿੱਖ ਸੇਵਕ ਜਥਾ, ਗੁਰਦੁਆਰਾ ਭਗਤ ਰਵਿਦਾਸ ਜੀ ਪ੍ਰਬੰਧਕ ਕਮੇਟੀ ਅਤੇ ਸ਼ਹਿਰ ਦੀਆਂ ਹੋਰ ਸਭਾ ਸੁਸਾਇਟੀਆਂ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਕਥਾ ਕੀਰਤਨ ਸਮਾਗਮ ਕਰਾਇਆ ਗਿਆ। ਇਸ ਤੋਂ ਇੱਕ ਦਿਨ ਪਹਿਲਾਂ ਸ਼ਹਿਰ ਵਿਚ ਵਿਸ਼ਾਲ ਪ੍ਰਭਾਤ ਫੇਰੀ ਕੱਢੀ ਗਈ ਜਿਹੜੀ ਕਿ ਸ਼ਹਿਰ ਦੇ ਵੱਖ ਵੱਖ ਗਲੀਆਂ ਬਜ਼ਾਰਾਂ ਵਿਚੋਂ ਹੁੰਦੀ ਹੋਈ ਵਾਪਸ ਗੁਰਦੁਆਰਾ ਸਾਹਿਬ ਵਿਖੇ ਸਮਾਪਤ ਹੋਈ। ਸ਼ਾਮ ਵਕਤ ਰਹਿਰਾਸ ਸਾਹਿਬ ਦੇ ਪਾਠ ਉਪਰੰਤ ਕਥਾ ਕੀਰਤਨ ਸਮਾਗਮ ਸ਼ੁਰੂ ਹੋਇਆ ਜਿਸ ਵਿਚ ਪੰਥ ਪ੍ਰਸਿੱਧ ਰਾਗੀ ਭਾਈ ਪਵਿਤਪਾਲ ਸਿੰਘ ਦੇ ਮਜੀਠਾ ਦੇ ਰਾਗੀ ਜਥੇ ਨੇ ਮਨੋਹਰ ਗੁਰਬਾਣੀ ਕੀਰਤਨ ਦਾ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਬਾਅਦ ਪੰਥ ਦੇ ਮਹਾਨ ਢਾਡੀ ਜਥੇ ਭਾਈ ਨਿਰਮਲ ਸਿੰਘ ਜੇਠੂਵਾਲ ਨੇ ਬਾਬਾ ਦੀਪ ਸਿੰਘ ਜੀ ਦੀ ਜੀਵਨੀ ਦਾ ਪ੍ਰਸੰਗ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਗੁਰਦੁਆਰਾ ਸਾਹਿਬ ਦੇ ਗ੍ਰੰਥੀ ਭਾਈ ਮਨਜੀਤ ਸਿੰਘ ਨੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ । ਸਟੇਜ ਸਕੱਤਰ ਦੀ ਸੇਵਾ ਭਾਈ ਸੁਖਪਾਲ ਸਿੰਘ ਵੱਲੋਂ ਨਿਭਾਈ ਗਈ। ਇਸ ਮੌਕੇ ਗੁਰਦੁਆਰਾ ਸਾਹਿਬ ਦੀ ਇਮਾਰਤ ਨੂੰ ਸੁੰਦਰ ਫੁੱਲਾਂ, ਲਾਈਟਾਂ ਅਤੇ ਦੀਪਮਾਲਾ ਕਰਕੇ ਸਜਾਇਆ ਗਿਆ ਸੀ। ਸੰਗਤਾਂ ਵੱਲੋਂ ਆਤਿਸ਼ਬਾਜ਼ੀ ਵੀ ਚਲਾਈ ਗਈ। ਪ੍ਰਬੰਧਕਾਂ ਨੇ ਆਏ ਜਥਿਆਂ ਨੂੰ ਸਨਮਾਨਿਤ ਕੀਤਾ ਅਤੇ ਅਤੁੱਟ ਲੰਗਰ ਲਗਾਇਆ ਗਿਆ। ਸਮਾਗਮ ਵਿੱਚ ਇਲਾਕੇ ਤੋਂ ਵੱਡੀ ਗਿਣਤੀ ਵਿਚ ਸੰਗਤਾਂ ਨੇ ਕਥਾ ਕੀਰਤਨ ਵਿਚ ਸ਼ਾਮਲ ਹੋ ਕੇ ਲਾਹਾ ਲਿਆ।




ਰਜਿਸਟਰੀ ਨੰ. ਡੀ.ਐਲ.-33004/99 Regd. No. D.L.-33004/99

ਭਾਰਤ ਦਾ ਰਾਜਪੱਤਰ
The Gazette of India

ਸੀ.ਜੀ.-ਡੀ.ਐਲ.-ਅ.-23122025-268767
CG-DL-E-23122025-268767

ਅਸਾਧਾਰਨ
EXTRAORDINARY
ਭਾਗ II-ਸੈਕਸ਼ਨ 3-ਉਪ-ਸੈਕਸ਼ਨ (ii)
Part II-Section 3-Sub-section (ii)
ਪ੍ਰਾਧਿਕਾਰ ਤੋਂ ਪ੍ਰਕਾਸ਼ਿਤ
PUBLISHED BY AUTHORITY

ਨੰ. 5768] ਨਵੀਂ ਦਿੱਲੀ, ਮੰਗਲਵਾਰ, ਦਸੰਬਰ 23, 2025/ਪੋਹ 2, 1947
No. 5768] NEW DELHI, TUESDAY, DECEMBER 23, 2025/PAUSHA 2, 1947

ਰੇਲ ਮੰਤਰਾਲਾ
[(ਉਤਰ ਰੇਲਵੇ (ਨਿਰਮਾਣ ਸੰਗਠਨ)]
ਅਧਿਸੂਚਨਾ
ਨਵੀਂ ਦਿੱਲੀ, 23 ਦਸੰਬਰ, 2025

ਕਾ.ਆ.5965 (ਅ).-ਰੇਲ (ਸੰਸ਼ੋਧਨ) ਅਧਿਨਿਯਮ-2008 ਦੀ ਧਾਰਾ 2 ਦੇ ਉਪਖੰਡ 7-ਏ ਦੁਆਰਾ ਪ੍ਰਦਤ ਸ਼ਕਤੀਆਂ ਦਾ ਪ੍ਰਯੋਗ ਕਰਦੇ ਹੋਏ, ਕੇਂਦਰੀ ਸਰਕਾਰ ਇਸ ਦੁਆਰਾ ਸਰਕਾਰੀ ਰਾਜਪੱਤਰ ਵਿਚ ਅਧਿਸੂਚਨਾ ਦੇ ਪ੍ਰਕਾਸ਼ਨ ਦੀ ਮਿਤੀ ਤੋਂ ਪ੍ਰਭਾਵੀ ਹੇਠਾਂ ਤਾਲਿਕਾ ਦੇ ਕਾਲਮ (2) ਵਿਚ ਵਰਣਿਤ ਅਧਿਕਾਰੀ ਨੂੰ ਪ੍ਰਾਧਿਕ੍ਰਿਤ ਕਰਦੀ ਹੈ ਕਿ ਉਹ ਤਾਲਿਕਾ ਦੇ ਕਾਲਮ (4) ਵਿਚ ਵਰਣਿਤ ਰੇਲਵੇ ਪ੍ਰੋਜੈਕਟ ਦੇ ਕੰਮ-ਨਿਪਟਾਰੇ, ਅਨੁਪਾਲਨ, ਪ੍ਰਬੰਧਨ ਅਤੇ ਪਰਿਚਾਲਨ ਲਈ ਕਾਲਮ (3) ਵਿਚ ਵਰਣਿਤ ਰਾਜ ਵਿਚ ਸਮਰਥ ਪ੍ਰਾਧਿਕਾਰੀ ਦੇ ਰੂਪ ਵਿਚ ਕੰਮ ਨਿਪਟਾਰਾ ਕਰੋ।

ਤਾਲਿਕਾ

| ਲ.ਨੰ. | ਸਮਰਥ ਅਧਿਕਾਰੀ | ਰਾਜ | ਰੇਲਵੇ ਪ੍ਰੋਜੈਕਟ ਦਾ ਨਾਮ |
|---|---|---|---|
| (1) | (2) | (3) | (4) |
| 1 | ਉਪ ਮੰਡਲ ਅਧਿਕਾਰੀ, ਰਾਜਪੁਰਾ | ਪੰਜਾਬ | ਅੰਬਾਲਾ ਛਾਉਣੀ ਤੋਂ ਸਾਹਨੇਵਾਲ ਦੇ ਵਿਚ ਚੌਥੀ ਲਾਈਨ ਅਤੇ ਲੁਧਿਆਣਾ ਤੋਂ ਜਲੰਧਰ ਛਾਉਣੀ ਦੇ ਵਿਚ ਤੀਜੀ ਲਾਈਨ (138.138 ਕਿਮੀ.ਮੀ) |
| 2 | ਉਪ ਮੰਡਲ ਅਧਿਕਾਰੀ, ਫਤੇਹਗੜ੍ਹ ਸਾਹਿਬ | ਪੰਜਾਬ | |
| 3 | ਉਪ ਮੰਡਲ ਅਧਿਕਾਰੀ, ਗੋਬਿੰਦਗੜ੍ਹ | ਪੰਜਾਬ | |
| 4 | ਉਪ ਮੰਡਲ ਅਧਿਕਾਰੀ, ਖੰਨਾ | ਪੰਜਾਬ | |
| 5 | ਉਪ ਮੰਡਲ ਅਧਿਕਾਰੀ, ਸਮਰਾਲਾ | ਪੰਜਾਬ | |
| 6 | ਉਪ ਮੰਡਲ ਅਧਿਕਾਰੀ, ਪਾਯਲ | ਪੰਜਾਬ | |
| 7 | ਉਪ ਮੰਡਲ ਅਧਿਕਾਰੀ, ਫਗਵਾੜਾ | ਪੰਜਾਬ | |
| 8 | ਉਪ ਮੰਡਲ ਅਧਿਕਾਰੀ, ਫਿਲੌਰ | ਪੰਜਾਬ | |

ਕਾ.ਆ.5966 (ਅ).-ਰੇਲਵੇ (ਸੰਸ਼ੋਧਨ) ਅਧਿਨਿਯਮ-2008 ਦੀ ਧਾਰਾ 2 ਦੇ ਖੰਡ 20 ਐਫ(6) ਦੁਆਰਾ ਪ੍ਰਦਤ ਸ਼ਕਤੀਆਂ ਦਾ ਪ੍ਰਯੋਗ ਕਰਦੇ ਹੋਏ, ਕੇਂਦਰੀ ਸਰਕਾਰ ਇਸ ਦੁਆਰਾ ਸਰਕਾਰੀ ਰਾਜਪੱਤਰ ਵਿਚ ਅਧਿਸੂਚਨਾ ਦੇ ਪ੍ਰਕਾਸ਼ਨ ਦੀ ਮਿਤੀ ਤੋਂ ਪ੍ਰਭਾਵੀ ਹੇਠਾਂ ਤਾਲਿਕਾ ਦੇ ਕਾਲਮ (2) ਵਿਚ ਵਰਣਿਤ ਅਧਿਕਾਰੀ ਨੂੰ ਪ੍ਰਾਧਿਕ੍ਰਿਤ ਕਰਦੀ ਹੈ ਕਿ ਉਹ ਤਾਲਿਕਾ ਦੇ ਕਾਲਮ (4) ਵਿਚ ਵਰਣਿਤ ਰੇਲਵੇ ਪ੍ਰੋਜੈਕਟ ਦੇ ਕੰਮ-ਨਿਪਟਾਰੇ, ਅਨੁਪਾਲਨ, ਪ੍ਰਬੰਧਨ ਅਤੇ ਪਰਿਚਾਲਨ ਲਈ ਕਾਲਮ (3) ਵਿਚ ਵਰਣਿਤ ਜਿਲੇ ਵਿਚ ਆਰਬ੍ਰਿਟ੍ਰੇਟਰ ਪ੍ਰਾਧਿਕਾਰੀ ਦੇ ਰੂਪ ਵਿਚ ਕੰਮ ਨਿਪਟਾਰਾ ਕਰੋ।

ਤਾਲਿਕਾ

| ਲ.ਨੰ. | ਆਰਬ੍ਰਿਟ੍ਰੇਟਰ | ਰਾਜ | ਰੇਲਵੇ ਪ੍ਰੋਜੈਕਟ ਦਾ ਨਾਮ |
|---|---|---|---|
| (1) | (2) | (3) | (4) |
| 1 | ਡਿਪਟੀ ਕਮਿਸ਼ਨਰ, ਪਟਿਆਲਾ | ਪੰਜਾਬ | ਅੰਬਾਲਾ ਛਾਉਣੀ ਤੋਂ ਸਾਹਨੇਵਾਲ ਦੇ ਵਿਚ ਚੌਥੀ ਲਾਈਨ ਅਤੇ ਲੁਧਿਆਣਾ ਤੋਂ ਜਲੰਧਰ ਛਾਉਣੀ ਦੇ ਵਿਚ ਤੀਜੀ ਲਾਈਨ (138.138 ਕਿਮੀ.ਮੀ) |
| 2 | ਡਿਪਟੀ ਕਮਿਸ਼ਨਰ, ਫਤੇਹਗੜ੍ਹ ਸਾਹਿਬ | ਪੰਜਾਬ | |
| 3 | ਡਿਪਟੀ ਕਮਿਸ਼ਨਰ, ਲੁਧਿਆਣਾ | ਪੰਜਾਬ | |
| 4 | ਡਿਪਟੀ ਕਮਿਸ਼ਨਰ, ਕਪੂਰਥਲਾ | ਪੰਜਾਬ | |
| 5 | ਡਿਪਟੀ ਕਮਿਸ਼ਨਰ, ਜਲੰਧਰ | ਪੰਜਾਬ | |

[ਫ਼ਾ. ਨੰ. 190-W/Land/UMB/LDH-JUC]
ਸ਼ੈਲੇਸ਼ ਕੁਮਾਰ ਮਿਸ਼ਰਾ, ਮੁੱਖ ਪ੍ਰਸ਼ਾਸਨਿਕ ਅਧਿਕਾਰੀ/ਉਸਾਰੀ
296/2026

## ਜਨਮ ਦਿਨ ਮੁਬਾਰਕ



ਸੁਖਲੀਨ ਨੂਰਪੁਰ ਬੇਦੀ

## ਵਰ੍ਹੇਗੰਢ ਮੁਬਾਰਕ



ਸੁਰਿੰਦਰ ਸਿੰਘ ਤੇ ਰਾਜਵਿੰਦਰ ਕੌਰ ਵਾਸੀ ਗੁਰਦਾਸਪੁਰ ਨੇ ਵਿਆਹ ਦੀ ਸਿਲਵਰ ਜੁਬਲੀ ਮਨਾਈ।



ਰੋਹਿਤ ਤੇ ਪ੍ਰਿਆ ਵਾਸੀ ਨਵਾਂਸ਼ਹਿਰ ਨੇ ਵਿਆਹ ਦੀ 11ਵੀਂ ਵਰ੍ਹੇਗੰਢ ਮਨਾਈ।



ਸੰਜੀਵ ਤੇ ਹਰਪ੍ਰੀਤ ਵਾਸੀ ਕਾਲਾ ਸੰਘਿਆਂ ਨੇ ਵਿਆਹ ਦੀ ਸਿਲਵਰ ਜੁਬਲੀ ਮਨਾਈ।

## ਸ਼ਰਧਾ ਦਾ ਸੈਲਾਬ



ਗੁਰੂ ਰਵਿਦਾਸ ਮਹਾਰਾਜ ਦੇ ਪ੍ਰਕਾਸ਼ ਪੁਰਬ ਨੂੰ ਲੈ ਕੇ ਵੀਰਵਾਰ ਜਲੰਧਰ ਸਿਟੀ ਰੇਲਵੇ ਸਟੇਸ਼ਨ ਤੋਂ ਹਜ਼ਾਰਾਂ ਦੀ ਗਿਣਤੀ 'ਚ ਸ਼ਰਧਾਲੂ ਕਾਸ਼ੀ ਲਈ ਬੇਗਮਪੁਰਾ ਐਕਸਪ੍ਰੈੱਸ ਸਪੈਸ਼ਲ ਟਰੇਨ ਰਾਹੀਂ ਡੇਰਾ ਸੱਚਖੰਡ ਬੱਲਾਂ ਦੇ ਚੇਅਰਮੈਨ ਅਤੇ ਸ੍ਰੀ ਗੁਰੂ ਰਵਿਦਾਸ ਜਨਮ ਅਸਥਾਨ ਚੈਰੀਟੇਬਲ ਟਰੱਸਟ ਬਨਾਰਸ ਦੇ ਮੌਜੂਦਾ ਗੱਦੀਨਸ਼ੀਨ ਸੰਤ ਨਿਰੰਜਨ ਦਾਸ ਮਹਾਰਾਜ ਦੀ ਦੇਖਰੇਖ ਹੇਠ ਰਵਾਨਾ ਹੋਏ। ਇਸ ਦੌਰਾਨ ਜਲੰਧਰ ਸਿਟੀ ਰੇਲਵੇ ਸਟੇਸ਼ਨ 'ਤੇ 'ਸ਼ਰਧਾ ਦਾ ਸੈਲਾਬ' ਵੇਖਣ ਨੂੰ ਮਿਲਿਆ । (ਫੋਟੋ ਤੇ ਵੇਰਵਾ : ਕਮਲਜੀਤ ਥਾਬਲਕੇ)

## ਘਰੇਲੂ ਮਹਿਲਾਵਾਂ ਦੇ ਹੁਨਰ ਨੂੰ ਪਛਾਣ ਦੇ ਰਿਹੈ 'ਪੰਜਾਬ ਸਖੀ ਸ਼ਕਤੀ ਮੇਲਾ'

**ਜਲੰਧਰ, (ਸੁਰਿੰਦਰ ਕੁਮਾਰ)**- ਸਥਾਨਕ ਰੈੱਡ ਕਰਾਸ ਭਵਨ ਵਿਖੇ ਚੱਲ ਰਿਹਾ 3 ਦਿਨਾ 'ਪੰਜਾਬ ਸਖੀ ਸ਼ਕਤੀ ਮੇਲਾ-2026' ਜਿਥੇ ਖ਼ਰੀਦਦਾਰਾਂ ਵਿੱਚ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ ਉਥੇ ਘਰੇਲੂ ਦਸਤਕਾਰਾਂ/ਹਸਤਕਾਰਾਂ ਨੂੰ ਉਤਸ਼ਾਹਿਤ ਕਰ ਰਿਹਾ ਹੈ। ਮੇਲੇ ਵਿੱਚ ਸਵੈ ਸਹਾਇਤਾ ਸਮੂਹਾਂ ਦੀਆਂ ਮਹਿਲਾਵਾਂ ਵੱਲੋਂ ਹੱਥੀਂ ਤਿਆਰ ਕੀਤੇ ਸਾਮਾਨ ਦੀਆਂ ਸਟਾਲ ਲਗਾਏ ਗਏ ਹਨ।ਮੇਲੇ ਵਿੱਚ ਸਟਾਲ ਲਗਾ ਕੇ ਆਪਣਾ ਕਾਰੋਬਾਰ ਕਰ ਰਹੀ ਭੁਪਿੰਦਰ ਕੌਰ ਘਰੇਲੂ ਔਰਤਾਂ ਲਈ ਪ੍ਰੇਰਨਾ ਸਰੋਤ ਬਣ ਕੇ ਉੱਭਰ ਰਹੀ ਹੈ। ਭੁਪਿੰਦਰ ਕੌਰ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਉਹ ਪਿੰਡ ਰੁੜਕੀ ਦੀ ਰਹਿਣ ਵਾਲੀ ਹੈ ਅਤੇ ਸੋਹੰ ਅਜੀਵਿਕਾ ਸਵੈ ਸਹਾਇਤਾ ਸਮੂਹ ਦੀ ਮੈਂਬਰ ਹੈ। ਉਸ ਨੇ ਕਿਹਾ ਕਿ ਗਰੁੱਪ ਦੀ ਮੈਂਬਰ ਬਣਨ ਤੋਂ ਪਹਿਲਾਂ ਉਸ ਨੂੰ ਪਰਵਾਰ ਦੀ ਆਮਦਨ 'ਤੇ ਹੀ ਨਿਰਭਰ ਕਰਨਾ ਪੈਂਦਾ ਸੀ ਪਰ ਸਵੈ ਸਹਾਇਤਾ ਸਮੂਹ ਵਿੱਚ ਸ਼ਾਮਲ ਹੋਣ ਤੋਂ ਬਾਅਦ ਉਸ ਨੇ ਆਜੀਵਿਕਾ ਗਤੀਵਿਧੀਆਂ ਬਾਰੇ ਜਾਣਕਾਰੀ ਹਾਸਲ ਕੀਤੀ ਤੇ ਸਵੈ ਸਹਾਇਤਾ ਸਮੂਹ ਤੇ ਪੰਜਾਬ ਰਾਜ ਆਜੀਵਿਕਾ ਮਿਸ਼ਨ ਦੇ ਸਹਿਯੋਗ ਨਾਲ ਸ਼ਹਿਦ ਉਤਪਾਦਨ ਤੇ ਮਾਰਕੀਟਿੰਗ ਸਬੰਧੀ ਆਪਣਾ ਉੱਦਮ ਸ਼ੁਰੂ ਕਰਨ ਦਾ ਫੈਸਲਾ ਕੀਤਾ। ਅੱਜ ਭੁਪਿੰਦਰ ਕੌਰ ਵੱਲੋਂ ਚੰਗੀ ਗੁਣਵੱਤਾ ਅਤੇ ਸਫਾਈ ਦੇ ਮਿਆਰਾਂ ਨੂੰ ਮੁੱਖ ਰੱਖਦਿਆਂ ਸ਼ੁੱਧ, ਕੁਦਰਤੀ ਸ਼ਹਿਦ ਦਾ ਉਤਪਾਦਨ ਕੀਤਾ ਜਾ ਰਿਹਾ ਹੈ। ਉਸ ਨੇ ਦੱਸਿਆ ਕਿ ਸਵੈ-ਸਹਾਇਤਾ ਸਮੂਹ ਮੇਲਿਆਂ ਵਿੱਚ ਨਿਯਮਿਤ ਭਾਗੀਦਾਰੀ ਰਾਹੀਂ ਉਹ ਇੱਕ ਸਥਿਰ ਆਮਦਨ ਕਮਾਉਣ ਅਤੇ ਆਪਣੇ ਪਰਿਵਾਰ ਦੀ ਵਿੱਤੀ ਸਥਿਰਤਾ ਵਿੱਚ ਯੋਗਦਾਨ ਪਾਉਣ ਦੇ ਯੋਗ ਹੋਈ ਹੈ। ਭੁਪਿੰਦਰ ਕੌਰ ਨੇ ਹੋਰਨਾਂ ਘਰੇਲੂ ਔਰਤਾਂ ਨੂੰ ਵੀ ਅਪੀਲ ਕੀਤੀ ਕਿ ਉਹ ਘਰ ਦੀਆਂ ਬਰੂਹਾਂ ਤੋਂ ਬਾਹਰ ਆ ਕੇ ਉੱਦਮੀ ਬਣਨ। ਪੰਜਾਬ ਰਾਜ ਆਜੀਵਿਕਾ ਮਿਸ਼ਨ ਨਾਲ ਜੁੜਨ ਦਾ ਸੱਦਾ ਦਿੰਦਿਆਂ ਉਸ ਨੇ ਕਿਹਾ ਕਿ ਸਰਕਾਰੀ ਸਕੀਮਾਂ ਦਾ ਲਾਭ ਲੈ ਕੇ ਮਹਿਲਾਵਾਂ ਵੀ ਘਰ ਦੀ ਆਰਥਿਕਤਾ ਨੂੰ ਉੱਪਰ ਚੁੱਕਣ ਵਿੱਚ ਅਹਿਮ ਯੋਗਦਾਨ ਪਾ ਸਕਦੀਆਂ ਹਨ।




## 14 ਸਕੂਲ ਬੱਸਾਂ ਦੀ ਚੈਕਿੰਗ, 6 ਦੇ ਕੱਟੇ ਚਲਾਨ



**ਬਲਾਚੌਰ (ਜਸਵਿੰਦਰ ਬੈਂਸ)**- ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਹੁਕਮਾਂ ਤਹਿਤ ਤੇ ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਤੇ ਜ਼ਿਲ੍ਹਾ ਪ੍ਰੋਗਰਾਮ ਅਫਸਰ ਜਗਰੂਪ ਸਿੰਘ ਦੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਸ੍ਰੀਮਤੀ ਕੰਚਨ ਅਰੋੜਾ ਵਲੋਂ (ਆਰ ਟੀ ਓ) ਇੰਨਫੋਰਸਮੈਂਟ ਨਾਲ ਸਾਂਝੇ ਤੌਰ ਤੇ ਸੇਫ ਸਕੂਲ ਵਾਹਨ ਪਾਲਿਸੀ ਤਹਿਤ ਬਲਾਚੌਰ ਬਲਾਕ ਵਿਚ ਸਕੂਲੀ ਵਾਹਨਾਂ ਦੀ ਚੈਕਿੰਗ ਕੀਤੀ ਗਈ ਤੇ ਸਕੂਲ ਬੱਸਾਂ ਦੇ ਡਰਾਈਵਰਾਂ ਨੂੰ ਸੇਫ ਸਕੂਲ ਵਾਹਨ ਪੋਲੀਸੀ ਦੀਆਂ ਸ਼ਰਤਾਂ ਬਾਰੇ ਜਾਣੂੰ ਕਰਵਾਇਆ ਗਿਆ। ਚੈਕਿੰਗ ਦੌਰਾਨ ਬਲਾਚੌਰ ਪਬਲਿਕ ਸਕੂਲ, ਸ਼ੋਰਿਆ ਪਬਲਿਕ ਸਕੂਲ, ਮਾਊਂਟ ਕਾਰਮਲ ਸਕੂਲ, ਸ਼ਿਵਾਲਿਕ ਪਬਲਿਕ ਸਕੂਲ, ਪੈਰਾਡਾਈਜ਼ ਪਬਲਿਕ ਸਕੂਲ, ਕੈਂਬਰਿਜ ਪਬਲਿਕ ਸਕੂਲ ਅਤੇ ਸਕਾਲਰ ਪਬਲਿਕ ਸਕੂਲ ਦੀਆਂ ਬੱਸਾਂ ਵੀ ਸ਼ਾਮਲ ਸਨ। ਇਸ ਮੁਹਿਮ ਦੌਰਾਨ ਤਕਰੀਬਨ 7 ਸਕੂਲਾਂ ਦੀਆਂ ਕੁੱਲ 13 ਸਕੂਲੀ ਬੱਸਾਂ ਦੇ ਦਸਤਾਵੇਜ਼ ਚੈੱਕ ਕੀਤੇ ਗਏ ਤੇ ਸੇਫ ਸਕੂਲ ਵਾਹਨ ਪਾਲਸੀ ਦੀਆਂ ਸ਼ਰਤਾਂ ਦੀ ਉਲੰਘਣਾ ਕਰਨ ਵਾਲੀਆਂ 6 ਸਕੂਲੀ ਬੱਸਾਂ ਦੇ ਚਲਾਨ (ਫਸਟ ਐਂਡ ਬਾਕਸ ਵਿਚ ਲੋੜੀਂਦੀ ਦਵਾਈਆਂ ਨਾ ਮਿਲਣ ਕਾਰਨ, ਸਕੂਲ ਬੱਸ ਦੇ ਡਰਾਈਵਰ ਦੇ ਸੀਟ ਬੈਲਟ ਨਾ ਲਗਾਉਣ ਕਾਰਨ, ਅੱਗ ਬੁਝਾਊ ਯੰਤਰ ਦੇ ਐਕਸਪਾਇਰ ਹੋਣ ਕਾਰਨ, ਬੱਸ ਫਿੱਟਨੈੱਸ ਸਰਟੀਫਿਕੇਟ ਨਾ ਹੋਣ ਕਾਰਨ ਅਤੇ ਲੇਡੀ ਅਟੈਂਡੈਂਟ ਬੱਸ ਵੀਚ ਮੌਜੂਦ ਨਾ ਹੋਣ ਕਾਰਨ) ਵੀ ਕੀਤੇ ਗਏ।

## ਸਾਹਿਤ ਸਭਾ ਹੁਸ਼ਿਆਰਪੁਰ ਦੀ ਮੀਟਿੰਗ

**ਹੁਸ਼ਿਆਰਪੁਰ, (ਬਲਬੀਰ ਸਿੰਘ ਸੈਣੀ)**- ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ ਦੀ ਡਿਜੀਟਲ ਲਾਇਬ੍ਰੇਰੀ ਹੁਸ਼ਿਆਰਪੁਰ ਵਿਖੇ ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ ਹੁਸ਼ਿਆਰਪੁਰ ਦੇ ਸਹਿਯੋਗ ਨਾਲ ਮਹੀਨਾਵਾਰ ਮੀਟਿੰਗ ਬਹੁਤ ਭਰਵੇਂ ਅੰਦਾਜ਼ ਵਿੱਚ ਹੋਈ ਜਿਸ ਦੀ ਪ੍ਰਧਾਨਗੀ ਸਭਾ ਦੇ ਪ੍ਰਧਾਨ ਜਸਬੀਰ ਸਿੰਘ ਧੀਮਾਨ ਨੇ ਕੀਤੀ। ਮੀਟਿੰਗ ਦੇ ਸ਼ੁਰੂਆਤ ਵਿੱਚ ਸਭਾ ਦੇ ਜਨਰਲ ਸਕੱਤਰ ਡਾ. ਜਸਵੰਤ ਰਾਏ ਨੇ ਪਿਛਲੇ ਦਿਨੀਂ ਵਿਛੋੜਾ ਦੇ ਗਏ ਅਦਬ ਦੀ ਦੁਨੀਆ ਦੇ ਸਿਰਮੌਰ ਲੇਖਕ ਮਹਿੰਦਰ ਸਿੰਘ ਦੀਵਾਨਾ, ਕਵੀ ਤੇ ਪੇਂਟਰ ਦੇਵ, ਪਦਮਸ੍ਰੀ ਪੂਰਨ ਸ਼ਾਹਕੋਟੀ, ਮੁਲਾਜ਼ਮ ਆਗੂ ਪ੍ਰਿੰਸੀਪਲ ਪਿਆਰਾ ਸਿੰਘ, ਵਿਨੋਦ ਕੁਮਾਰ ਸ਼ੁਕਲ, ਤਾਹਿਰ ਫ਼ਰਾਜ਼ ਹੁਰਾਂ ਦੇ ਹੱਕ ਵਿੱਚ ਸ਼ੋਕ ਮਤਾ ਪੜ੍ਹਿਆ ਜਿਸ ਦਾ ਸਭਾ ਦੇ ਮੈਂਬਰਾਂ ਨੇ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਦਿੱਤੀ। ਉਪਰੰਤ ਤ੍ਰਿਪਤਾ ਕੇ ਸਿੰਘ ਦੀ ਪੁਸਤਕ 'ਕੱਕੇ ਰੇਤੇ 'ਤੇ ਪੈੜਾਂ'-ਡਾ. ਕਰਮਜੀਤ ਸਿੰਘ ਨਾਲ ਲੰਬੀ ਇੰਟਰਵਿਊ ਦਾ ਸਭਾ ਵੱਲੋਂ ਲੋਕ ਅਰਪਣ ਕੀਤਾ ਗਿਆ। ਪੁਸਤਕ ਬਾਰੇ ਤੁਆਰਫ ਕਰਵਾਉਂਦਿਆਂ ਡਾ. ਜਸਵੰਤ ਰਾਏ ਨੇ ਦੱਸਿਆ ਕਿ ਇਸ ਵਿੱਚ ਸਾਹਿਤ ਕਾਮੇ ਡਾ. ਕਰਮਜੀਤ ਸਿੰਘ ਦਾ ਬਚਪਨ, ਲੋਕਧਾਰਾ 'ਤੇ ਕੀਤਾ ਕੰਮ ਤੇ ਉਸ ਦੀ ਪੜਚੋਲ, ਸਾਹਿਤ ਸਭਾਵਾਂ ਦੇ ਕੰਮ, ਅੰਗਰੇਜ਼ੀ ਲੇਖਕਾਂ ਵੱਲੋਂ ਕੀਤੇ ਲੋਕ ਧਾਰਾ ਦੇ ਕੰਮਾਂ ਦੀ ਸਾਰ, ਮਾਰਕਸਈਜ਼ਮ ਅੰਬੇਡਕਰਈਜ਼ਮ ਦੀਆਂ ਸਾਂਝੀਆਂ ਤੰਦਾਂ, ਮੰਨੂਸਿਮਰਤੀ ਬਾਰੇ ਲੰਬੀ ਚਰਚਾ ਪੜ੍ਹਨ ਸੁਣਨ ਨੂੰ ਮਿਲੇਗੀ। ਲੇਖਿਕਾ ਤ੍ਰਿਪਤਾ ਕੇ ਸਿੰਘ ਨੇ ਦੱਸਿਆ ਕਿ ਦਰਅਸਲ ਮੇਰਾ ਮਕਸਦ ਪਹਿਲਾਂ ਨਵਾਂ ਜ਼ਮਾਨਾ ਅਖ਼ਬਾਰ ਲਈ ਇੰਟਰਵਿਊ ਰਾਹੀਂ ਸੀਮਿਤ ਸਵਾਲਾਂ ਜਵਾਬਾਂ ਰਾਹੀਂ ਮੁਲਾਕਾਤ ਲਿਖਣੀ ਕਰਨਾ ਸੀ ਪਰ ਫਿਰ ਸਵਾਲਾਂ ਦਾ ਸਿਲਸਿਲਾ ਅੱਗੇ ਤੋਂ ਅੱਗੇ ਵਧਦਾ ਗਿਆ ਤੇ ਜਿਸ ਦੇ ਫ਼ਲਸਰੂਪ ਅੱਜ ਇਹ ਕਿਤਾਬ ਤੁਹਾਡੇ ਹੱਥਾਂ ਵਿੱਚ ਹੈ। ਇਸ ਵਿਚ ਜਿੱਥੇ ਵਿਚਾਰਧਾਰਕ ਤੌਰ 'ਤੇ ਕਾਫ਼ੀ ਕੁਝ ਸਪੱਸ਼ਟਤਾ ਹੈ ਉੱਥੇ ਪਾਠਕ ਲਈ ਵੀ ਬਹੁਤ ਸਾਰੀ ਸਾਹਿਤਕ ਸਮਗਰੀ ਦਾ ਦਿਲਚਸਪ ਢੰਗ ਨਾਲ ਵਰਣਨ ਕੀਤਾ ਗਿਆ।ਇਸ ਤੋਂ ਬਾਅਦ ਸਭਾ ਨੇ ਗੁਰੂ ਤੇਗ ਬਹਾਦਰ ਸਾਹਿਬ ਦੇ 350 ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਲੇਖਾਂ, ਕਵਿਤਾਵਾਂ, ਕਹਾਣੀਆਂ ਤੇ ਹੋਰ ਵੀ ਬਹੁਤ ਸਾਰੀ ਸਾਹਿਤਕ ਸਮੱਗਰੀ ਨਾਲ ਲਬਰੇਜ਼ ਚਿਰਾਗ਼ ਮੈਗਜ਼ੀਨ ਦਾ 130 ਵਾਂ ਅੰਕ ਵੀ ਲੋਕ ਅਰਪਣ ਕੀਤਾ। ਉਪਰੰਤ ਸਾਹਿਤਕ ਗੋਸ਼ਟੀ ਵਿੱਚ ਹਾਜ਼ਰ ਕਵੀਆਂ ਲੇਖਕਾਂ ਮਦਨਵੀਰਾ, ਸਤੀਸ਼ ਕੁਮਾਰ, ਸੁਰਿੰਦਰ ਕੰਗਵੀ, ਡਾ. ਦਰਸ਼ਨ ਸਿੰਘ ਦਰਸ਼ਨ, ਡਾ. ਸ਼ਮਸ਼ੇਰ ਮੋਹੀ, ਡਾ. ਅਜੀਤ ਸਿੰਘ ਜੰਬਲ, ਅੰਜੂ ਵੀ ਰੱਤੀ, ਮੀਨਾਕਸ਼ੀ ਮੇਨਨ, ਰਜਿੰਦਰ ਸੰਧਵੇਂ, ਕਮਲ ਨੈਯਨ, ਤੀਰਥ ਚੰਦ ਸਰੋਆ, ਰਾਜ ਕੁਮਾਰ ਘਾਸੀਪੁਰੀਆ, ਰੈਡ ਕਰਾਸ ਦੇ ਸਕੱਤਰ ਮਲਕੀਅਤ ਸਿੰਘ ਮਹੇੜੂ ਨੇ ਵੀ ਹਾਜ਼ਰੀ ਲੁਆਈ। ਡਾ. ਕਰਮਜੀਤ ਸਿੰਘ ਨੇ ਪੇਸ਼ ਰਚਨਾਵਾਂ ਤੇ ਆਪਣੀਆਂ ਆਲੋਚਨਾਤਮਕ ਟਿੱਪਣੀਆਂ ਪੇਸ਼ ਕੀਤੀਆਂ। ਧੰਨਵਾਦੀ ਸ਼ਬਦ ਜਸਬੀਰ ਸਿੰਘ ਧੀਮਾਨ ਨੇ ਆਖੇ। ਸਮਾਗਮ ਦੌਰਾਨ ਸਟੇਜ ਦੀ ਸਮੁੱਚੀ ਕਾਰਵਾਈ ਡਾ. ਜਸਵੰਤ ਰਾਏ ਨੇ ਬਾਖ਼ੂਬੀ ਨਿਭਾਈ।



## ਮੁਫ਼ਤ ਕੈਂਸਰ ਜਾਂਚ ਤੇ ਜਾਗਰੂਕਤਾ ਕੈਂਪ ਲਗਾਇਆ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)**- ਜ਼ਿਲ੍ਹਾ ਰੈੱਡ ਕ੍ਰਾਸ ਸੋਸਾਇਟੀ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵੱਲੋਂ ਵਰਲਡ ਕੈਂਸਰ ਕੇਅਰ ਚੈਰਿਟੇਬਲ ਸੋਸਾਇਟੀ ਦੇ ਸਹਿਯੋਗ ਨਾਲ ਜ਼ਿਲ੍ਹਾ ਪ੍ਰਸ਼ਾਸ਼ਕੀ ਕੰਪਲੈਕਸ (ਡੀ ਸੀ ਕੰਪਲੈਕਸ), ਮੋਹਾਲੀ ਵਿਖੇ ਮੁਫ਼ਤ ਕੈਂਸਰ ਜਾਂਚ ਤੇ ਵੱਖ-ਵੱਖ ਤਰ੍ਹਾਂ ਦੀਆਂ ਸਿਹਤ ਸਮੱਸਿਆਵਾਂ ਸਬੰਧੀ ਜਾਗਰੂਕਤਾ ਕੈਂਪ ਦਾ ਆਯੋਜਨ ਕੀਤਾ ਗਿਆ। ਡਿਪਟੀ ਕਮਿਸ਼ਨਰ-ਕਮ-ਪ੍ਰਧਾਨ, ਜ਼ਿਲ੍ਹਾ ਰੈੱਡ ਕ੍ਰਾਸ ਸੋਸਾਇਟੀ ਕੋਮਲ ਮਿੱਤਲ ਨੇ ਦੱਸਿਆ ਕਿ ਕੈਂਪ ਦੌਰਾਨ ਮੌਜੂਦ ਮਾਹਿਰ ਡਾਕਟਰਾਂ ਵੱਲੋਂ ਜਾਂਚ ਲਈ ਆਏ ਵਿਅਕਤੀਆਂ ਦੀਆਂ ਸਿਹਤ ਸਮੱਸਿਆਵਾਂ ਸੰਬੰਧੀ ਪੂਰੀ ਸਲਾਹ-ਮਸ਼ਵਰਾ ਕਰਕੇ ਲੋੜੀਂਦੀਆਂ ਮੈਡੀਕਲ ਜਾਂਚਾਂ ਕੀਤੀਆਂ ਗਈਆਂ। ਉਨ੍ਹਾਂ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਕੈਂਪ ਦੌਰਾਨ ਵੱਖ-ਵੱਖ ਤਰ੍ਹਾਂ ਦੇ ਕੈਂਸਰ ਦੀ ਜਾਂਚ, ਹੱਡੀਆਂ ਦੀ ਜਾਂਚ, ਸ਼ੂਗਰ, ਬਲੱਡ ਪ੍ਰੈਸ਼ਰ ਅਤੇ ਹੋਰ ਬਿਮਾਰੀਆਂ ਸਬੰਧੀ ਖ਼ੂਨ ਦੇ ਨਮੂਨੇ ਲਏ ਗਏ। ਇਸ ਤੋਂ ਇਲਾਵਾ ਨੇੜਲੀ ਨਜ਼ਰ ਦੀ ਜਾਂਚ ਉਪਰੰਤ ਲੋੜਵੰਦਾਂ ਨੂੰ ਮੁਫ਼ਤ ਐਨਕਾਂ ਵੀ ਵੰਡੀਆਂ ਗਈਆਂ। ਕੋਮਲ ਮਿੱਤਲ ਨੇ ਦੱਸਿਆ ਕਿ ਇਸ ਕੈਂਪ ਦੌਰਾਨ ਡੀਸੀ ਕੰਪਲੈਕਸ ਦੇ ਅਧਿਕਾਰੀਆਂ/ਕਰਮਚਾਰੀਆਂ ਸਮੇਤ ਬਾਹਰੋਂ ਆਏ ਕੁੱਲ 350 ਲਾਭਪਾਤਰੀਆਂ ਨੇ ਮੁਫ਼ਤ ਸਿਹਤ ਜਾਂਚ ਦਾ ਭਰਪੂਰ ਲਾਹਾ ਲਿਆ।



## ਸਤਿਗੁਰੂ ਰਵਿਦਾਸ ਦਾ ਜਨਮ ਦਿਹਾੜਾ ਮਨਾਉਣ ਸੰਬੰਧੀ ਸੰਗਤਾਂ 'ਚ ਭਾਰੀ ਉਤਸ਼ਾਹ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਸਤਿਗੁਰੂ ਰਵਿਦਾਸ ਦਾ 649ਵਾਂ ਪ੍ਰਕਾਸ਼ ਦਿਹਾੜਾ ਉਨ੍ਹਾਂ ਦੇ ਜਨਮ ਅਸਥਾਨ ਕਾਂਸ਼ੀ ਬਨਾਰਸ ਵਿਖੇ ਸੰਤ ਨਿਰੰਜਨ ਦਾਸ ਡੇਰਾ ਸੱਚਖੰਡ ਬੱਲਾਂ ਵਾਲਿਆਂ ਦੀ ਯੋਗ ਅਗਵਾਈ ਹੇਠ 1 ਫਰਵਰੀ ਦਿਨ ਐਤਵਾਰ ਨੂੰ ਬਹੁਤ ਹੀ ਸ਼ਰਧਾ ਤੇ ਉਤਸ਼ਾਹ ਪੂਰਵਕ ਢੰਗ ਨਾਲ ਮਨਾਇਆ ਜਾ ਰਿਹਾ ਹੈ। ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਲੱਖਾਂ ਦੀ ਗਿਣਤੀ ਵਿੱਚ ਸੰਗਤਾਂ ਕਾਂਸ਼ੀ ਬਨਾਰਸ ਜਾ ਰਹੀਆਂ ਹਨ। ਸੰਤ ਨਿਰੰਜਨ ਦਾਸ ਚੇਅਰਮੈਨ ਸਤਿਗੁਰੂ ਰਵਿਦਾਸ ਟਰੱਸਟ ਕਾਂਸ਼ੀ ਬਨਾਰਸ ਵੱਲੋਂ ਸੰਗਤਾਂ ਦੇ ਰਹਿਣ ਸਹਿਣ, ਖਾਣ ਪੀਣ ਅਤੇ ਹੋਰ ਲੋੜੀਦੀਆਂ ਵਸਤਾਂ ਦੇ ਬਹੁਤ ਹੀ ਸੁਚੱਜੇ ਪ੍ਰਬੰਧ ਕੀਤੇ ਗਏ ਹਨ। ਇਸ ਸਬੰਧੀ ਗੱਲਬਾਤ ਕਰਦਿਆਂ ਐਨ.ਆਰ.ਆਈ ਡੋਗਰ ਸੰਧੂ, ਸੋਹਣ ਸਿੰਘ ਢੰਡਾ ਅਤੇ ਡਾਕਟਰ ਕੁਲਵਿੰਦਰ ਜੰਡੋਲੀ ਨੇ ਦੱਸਿਆ ਕਿ ਇਸ ਵਾਰ ਵੀ ਦੇਸ਼ ਵਿਦੇਸ਼ ਦੀਆਂ ਸੰਗਤਾਂ ਵੱਡੀ ਗਿਣਤੀ ਵਿੱਚ ਕਾਂਸ਼ੀ ਬਨਾਰਸ ਸਤਿਗੁਰਾਂ ਦੇ ਜਨਮ ਅਸਥਾਨ ਵਿਖੇ ਪਹੁੰਚ ਰਹੀਆਂ ਹਨ। ਇਸ ਮੌਕੇ ਡੋਗਰ ਸੰਧੂ, ਪ੍ਰਕਾਸ਼ ਕੌਰ, ਹਰਮੇਸ਼ ਲਾਲ, ਹਰਮਿੰਦਰ ਕੌਰ, ਲਾਲ ਚੰਦ ਰਾਏ,ਨਿਰਮਲ ਰਾਏ, ਹਰਭਜਨ ਲਾਲ ਪਟੇਲ, ਸੋਹਣ ਲਾਲ ਢੰਡਾ, ਮਹਿੰਦਰ ਕੌਰ ਢੰਡਾ, ਹਰਭਜਨ ਸਿੰਘ ਦਦਰਾਲ, ਕ੍ਰਿਸ਼ਨਾ ਦੇਵੀ ਦਦਰਾਲ, ਭੋਲੀ ਦੇਵੀ, ਰਾਜ ਕੁਮਾਰ, ਹੁਸਨ ਲਾਲ ਆਦਿ ਹਾਜ਼ਰ ਸਨ।



## ਬੇਰਛਾ 'ਚ ਅੱਖਾਂ ਤੇ ਦੰਦਾਂ ਦਾ ਮੁਫ਼ਤ ਚੈੱਕਅੱਪ ਕੈਂਪ ਲਗਾਇਆ

**ਦਸੂਹਾ (ਕਰਨੈਲ ਮਾਂਗਟ)**- ਸੰਸਥਾ ਸੇਵ ਸ਼ਿਵਾਲਿਕ ਸੇਵ ਮਦਰ ਅਰਥ ਵੱਲੋਂ ਸਹਾਰਾ ਹੌਸਪੀਟਲ ਦਸੂਹਾ ਦੇ ਸਹਿਯੋਗ ਨਾਲ ਅੱਖਾਂ ਅਤੇ ਦੰਦਾਂ ਦਾ ਮੁਫ਼ਤ ਚੈਕਅੱਪ ਕੈਂਪ ਤੱਪ ਅਸਥਾਨ ਸੰਤ ਬਾਬਾ ਘੜਾ ਦਾਸ ਬੇਰਛਾ ਵਿਖੇ ਆਯੋਜਿਤ ਕੀਤਾ ਗਿਆ । ਇਸ ਕੈਂਪ ਦਾ ਮੁੱਖ ਮਕਸਦ ਸਮਾਜ ਦੇ ਹਰ ਵਰਗ ਤੱਕ ਸਿਹਤ ਸੇਵਾਵਾਂ ਪਹੁੰਚਾਉਣਾ ਅਤੇ ਲੋਕਾਂ ਨੂੰ ਆਪਣੀ ਸਿਹਤ ਪ੍ਰਤੀ ਜਾਗਰੂਕ ਕਰਨਾ ਸੀ। ਕੈਂਪ ਦੌਰਾਨ ਮਾਹਿਰ ਡਾਕਟਰਾਂ ਦੀ ਟੀਮ ਵੱਲੋਂ ਮਰੀਜ਼ਾਂ ਦੀ ਅੱਖਾਂ ਅਤੇ ਦੰਦਾਂ ਦੀ ਜਾਂਚ ਕੀਤੀ ਗਈ ਅਤੇ ਲੋੜਵੰਦ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਵੀ ਮੁਹੱਈਆ ਕਰਵਾਈਆਂ ਗਈਆਂ। ਕੈਂਪ ਵਿੱਚ ਵੱਡੀ ਗਿਣਤੀ 'ਚ ਵੱਖ-ਵੱਖ ਪਿੰਡਾਂ ਦੇ ਲੋਕਾਂ ਨੇ ਭਾਗ ਲਿਆ ਅਤੇ ਇਸ ਸਿਹਤ ਸੇਵਾ ਦਾ ਲਾਭ ਉਠਾਇਆ। ਇਸ ਮੌਕੇ ਸੰਸਥਾ ਦੇ ਪ੍ਰਧਾਨ ਗੁਰਕਿਰਪਾਲ ਬੋਦਲ ਨੇ ਕਿਹਾ ਕਿ ਸੇਵ ਸ਼ਿਵਾਲਿਕ ਸੇਵ ਮਦਰ ਅਰਥ ਸੰਸਥਾ ਵਾਤਾਵਰਣ ਸਬੰਧੀ ਕਾਰਜ ਦੇ ਨਾਲ਼ ਨਾਲ਼ ਸਮਾਜ ਭਲਾਈ ਦੇ ਕੰਮਾਂ ਲਈ ਵਚਨਬੱਧ ਹੈ ਅਤੇ ਭਵਿੱਖ ਵਿੱਚ ਇਸ ਤਰ੍ਹਾਂ ਦੇ ਹੋਰ ਵੀ ਮੁਫ਼ਤ ਮੈਡੀਕਲ ਕੈਂਪ ਲਗਾਏ ਜਾਣਗੇ। ਉਨ੍ਹਾਂ ਸਹਾਰਾ ਹੌਸਪੀਟਲ ਦੇ ਡਾ. ਰਣਬੀਰ ਸਿੰਘ ਅਤੇ ਉਨ੍ਹਾਂ ਦੀ ਟੀਮ ਦਾ ਧੰਨਵਾਦ ਕੀਤਾ। ਇਸ ਮੌਕੇ ਸੰਤ ਬਾਬਾ ਘੜਾ ਦਾਸ ਕਮੇਟੀ ਦਾ ਵਿਸ਼ੇਸ਼ ਸਹਿਯੋਗ ਰਿਹਾ ਅਤੇ ਕਮੇਟੀ ਵੱਲੋਂ ਆਈਆਂ ਹੋਈਆਂ ਸੰਗਤਾਂ ਲਈ ਚਾਹ ਪਕੌੜਿਆਂ ਦਾ ਲੰਗਰ ਵੀ ਲਗਾਇਆ । ਇਸ ਮੌਕੇ ਸੰਸਥਾ ਮੈਂਬਰਾਂ ਵਿੱਚੋਂ ਪ੍ਰੋ ਜਸਵੀਰ ਸਿੰਘ ਬੋਦਲ, ਗੁਰਿੰਦਰ ਸਫ਼ਰੀ, ਪ੍ਰਵੀਨ ਮਾਂਗਟ, ਰਣਜੀਤ ਸਿੰਘ, ਬਲਵਿੰਦਰ ਕੌਰ ਲੰਗਾਣਾ, ਜਸਵੀਰ ਸਿੰਘ , ਮਨਿੰਦਰ ਸਿੰਘ, ਕਮਲ ਨਰ, ਹਰਬੰਸ ਕੌਰ ਸਰਪੰਚ ਬੋਦਲ ਛਾਉਣੀ, ਲਵਦੀਪ ਸਿੰਘ ਮਿੱਠੂ, ਬਲਦੇਵ ਸਿੰਘ ਪੰਚ, ਹਰਜੀਤ ਕੌਰ ਪੰਚ, ਸੰਤੋਸ਼ ਕੌਰ ਪੰਚ, ਸੁਰਜੀਤ ਕੌਰ ਪੰਚ, ਮਨਜੀਤ ਸਿੰਘ ਪੰਚ, ਮਨਦੀਪ ਸਿੰਘ ਪ੍ਰਧਾਨ ਮੀਰੀ ਪੀਰੀ ਸੇਵਾ ਸੋਸਾਇਟੀ, ਪਰਮਜੀਤ ਸਿੰਘ ਘੁੰਮਣ, ਅਕਾਸ਼ਦੀਪ ਸਿੰਘ ਬੋਦਲ, ਐਡਵੋਕੇਟ ਰਮਨਪ੍ਰੀਤ ਸਿੰਘ, ਜਸਵਿੰਦਰ ਸਿੰਘ ਮਾਣਕੂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕੇ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ।



## ਸਾਲਾਨਾ ਖ਼ੂਨਦਾਨ ਕੈਂਪ 1 ਨੂੰ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਮੁੱਖਲਿਆਣਾ ਗੁਰਦੁਆਰਾ ਅੰਗੀਠਾ ਸਾਹਿਬ ਬ੍ਰਹਮ ਗਿਆਨੀ 108 ਸੰਤ ਬਾਬਾ ਉਦੈ ਸਿੰਘ ਦੀ ਸਲਾਨਾ 73ਵੀਂ ਬਰਸੀ ਮੌਕੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸਾਲਾਨਾ ਵਿਸ਼ਾਲ ਖ਼ੂਨਦਾਨ ਕੈਂਪ 1 ਫਰਵਰੀ ਨੂੰ ਲਗਾਇਆ ਜਾ ਰਿਹਾ ਹੈ। ਮੁੱਖ ਪ੍ਰਬੰਧਕ ਤੀਰਥ ਸਿੰਘ ਮੁੱਖਲਿਆਣਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਬ੍ਰਹਮ ਗਿਆਨੀ 108 ਸੰਤ ਬਾਬਾ ਉਦੈ ਸਿੰਘ ਜੀ ਦੀ ਸਲਾਨਾ 73ਵੀਂ ਬਰਸੀ ਮੌਕੇ ਸ਼ਹੀਦ ਭਗਤ ਸਿੰਘ ਯੁਵਕ ਸੇਵਾਵਾਂ ਮੁੱਖਲਿਆਣਾ, ਗਰੀਬ ਦਾ ਮੂੰਹ, ਗੁਰੂ ਦੀ ਗੋਲਕ ਸੰਸਥਾ ਅਜਨੋਹਾ ਦੇ ਸਹਿਯੋਗ ਨਾਲ ਖ਼ੂਨਦਾਨ ਕੈਂਪ 1 ਫਰਵਰੀ ਨੂੰ ਲਗਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਬਰਸੀਂ ਸਮਾਗਮ ਮੌਕੇ ਵਿਸ਼ਾਲ ਖ਼ੂਨਦਾਨ ਆਈ ਐਮ ਏ ਬਲੱਡ ਬੈਂਕ ਹੁਸ਼ਿਆਰਪੁਰ ਤੋਂ ਡਾਕਟਰਾਂ ਦੀ ਟੀਮ ਪੁੱਜ ਰਹੀ ਹੈ। ਇਸ ਮੌਕੇ ਪ੍ਰਬੰਧਕਾਂ ਨੇ ਸਮੂਹ ਇਲਾਕੇ ਦੇ ਵੀਰਾਂ ਅਤੇ ਭੈਣਾਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਇਸ ਵਿਸ਼ਾਲ ਖ਼ੂਨਦਾਨ ਕੈਂਪ ਵਿੱਚ ਖ਼ੂਨ ਦਾਨ ਕਰਨ ਲਈ ਬੇਨਤੀ ਕੀਤੀ।

## ਨਗਰ ਕੌਂਸਲ ਵੱਲੋਂ ਸਹਿਯੋਗ ਸੇਵਾ ਸੁਸਾਇਟੀ ਸਨਮਾਨਤ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਗੁਰੂ ਸਾਹਿਬਾਨ ਵੱਲੋਂ ਹਰੇਕ ਇਨਸਾਨ ਨੂੰ ਆਪਣੀ ਨੇਕ ਕਮਾਈ ਵਿਚੋਂ ਦਸਵੰਧ ਕੱਢ ਕੇ ਲੋੜਵੰਦਾਂ ਦੀ ਮਦਦ ਕਰਨ ਦੇ ਉਪਦੇਸ਼ 'ਤੇ ਅਮਲ ਕਰਦਿਆਂ ਸਹਿਯੋਗ ਸੇਵਾ ਸੁਸਾਇਟੀ ਦੇ ਮੈਂਬਰਾਂ ਵੱਲੋਂ ਪਿਛਲੇ ਸਾਲ ਤੋਂ ਜਨਹਿਤ ਉਪਰਾਲੇ ਕੀਤੇ ਜਾ ਰਹੇ ਹਨ। ਸੋਸਾਇਟੀ ਦੇ ਪ੍ਰੈਜ਼ੀਡੈਂਟ ਪ੍ਰਦੀਪ ਧੀਂਗੜਾ ਨੇ ਕਿਹਾ ਕਿ ਇਲਾਕੇ ਦੇ ਸਕੂਲਾਂ ਵਿੱਚ ਸੈਮੀਨਾਰ ਲਗਾ ਕੇ ਵਿਦਿਆਰਥੀਆਂ ਨੂੰ ਵਧੀਆ ਸਿੱਖਿਆ ਪ੍ਰਾਪਤ ਕਰਕੇ ਚੰਗੇ ਨਾਗਰਿਕ ਬਣਨ ਲਈ ਪ੍ਰੇਰਿਤ ਕੀਤਾ ਜਾਂਦਾ ਹੈ। ਸੁਸਾਇਟੀ ਦੇ ਚੇਅਰਮੈਨ ਪ੍ਰਦੀਪ ਜੋਸ਼ੀ ਨੇ ਕਿਹਾ ਕਿ ਸੁਸਾਇਟੀ ਵੱਲੋਂ ਹਰੇਕ ਮਹੀਨੇ ਅਤਿ ਲੋੜਵੰਦ 17 ਪਰਵਾਰਾਂ ਨੂੰ ਰਾਸ਼ਨ ਦਿੱਤਾ ਜਾਂਦਾ ਹੈ ਅਤੇ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੂੰ ਸਟੇਸ਼ਨਰੀ ਅਤੇ ਸਕੂਲ ਯੂਨੀਫ਼ਾਰਮ ਦਿੱਤੀਆਂ ਗਈਆਂ। ਸੁਸਾਇਟੀ ਦੇ ਲੋਕ ਭਲਾਈ ਕਾਰਜਾਂ ਨੂੰ ਮੱਦੇਨਜ਼ਰ ਰੱਖਦੇ ਹੋਏ ਨਗਰ ਕੌਂਸਲ ਨਵਾਂਸ਼ਹਿਰ ਵੱਲੋਂ ਗਣਤੰਤਰ ਦਿਵਸ ਮੌਕੇ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸੋਸਾਇਟੀ ਦੇ ਚੇਅਰਮੈਨ ਪ੍ਰਦੀਪ ਜੋਸ਼ੀ, ਪ੍ਰਧਾਨ ਪ੍ਰਦੀਪ ਧੀਂਗੜਾ, ਵਾਈਸ ਪ੍ਰਧਾਨ ਚੇਤਨ ਸ਼ਰਮਾ, ਜਨਰਲ ਸਕੱਤਰ ਮਨੀਸ਼ ਖੋਸਲਾ ਅਤੇ ਮੈਂਬਰ ਤਰਸੇਮ ਲਾਲ, ਰਿਦਮ ਅਰੋੜਾ, ਰਵੀ ਸ਼ੰਕਰ, ਸੁਰੇਸ਼ ਸ਼ਰਮਾ, ਵਿਨੋਦ ਹਾਂਡਾ ਨੇ ਇਹ ਸਨਮਾਨ ਚਿੰਨ੍ਹ ਨਗਰ ਕੌਂਸਲ ਪ੍ਰਧਾਨ ਬਲਵਿੰਦਰ ਕੌਰ ਤੋਂ ਪ੍ਰਾਪਤ ਕੀਤਾ। ਸੁਸਾਇਟੀ ਮੈਂਬਰ ਤਰਸੇਮ ਲਾਲ ਨੇ ਕਿਹਾ ਕਿ ਸਮਾਜ ਅਤੇ ਪ੍ਰਸ਼ਾਸਨ ਵਲੋਂ ਕੀਤੀ ਗਈ ਸ਼ਲਾਘਾ ਨਾਲ ਸੁਸਾਇਟੀ ਮੈਂਬਰਾਂ ਨੂੰ ਹੋਰ ਉਤਸ਼ਾਹ ਮਿਲਦਾ ਹੈ, ਆਉਣ ਵਾਲੇ ਸਮੇਂ ਵਿੱਚ ਵੀ ਸਮਾਜ ਭਲਾਈ ਲਈ ਉਪਰਾਲੇ ਕਰਦੇ ਰਹਾਂਗੇ।



## 'ਗੁਰੂ ਮੇਰਾ' ਧਾਰਮਿਕ ਗੀਤ ਰਿਲੀਜ਼



**ਅੱਡਾ ਸਰਾਂ (ਜਸਵੀਰ ਕਾਜਲ)**- ਡਾ. ਬੀ ਆਰ ਅੰਬੇਡਕਰ ਯੂਥ ਕਲੱਬ ਕੰਧਾਲਾ ਜੱਟਾਂ ਵੱਲੋਂ ਧੰਨ ਧੰਨ ਸਾਹਿਬ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 649ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗਾਇਕ ਸਨੰਦਨ ਤੇ ਲੇਖਕ ਰਾਜ ਕੁਮਾਰ ਦਾ ਧਾਰਮਿਕ ਗੀਤ ਗੁਰੂ ਮੇਰਾ ਰਿਲੀਜ਼ ਕੀਤਾ ਗਿਆ। ਇਸ ਮੌਕੇ ਬੋਲਦੇ ਹੋਏ ਕਲੱਬ ਪ੍ਰਧਾਨ ਜਸਵੀਰ ਸਿੰਘ ਲੱਕੀ ਨੇ ਗੁਰੂ ਰਵਿਦਾਸ ਜੀ ਨਾਮ ਲੇਵਾ ਸੰਗਤਾਂ ਨੂੰ ਪ੍ਰਕਾਸ਼ ਗੁਰਪੁਰਬ ਦੀਆਂ ਵਧਾਈਆਂ ਦਿੱਤੀਆਂ ਉੱਥੇ ਹੀ ਗਾਇਕ ਸਨੰਦਨ ਨੂੰ ਨਵੇਂ ਧਾਰਮਿਕ ਗੀਤ ਜੋ ਗੁਰੂ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਹੈ ਲਈ ਮੁਬਾਰਕਬਾਦ ਦਿੱਤੀ। ਗਾਇਕ ਸਨੰਦਨ ਨੇ ਆਪਣਾ ਧਾਰਮਿਕ ਟਰੈਕ ਸੰਗਤਾਂ ਵਿੱਚ ਗਾ ਕੇ ਸਾਂਝਾ ਕੀਤਾ।ਡਾਕਟਰ ਅੰਬੇਦਕਰ ਯੂਥ ਕਲੱਬ ਪ੍ਰਧਾਨ ਜਸਵੀਰ ਸਿੰਘ ਲੱਕੀ ,ਉਪ ਪ੍ਰਧਾਨ ਸੁਮਨਦੀਪ ਸਿੰਘ ਸ਼ੰਮੀ , ਕਲੱਬ ਸਰਪ੍ਰਸਤ ਚਰਨਜੀਤ ਸਿੰਘ ਪੜਬੱਗਾ, ਗਾਇਕ ਸਨੰਦਨ ਤੇ ਉਨਾਂ ਦੀ ਪੂਰੀ ਟੀਮ, ਕਲੱਬ ਮੈਂਬਰ ਅਮਰਜੀਤ ਸਿੰਘ ਹੀਰ, ਚਮਨਪ੍ਰੀਤ ਸਿੰਘ ਚਮਨ, ਅਮਰੀਕ ਮੀਕਾ, ਮਨਦੀਪ ਸਿੰਘ, ਭਜਨ ਸਿੰਘ, ਦਵਿੰਦਰ ਸਿੰਘ ਹੀਰ, ਭੁਪਿੰਦਰ ਸਿੰਘ,ਪਵਿੱਤਰ ਸਿੰਘ, ਗੁਰਦੇਵ ਸਿੰਘ ਅਮਨਦੀਪ ਸਿੰਘ, ਬਾਬਾ ਭਜਨ ਸਿੰਘ ਜਤਿੰਦਰ ਗੌਰੀ, ਸਤਿੰਦਰ ਸੋਨੀ, ਲਵਪ੍ਰੀਤ ਸਿੰਘ ਤੇ ਹੋਰ ਨਗਰ ਦੀਆਂ ਸੰਗਤਾਂ ਹਾਜ਼ਰ ਸਨ।

## ਗਣਤੰਤਰ ਦਿਵਸ ਮੌਕੇ ਜੁਆਇੰਟ ਐਕਸ਼ਨ ਕਮੇਟੀ ਮਾਡਲ ਟਾਊਨ ਸਨਮਾਨਤ



**ਜਲੰਧਰ (ਇਕਬਾਲ ਸਿੰਘ ਉਭੀ)**- ਜੁਆਇੰਟ ਐਕਸ਼ਨ ਕਮੇਟੀ ਮਾਡਲ ਟਾਊਨ ਜਲੰਧਰ ਵੱਲੋਂ ਪਿਛਲੇ ਸਮੇਂ ਤੋਂ ਸ਼ਹਿਰ ਨੂੰ ਸਾਫ਼ ਸੁਥਰਾ ਰੱਖਣ ਤੇ ਸਮਾਜ ਸੇਵੀ ਕੰਮਾਂ ਵਿੱਚ ਨਿਭਾਈਆਂ ਜਾ ਰਹੀਆਂ ਸੇਵਾਵਾਂ ਨੂੰ ਦੇਖਦੇ ਹੋਏ, ਵਰਿੰਦਰ ਮਲਿਕ ਚੇਅਰਮੇਨ ਤੇ ਜਸਵਿੰਦਰ ਸਿੰਘ ਸਾਹਨੀ ਪ੍ਰਧਾਨ ਨੂੰ ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿਖੇ ਬਰਿੰਦਰ ਕੁਮਾਰ ਗੋਇਲ ਖਣਨ ਤੇ ਭੂ-ਵਿਗਿਆਨ ,ਜਲ ਸਰੋਤ ਅਤੇ ਭੂਮੀ ਤੇ ਜਲ ਸੰਭਾਲ ਮੰਤਰੀ ਪੰਜਾਬ ਤੇ ਡਾ ਹਿਮਾਂਸ਼ੂ ਅਗਰਵਾਲ ਡਿਪਟੀ ਕਮਿਸ਼ਨਰ ਵੱਲੋਂ 77 ਵੇ ਗਣਤੰਤਰ ਦਿਵਸ ਦੇ ਮੌਕੇ ਕਰਵਾਏ ਗਏ ਸਮਾਗਮ ਦੌਰਾਨ ਸਨਮਾਨਤ ਕੀਤਾ ਗਿਆ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਕਮੇਟੀ ਮੈਂਬਰ ਸਵਤੰਤਰ ਚਾਵਲਾ ਨੇ ਦੱਸਿਆ ਕਿ ਐਕਸ਼ਨ ਕਮੇਟੀ ਵੱਲੋਂ ਸਮੇਂ ਸਮੇਂ ਸਿਰ ਇਲਾਕਾ ਵਾਸੀਆਂ ਦੀ ਸਹੂਲਤ ਲਈ ਕੰਮ ਕੀਤੇ ਜਾ ਰਹੇ ਹਨ । ਸ਼ਹਿਰ ਨੂੰ ਸਾਫ਼ ਸੁਥਰਾ ਅਤੇ ਹਰਿਆ ਭਰਿਆ ਰੱਖਣ ਲਈ ਅਹਿਮ ਭੂਮਿਕਾ ਨਿਭਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਸ਼ਹਿਰ ਵਾਸੀਆਂ ਲਈ ਸਭ ਤੋਂ ਵੱਡੀ ਸਮੱਸਿਆ ਸ਼ਮਸ਼ਾਨਘਾਟ ਨੇੜੇ ਕੂੜੇ ਦੇ ਢੇਰਾਂ ਨੂੰ ਹਟਵਾ ਕੇ ਲੰਬੇ ਸਮੇਂ ਤੋਂ ਚੱਲ ਰਹੀ ਸਮੱਸਿਆ ਦਾ ਹੱਲ ਕਰਵਾ ਕੇ ਆਸ ਪਾਸ ਦੇ ਇਲਾਕਿਆਂ ਨੂੰ ਸਾਫ਼ ਕਰਵਾਇਆ ਗਿਆ।ਇਸ ਮੌਕੇ ਜੁਆਇੰਟ ਐਕਸ਼ਨ ਕਮੇਟੀ ਮਾਡਲ ਟਾਊਨ ਤੋਂ ਸੁਨੀਲ ਚੋਪੜਾ, ਜਗਦੀਪ ਸਿੰਘ ਨੰਦਾ , ਲਲਿਤ ਮੋਹਨ ਤ੍ਰਿਖਾ, ਨਿਤਿਨ ਘਈ ਤੇ ਰੋਹਿਤ ਮਲਿਕ ਆਦਿ ਹਾਜ਼ਰ ਸਨ।

## ਕਮਲਾ ਨਹਿਰੂ ਕਾਲਜ ਫ਼ਾਰ ਵੂਮੈਨ 'ਚ ਰਾਸ਼ਟਰੀ ਵੋਟਰ ਦਿਵਸ ਮਨਾਇਆ

**ਫਗਵਾੜਾ (ਡਾ. ਰਮਨ)**- ਕਮਲਾ ਨਹਿਰੂ ਕਾਲਜ ਫ਼ਾਰ ਵੂਮੈਨ ਫਗਵਾੜਾ ਦੇ ਪ੍ਰਿੰਸੀਪਲ ਡਾ. ਸਵਿੰਦਰ ਪਾਲ ਦੀ ਸੁਯੋਗ ਅਗਵਾਈ ਹੇਠ ਐਨ ਐਸ ਐਸ ਯੂਨਿਟ, ਇਲੈਕਟੋਰਲ ਲਿਟਰੇਸੀ ਕਲੱਬ ਅਤੇ ਕਾਲਜ ਦੇ ਲੀਗਲ ਲਿਟਰੇਸੀ ਕਲੱਬ ਵੱਲੋਂ ਵਿਦਿਆਰਥੀਆਂ ਵਿੱਚ ਵੋਟਿੰਗ ਦੀ ਮਹੱਤਤਾ ਅਤੇ ਲੋਕਤੰਤਰੀ ਭਾਗੀਦਾਰੀ ਬਾਰੇ ਜਾਗਰੂਕਤਾ ਨੂੰ ਉਤਸ਼ਾਹਿਤ ਕਰਨ ਲਈ ਰਾਸ਼ਟਰੀ ਵੋਟਰ ਦਿਵਸ ਬਹੁਤ ਉਤਸ਼ਾਹ ਨਾਲ ਮਨਾਇਆ ਗਿਆ।ਇਸ ਪ੍ਰੋਗਰਾਮ ਵਿੱਚ ਤਿੰਨ ਪ੍ਰਮੁੱਖ ਗਤੀਵਿਧੀਆਂ ਸ਼ਾਮਲ ਸਨ। ਪ੍ਰੋਗਰਾਮ ਦੀ ਸ਼ੁਰੂਆਤ ਇੱਕ ਈ-ਪ੍ਰਤੀਬੱਧਤਾ ਨਾਲ ਹੋਈ, ਜਿੱਥੇ ਵਿਦਿਆਰਥੀਆਂ ਨੇ ਲੋਕਤੰਤਰ ਦੇ ਮੁੱਲਾਂ ਨੂੰ ਬਰਕਰਾਰ ਰੱਖਣ ਅਤੇ ਆਪਣੇ ਵੋਟਿੰਗ ਅਧਿਕਾਰਾਂ ਦੀ ਜ਼ਿੰਮੇਵਾਰੀ ਨਾਲ ਵਰਤੋਂ ਕਰਨ ਦਾ ਪ੍ਰਣ ਲਿਆ। ਇਸ ਤੋਂ ਬਾਅਦ ਡਾ. ਰਿੰਕਾ, ਲੀਗਲ ਲਿਟਰੇਸੀ ਕਲੱਬ ਇੰਚਾਰਜ ਦੁਆਰਾ ਇੱਕ ਜਾਗਰੂਕਤਾ ਭਾਸ਼ਣ ਦਿੱਤਾ ਗਿਆ। ਉਨ੍ਹਾਂ ਨੇ ਵੋਟਿੰਗ ਦੀ ਮਹੱਤਤਾ, ਚੋਣ ਅਧਿਕਾਰਾਂ, ਕਾਨੂੰਨੀ ਜ਼ਿੰਮੇਵਾਰੀਆਂ ਅਤੇ ਦੇਸ਼ ਦੇ ਲੋਕਤੰਤਰੀ ਢਾਂਚੇ ਨੂੰ ਮਜ਼ਬੂਤ ਕਰਨ ਵਿੱਚ ਨੌਜਵਾਨਾਂ ਦੀ ਸਰਗਰਮ ਭੂਮਿਕਾ 'ਤੇ ਜ਼ੋਰ ਦਿੱਤਾ। ਇਸ ਸਮਾਗਮ ਵਿੱਚ ਇੱਕ ਪੋਸਟਰ ਮੇਕਿੰਗ ਮੁਕਾਬਲਾ ਵੀ ਸ਼ਾਮਲ ਸੀ। ਲਗਭਗ 50 ਵਿਦਿਆਰਥੀਆਂ ਨੇ ਪ੍ਰੋਗਰਾਮ ਵਿੱਚ ਸਰਗਰਮੀ ਨਾਲ ਹਿੱਸਾ ਲਿਆ ।ਕਾਲਜ ਪ੍ਰਿੰਸੀਪਲ ਡਾ. ਸਵਿੰਦਰ ਪਾਲ ਨੇ ਲੀਗਲ ਲਿਟਰੇਸੀ ਕਲੱਬ ਇੰਚਾਰਜ ਡਾ. ਰਿੰਕਾ ਅਤੇ ਡਾ. ਕਮਲੇਸ਼, ਐਨ ਐਸ ਐਸ ਪ੍ਰੋਗਰਾਮ ਅਫਸਰ ਮੈਡਮ ਨਿਧੀ ਜੱਸਲ, ਡਾ. ਤਵੀਸ਼ਾ ਅਤੇ ਇਲੈਕਟੋਰਲ ਲਿਟਰੇਸੀ ਕਲੱਬ ਇੰਚਾਰਜ ਖੁਸ਼ੀ ਨੂੰ ਉਨ੍ਹਾਂ ਦੇ ਸਮਰਪਤ ਯਤਨਾਂ ਲਈ ਵਧਾਈ ਦਿੱਤੀ । ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਦੇਸ਼ ਦੇ ਭਵਿੱਖ ਲਈ ਸੂਚਿਤ, ਜਾਗਰੂਕ ਅਤੇ ਜ਼ਿੰਮੇਵਾਰ ਵੋਟਰਾਂ ਲਈ ਅਜਿਹੇ ਉਪਰਾਲੇ ਬਹੁਤ ਜ਼ਰੂਰੀ ਹਨ।




## ਬਸੰਤ ਪੰਚਮੀ ਦਾ ਤਿਉਹਾਰ ਮਨਾਇਆ




**ਲੋਹੀਆਂ ਖਾਸ, (ਯੋਗੇਸ਼ਵਰ)**- ਬੀ.ਕੇ ਇੰਟਰਨੈਸ਼ਨਲ ਕਾਨਵੈਂਟ ਸਕੂਲ 43ਤੇ ਬਾਬੇ ਕੇ ਸੀਨੀਅਰ ਸੈਕੰਡਰੀ ਸਕੂਲ, ਵਾੜਾ ਜੋਧ ਸਿੰਘ ਵਿਖੇ ਬਸੰਤ ਪੰਚਮੀ ਦਾ ਪਵਿੱਤਰ ਤਿਉਹਾਰ ਬਹੁਤ ਸ਼ਰਧਾ ਦੇ ਨਾਲ ਮਨਾਇਆ ਗਿਆ। ਵਿਜ਼ਡਮ ਹਾਊਸ ਵੱਲੋਂ ਆਯੋਜਿਤ ਵਿਸ਼ੇਸ਼ ਅਸੈਂਬਲੀ ਵਿੱਚ ਪੀਲੇ ਰੰਗ ਦੇ ਪਟਕੇ , ਦੁਪੱਟੇ ਨਾਲ ਸੱਜੇ ਵਿਦਿਆਰਥੀਆਂ ਅਤੇ ਅਧਿਆਪਕਾਂ ਵੱਲੋਂ ਵਿਦਿਆ ਦੀ ਦੇਵੀ ਮਾਂ ਸਰਸਵਤੀ ਨੂੰ ਫੁੱਲ ਅਰਪਿਤ ਕਰਕੇ ਪੂਜਾ ਕੀਤੀ ਗਈ। ਜਸਬੀਰ ਕੌਰ ਵੱਲੋਂ ਬਸੰਤ ਪੰਚਮੀ ਦੇ ਤਿਉਹਾਰ ਦੇ ਮਹੱਤਵ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਸਕੂਲ ਦੇ ਐਮ ਡੀ ਸੱਦਾਮ ਖਾਨ, ਡਿਪਟੀ ਡਾਇਰੈਕਟਰ ਸਰਗਮ ਥਿੰਦ ,ਪ੍ਰਿੰਸੀਪਲ ਸ਼੍ਰੀਮਤੀ ਨੀਤੀਮਾ ਵੱਲੋਂ ਮਾਂ ਸਰਸਵਤੀ ਅੱਗੇ ਸਾਰੇ ਵਿਦਿਆਰਥੀਆਂ ਨੂੰ ਵਿਦਿਆ, ਸਦਬੁੱਧੀ ਤੇ ਪ੍ਰੀਖਿਆ ਵਿੱਚ ਵਧੀਆ ਪ੍ਰਦਰਸ਼ਨ ਦਾ ਅਸ਼ੀਰਵਾਦ ਦੇਣ ਲਈ ਅਰਦਾਸ ਕੀਤੀ ਗਈ।



ਬਲਜੀਤ ਸਿੰਘ ਕੁਲਾਰ (ਜੀ ਟੀ ਯੂ ਪੰਜਾਬ) ਹੈੱਡ ਟੀਚਰ ਸਰਕਾਰੀ ਪ੍ਰਾਇਮਰੀ ਸਕੂਲ ਕੰਗ ਸਾਹਿਬ ਰਾਏ,ਜਿਨ੍ਹਾਂ ਦੀਆਂ ਅਨੇਕ ਗਤੀਵਿਧੀਆਂ ਸ਼ਲਾਘਾਯੋਗ ਹਨ, ਨੂੰ ਗਣਤੰਤਰ ਦਿਵਸ ਦੇ ਮੌਕੇ ਵਿਸ਼ੇਸ਼ ਤੌਰ 'ਤੇ ਨਕੋਦਰ ਵਿਖੇ ਐੱਸ ਡੀ ਐੱਮ ਲਾਲ ਵਿਸ਼ਵਾਸ ਤੇ ਸਮੂਹ ਮਾਣਯੋਗ ਸ਼ਖ਼ਸੀਅਤਾਂ ਵੱਲੋਂ ਸਨਮਾਨਤ ਕੀਤਾ ਗਿਆ। (ਫੋਟੋ ਤੇ ਵੇਰਵਾ : ਮਨਜੀਤ ਮਾਨ, ਨਕੋਦਰ)



**ਜਲੰਧਰ** : ਪਿੰਡ ਵਜ਼ੀਰ ਭੁੱਲਰ (ਅੰਮ੍ਰਿਤਸਰ) ਵਿਖੇ 'ਮੁੱਖ ਮੰਤਰੀ ਸਿਹਤ ਬੀਮਾ ਕਾਰਡ' ਯੋਜਨਾ ਤਹਿਤ ਪਿੰਡ ਦੇ ਵਸਨੀਕਾਂ ਦੀ ਰਜਿਸਟਰੇਸ਼ਨ ਕਰਦੇ ਹੋਏ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਬਲਵਿੰਦਰ ਸਿੰਘ ਭੁੱਲਰ ਕੋਲਕਾਤਾ, ਭਗਵੰਤ ਸਿੰਘ, ਲਵਦੀਪ ਸਿੰਘ ਤੇ ਹੋਰ।



ਪ੍ਰਕਾਰ ਫਾਊਂਡੇਸ਼ਨ ਦੇ ਪੰਜਾਬ ਪ੍ਰਧਾਨ ਠੇਕੇਦਾਰ ਗੁਰਜਿੰਦਰ ਸਿੰਘ ਦੌਲਤਪੁਰ ਦਾ ਗਣਤੰਤਰ ਦਿਵਸ ਸਮਾਰੋਹ ਮੌਕੇ ਵਧੀਆ ਕੰਮਾਂ ਲਈ ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ ਵਿਸ਼ੇਸ਼ ਸਨਮਾਨ ਕਰਦੇ ਹੋਏ।
(ਫੋਟੋ ਤੇ ਵੇਰਵਾ : ਕੁਲਵਿੰਦਰ ਸਿੰਘ ਦੁਰਗਾਪੁਰੀਆ, ਨਵਾਂਸ਼ਹਿਰ)

## ਦਸਵੀਂ ਦਾ ਦਿਹਾੜਾ ਸ਼ਰਧਾ ਭਾਵਨਾ ਨਾਲ ਮਨਾਇਆ

**ਐਸ ਏ ਐਸ ਨਗਰ (ਗੁਰਜੀਤ ਬਿੱਲਾ)**- ਧੰਨ ਧੰਨ ਅਮਰ ਸ਼ਹੀਦ ਜਥੇਦਾਰ ਬਾਬਾ ਹਨੂੰਮਾਨ ਸਿੰਘ ਜੀ ਦੇ ਸ਼ਹੀਦੀ ਅਸਥਾਨ ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਵਿਖੇ ਦਸਵੀਂ ਦਾ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ । ਭਾਈ ਓਂਕਾਰ ਸਿੰਘ ਹੁਸ਼ਿਆਰਪੁਰ ਦੇ ਇੰਟਰਨੈਸ਼ਨਲ ਢਾਡੀ ਜਥੇ ਨੇ ਧੰਨ ਧੰਨ ਅਮਰ ਸ਼ਹੀਦ ਜਥੇਦਾਰ ਬਾਬਾ ਦੀਪ ਸਿੰਘ ਜੀ ਦੇ ਜੀਵਨ ਬ੍ਰਿਤਾਂਤ ਬਾਰੇ ਸੰਗਤਾਂ ਨੂੰ ਜਾਣੂ ਕਰਵਾਇਆ। ਭਾਈ ਸ਼ੌਕੀਨ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲਿਆਂ ਨੇ ਰਸਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਨਾਲ ਜੋੜਨ ਦਾ ਉਪਰਾਲਾ ਕੀਤਾ। ਸ਼੍ਰੋਮਣੀ ਪ੍ਰਚਾਰਕ ਭਾਈ ਸਾਹਿਬ ਸਿੰਘ ਗੁਰਦੁਆਰਾ ਮੰਜੀ ਸਾਹਿਬ, ਕੈਥਲ ਵਾਲਿਆਂ ਨੇ ਆਪਣੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਬਾਬਾ ਬੁੱਢਾ ਜੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਕਰਵਾਉਣ ਬਾਰੇ ਦੱਸਿਆ। ਭਾਈ ਜਤਿੰਦਰ ਸਿੰਘ ਦਮਦਮੀ ਟਕਸਾਲ ਵਾਲਿਆਂ ਨੇ ਸੰਗਤਾਂ ਨੂੰ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣਨ ਲਈ ਪ੍ਰੇਰਿਆ। ਇਸ ਤੋਂ ਇਲਾਵਾ ਭਾਈ ਗੁਰਦਿਆਲ ਸਿੰਘ ਦਾ ਇੰਟਰਨੈਸ਼ਨਲ ਢਾਡੀ ਜੱਥਾ, ਭਾਈ ਇੰਦਰ ਸਿੰਘ ਹਜ਼ੂਰੀ ਰਾਗੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਬੀਬੀ ਮਨੂੰਪ੍ਰੀਆ ਕੌਰ ਦਿੱਲੀ ਵਾਲੇ, ਸੰਤ ਬਾਬਾ ਹਰਵਿੰਦਰ ਸਿੰਘ, ਸ਼੍ਰੋਮਣੀ ਪ੍ਰਚਾਰਕ ਭਾਈ ਜਰਨੈਲ ਸਿੰਘ ਲੁਧਿਆਣੇ ਵਾਲੇ, ਭਾਈ ਸੰਦੀਪ ਸਿੰਘ ਅਨੰਦਪੁਰ ਸਾਹਿਬ ਵਾਲੇ, ਭਾਈ ਗੁਰਦੀਪ ਸਿੰਘ, ਭਾਈ ਗੁਰਿੰਦਰ ਸਿੰਘ ਦੇ ਜੱਥਿਆਂ ਤੋਂ ਇਲਾਵਾ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਹਜ਼ੂਰੀ ਜੱਥੇ ਭਾਈ ਇੰਦਰਜੀਤ ਸਿੰਘ, ਭਾਈ ਹਰਬਖਸ਼ ਸਿੰਘ, ਭਾਈ ਗੁਰਮੀਤ ਸਿੰਘ ਅਤੇ ਭਾਈ ਜਸਵੰਤ ਸਿੰਘ ਨੇ ਕਥਾ, ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ । ਸਾਰੇ ਜੱਥਿਆਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਦਸਵੀਂ ਦੇ ਦਿਹਾੜੇ ਤੇ ਹਜ਼ਾਰਾਂ ਸੰਗਤਾਂ ਨੇ ਇਸ ਸਥਾਨ ਦੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕੀਤਾ । ਮਾਹਿਰ ਡਾਕਟਰਾਂ ਵੱਲੋਂ ਮਰੀਜ਼ਾਂ ਦਾ ਮੁਆਇਨਾ ਕੀਤਾ ਗਿਆ ਅਤੇ ਦਵਾਈ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਿੱਤੀ ਗਈ । ਇਸ ਦਿਨ ਅੰਮ੍ਰਿਤ ਸੰਚਾਰ ਵਿੱਚ ਵੱਡੀ ਗਿਣਤੀ ਵਿੱਚ ਪ੍ਰਾਣੀ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ ।



## ਸੰਘਵਾਲ ਵਿਖੇ ਪ੍ਰਕਾਸ਼ ਪੁਰਬ 'ਤੇ ਨਗਰ ਕੀਰਤਨ ਸਜਾਇਆ

**ਕਿਸ਼ਨਗੜ (ਸੁਖਜੀਤ ਕੁਮਾਰ)**- ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ 649ਵੇਂ ਪ੍ਰਕਾਸ਼ ਪੁਰਬ ਦੇ ਸੰਬੰਧ 'ਚ ਗੁਰਦੁਆਰਾ ਪ੍ਰਬੰਧਕ ਕਮੇਟੀ, ਸਮੂਹ ਨਗਰ ਨਿਵਾਸੀਆਂ ਅਤੇ ਗ੍ਰਾਮ ਪੰਚਾਇਤ ਦੇ ਸਹਿਯੋਗ ਨਾਲ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਨਗਰ ਕੀਰਤਨ ਗੁਰਦੁਆਰਾ ਸਾਹਿਬ ਤੋਂ ਸਵੇਰੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੀ ਆਰਤੀ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਉਪਰੰਤ ਸ਼ੁਰੂ ਹੋਇਆ। ਨਗਰ ਕੀਰਤਨ ਆਪਣੇ ਪਹਿਲੇ ਪੜਾਅ ਵਿੱਚ ਡਾ.ਸੁਰਿੰਦਰ ਕੁਮਾਰ ਮੰਨਣ ਅਤੇ ਸਾਥੀਆਂ ਵੱਲੋਂ ਲਗਾਏ ਗਏ ਲੰਗਰ ਵਿੱਚ ਪਹੁੰਚਿਆ। ਨਗਰ ਕੀਰਤਨ ਪੜਾਅ ਕਰਦਾ ਹੋਇਆ ਗੁਰਦੁਆਰਾ ਸਾਹਿਬ ਸਿੰਘ ਸਭਾ ਵਿਖੇ ਪਹੁੰਚਿਆ, ਜਿੱਥੇ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੀ ਪਾਲਕੀ 'ਤੇ ਰੁਮਾਲਾ ਸਾਹਿਬ ਚੜ੍ਹਾਏ ਗਏ ਅਤੇ ਪ੍ਰਬੰਧਕ ਕਮੇਟੀ ਨੂੰ ਸਿਰੋਪਾਓ ਦੇ ਕੀ ਸਨਮਾਨਤ ਕੀਤਾ ਗਿਆ ਤੇ ਸੰਗਤਾਂ ਲਈ ਫਲ ਫਰੂਟ ਦੇ ਲੰਗਰ ਲਗਾਏ ਗਏ। ਇਸ ਉਪਰੰਤ ਨਗਰ ਕੀਰਤਨ ਗੁਰਦੁਆਰਾ ਰਾਮ ਜੋਗੀ ਪੀਰ ਚਾਹਲ ਵਿਖੇ ਪਹੁੰਚਿਆ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਲਈ ਲੰਗਰ ਵਰਤਾਏ ਗਏ। ਨਗਰ ਕੀਰਤਨ ਗੁਰਦੁਆਰਾ ਸਾਹਿਬ ਤੋਂ ਵਾਪਸੀ ਮੌਕੇ ਆਪਣੇ ਵੱਖ-ਵੱਖ ਪੜਾਅ ਕਰਦਾ ਹੋਇਆ ਸਰਬੱਤ ਦੇ ਭਲੇ ਦੀ ਅਰਦਾਸ ਉਪਰੰਤ ਗੁਰਦੁਆਰਾ ਸਾਹਿਬ ਵਿਖੇ ਸਮਾਪਤ ਹੋਇਆ! ਪਿੰਡ ਦੀਆਂ ਸੰਗਤਾਂ ਵੱਲੋਂ ਵੀ ਨਗਰ ਕੀਰਤਨ ਦੇ ਰਸਤੇ ਵਿੱਚ ਵੱਖ ਵੱਖ ਤਰ੍ਹਾਂ ਦੇ ਪਕਵਾਨਾਂ ਦੀ ਲੰਗਰ ਲਗਾਏ ਗਏ ਸਨ। ਇਸ ਮੌਕੇ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਸ਼ੋਕ ਕੁਮਾਰ, ਮੁੱਖ ਸਲਾਹਕਾਰ ਬੂਟਾ ਸਿੰਘ, ਸਕੱਤਰ ਸੱਤਿਆਪਾਲ, ਉਪ ਸਕੱਤਰ ਜਗਦੀਸ਼ ਰਾਮ, ਖਜ਼ਾਨਚੀ ਸਤਪਾਲ, ਖਜ਼ਾਨਚੀ ਰਜਿੰਦਰ ਪਾਲ, ਉਪ ਪ੍ਰਧਾਨ ਰਾਜੇਸ਼ ਚੌਹਾਨ, ਮੁੱਖ ਸਲਾਹਕਾਰ ਦਿਲਬਾਗ ਸਿੰਘ, ਬਲਵੀਰ ਸਿੰਘ, ਰਵੀ ਕੁਮਾਰ ਤੋਂ ਇਲਾਵਾ ਸਰਪੰਚ ਪ੍ਰਵੀਨ ਕੁਮਾਰੀ, ਸੇਵਾ ਮੁਕਤ ਇੰਸਪੈਕਟਰ ਮਝੈਲ ਰਾਮ, ਓਂਕਾਰ ਸਿੰਘ ਫੌਜੀ, ਦਾਤਾਰ ਸਿੰਘ ਕੈਨੇਡਾ, ਪ੍ਰੋਫੈਸਰ ਕਮਲਜੀਤ ਲਾਲ, ਡਾ. ਸੁਰਿੰਦਰ ਕੁਮਾਰ, ਉੱਤਮ ਸਿੰਘ, ਗੁਰਮੀਤ ਰਾਮ, ਨੰਬਰਦਾਰ ਜੋਰਾਵਰ ਸਿੰਘ, ਸਾਬਕਾ ਸਰਪੰਚ ਭਾਗ ਰਾਮ, ਸਾਬਕਾ ਸਰਪੰਚ ਗੁਰਦੀਪ ਸਿੰਘ, ਅਮਨ ਚੌਹਾਨ, ਸੌਰਵ ਕੁਮਾਰ, ਜੀਵਨ ਰਾਮ ਚੌਹਾਨ, ਸ਼ੰਕਰ ਦਾਸ ਬੱਧਣ, ਓਂਕਾਰ ਸਿੰਘ ਬੱਧਣ, ਰਮਿੰਦਰ ਸਿੰਘ ਹੀਰਾ, ਸੇਵਾ ਮੁਕਤ ਸੂਬੇਦਾਰ ਦਰਸ਼ਨ ਸਿੰਘ, ਫੌਜੀ ਜਸਪਾਲ ਸਿੰਘ, ਮਹਿੰਦਰ ਸਿੰਘ, ਇਕਬਾਲ ਸਿੰਘ, ਅਵਤਾਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡ ਦੀ ਸੰਗਤ ਹਾਜ਼ਰ ਸੀ।

